21-APRIL-PAGE-1.qxd 4/20/2023 10:03 PM Page 1

ਸ਼ੁੱਕਰਵਾਰ, 21 ਅਪ੍ਰੈਲ, 2023
8 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 320

# ਨਵਾਂ ਜ਼ਮਾਨਾ

DAILY NAWAN ZAMANA • FRIDAY, 21 APRIL, 2023
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਅਡਾਨੀ ਦੀ ਪਵਾਰ ਨਾਲ ਮੁਲਾਕਾਤ



**ਮੁੰਬਈ :** ਉਦਯੋਗਪਤੀ ਗੌਤਮ ਅਡਾਨੀ ਨੇ ਵੀਰਵਾਰ ਇਥੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਮੁਖੀ ਸ਼ਰਦ ਪਵਾਰ ਨਾਲ ਉਨ੍ਹਾ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਇਹ ਮੁਲਾਕਾਤ ਪਵਾਰ ਦੇ ਹਾਲ ਹੀ ਦੇ ਇਸ ਬਿਆਨ ਤੋਂ ਬਾਅਦ ਹੋਈ ਹੈ ਕਿ ਉਹ ਹਿੰਡਨਬਰਗ ਰਿਸਰਚ ਦੁਆਰਾ ਅਡਾਨੀ ਸਮੂਹ 'ਤੇ ਲਗਾਏ ਗਏ ਦੋਸ਼ਾਂ ਦੀ ਸਾਂਝੀ ਸੰਸਦੀ ਕਮੇਟੀ ਤੋਂ ਜਾਂਚ ਕਰਾਉਣ ਦੇ ਵਿਰੁੱਧ ਨਹੀਂ ਹਨ, ਪਰ ਸੁਪਰੀਮ ਕੋਰਟ ਦੀ ਕਮੇਟੀ ਦੀ ਜਾਂਚ ਵਧੇਰੇ ਉਪਯੋਗੀ ਅਤੇ ਪ੍ਰਭਾਵਸ਼ਾਲੀ ਹੋਵੇਗੀ।

## ਬਾਦਲ ਆਈ ਸੀ ਯੂ 'ਚ ਸ਼ਿਫਟ



**ਮੁਹਾਲੀ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਬੀਅਤ ਅਚਾਨਕ ਖਰਾਬ ਹੋਣ 'ਤੇ ਉਨ੍ਹਾ ਨੂੰ ਇੱਥੋਂ ਦੇ ਫੋਰਟਿਸ ਹਸਪਤਾਲ ਦੇ ਆਈ ਸੀ ਯੂ ਵਾਰਡ 'ਚ ਦਾਖਲ ਕੀਤਾ ਗਿਆ ਹੈ। ਵੀਰਵਾਰ ਉਨ੍ਹਾ ਦੀ ਤਬੀਅਤ ਮੁੜ ਵਿਗੜ ਗਈ, ਜਿਸ ਕਾਰਨ ਉਨ੍ਹਾ ਨੂੰ ਪ੍ਰਾਈਵੇਟ ਵਾਰਡ 'ਚੋਂ ਆਈ ਸੀ ਯੂ 'ਚ ਸ਼ਿਫਟ ਕਰਨਾ ਪਿਆ।

## ਸਾਂਝੀ ਦਾਖਲਾ ਪ੍ਰੀਖਿਆ 5 ਜੂਨ ਤੋਂ

**ਨਵੀਂ ਦਿੱਲੀ :** ਕੌਮੀ ਪ੍ਰੀਖਿਆ ਏਜੰਸੀ (ਐੱਨ ਟੀ ਏ) ਨੇ ਵੀਰਵਾਰ ਐਲਾਨਿਆ ਕਿ ਸਾਂਝੀ ਯੂਨੀਵਰਸਿਟੀ ਦਾਖਲਾ ਪ੍ਰੀਖਿਆ (ਸੀ ਯੂ ਈ ਟੀ)-ਪੀ ਜੀ 5 ਤੋਂ 12 ਜੂਨ ਤੱਕ ਕਰਵਾਈ ਜਾਵੇਗੀ।

## ਅੰਮ੍ਰਿਤਪਾਲ ਦੀ ਪਤਨੀ ਨੂੰ ਇੰਗਲੈਂਡ ਜਾਣ ਤੋਂ ਰੋਕਿਆ

**ਅੰਮ੍ਰਿਤਸਰ :** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਖੁਦਸਾਖਤਾ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਵੀਰਵਾਰ ਇਥੇ ਹਵਾਈ ਅੱਡੇ ਤੋਂ ਪੁੱਛ-ਪੜਤਾਲ ਮਗਰੋਂ ਜੱਦੀ ਪਿੰਡ ਜੱਲੂਪੁਰ ਖੇੜਾ ਵਾਪਸ ਭੇਜ ਦਿੱਤਾ ਗਿਆ। ਉਸ ਨੂੰ ਬਿਨਾਂ ਪ੍ਰਵਾਨਗੀ ਭਾਰਤ ਨਾ ਛੱਡਣ ਲਈ ਕਿਹਾ ਗਿਆ ਹੈ। ਉਹ ਬਰਤਾਨੀਆ ਜਾਣ ਵਾਸਤੇ ਹਵਾਈ ਅੱਡੇ 'ਤੇ ਪੁੱਜੀ ਸੀ ਅਤੇ ਉਸ ਨੇ ਏਅਰ ਇੰਡੀਆ ਦੀ ਉਡਾਣ ਰਾਹੀਂ ਰਵਾਨਾ ਹੋਣਾ ਸੀ, ਪਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਰੋਕ ਲਿਆ। ਬਾਅਦ 'ਚ ਪੁਲਸ ਵੱਲੋਂ ਤਿੰਨ ਘੰਟੇ ਦੀ ਪੁੱਛ-ਪੜਤਾਲ ਮਗਰੋਂ ਵਾਪਸ ਘਰ ਭੇਜ ਦਿੱਤਾ ਗਿਆ।

## ਵਕੀਲ ਕੰਮ ਠੱਪ ਨਹੀਂ ਕਰ ਸਕਦੇ : ਸੁਪਰੀਮ ਕੋਰਟ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਵੀਰਵਾਰ ਕਿਹਾ ਕਿ ਵਕੀਲ ਹੜਤਾਲ 'ਤੇ ਨਹੀਂ ਜਾ ਸਕਦੇ ਤੇ ਕੰਮ ਬੰਦ ਨਹੀਂ ਕਰ ਸਕਦੇ। ਉਸ ਨੇ ਸਾਰੀਆਂ ਹਾਈ ਕੋਰਟਾਂ ਦੇ ਚੀਫ ਜਸਟਿਸਾਂ ਦੀ ਅਗਵਾਈ 'ਚ ਸ਼ਿਕਾਇਤ ਨਿਵਾਰਨ ਕਮੇਟੀ ਕਾਇਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੁਪਰੀਮ ਕੋਰਟ ਨੇ ਵਕੀਲਾਂ ਦੀਆਂ ਮੂਲ ਸਮੱਸਿਆਵਾਂ ਦੇ ਹੱਲ ਲਈ ਜ਼ਿਲ੍ਹਾ ਅਦਾਲਤਾਂ ਦੇ ਪੱਧਰ 'ਤੇ ਵੱਖਰੇ ਸ਼ਿਕਾਇਤ ਨਿਵਾਰਨ ਸੈੱਲ ਸਥਾਪਤ ਕਰਨ ਦੇ ਵੀ ਨਿਰਦੇਸ਼ ਦਿੱਤੇ ਹਨ।

## ਬਿਲਾਵਲ ਭਾਰਤ ਆਉਣਗੇ



**ਇਸਲਾਮਾਬਾਦ :** ਪਾਕਿਸਤਾਨ ਨੇ ਵੀਰਵਾਰ ਐਲਾਨਿਆ ਕਿ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਅਗਲੇ ਮਹੀਨੇ ਭਾਰਤ 'ਚ ਹੋਣ ਵਾਲੀ ਸ਼ੰਘਾਈ ਸਹਿਯੋਗ ਸੰਗਠਨ (ਐੱਸ ਸੀ ਓ) ਦੀ ਮੀਟਿੰਗ 'ਚ ਸ਼ਾਮਲ ਹੋਣਗੇ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਮਤਾਜ਼ ਜ਼ਹਰਾ ਬਲੋਚ ਨੇ ਕਿਹਾ-ਬਿਲਾਵਲ ਭੁੱਟੋ ਜ਼ਰਦਾਰੀ ਭਾਰਤ ਦੇ ਗੋਆ 'ਚ 4-5 ਮਈ ਨੂੰ ਹੋਣ ਵਾਲੀ ਐੱਸ ਸੀ ਓ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ 'ਚ ਪਾਕਿਸਤਾਨ ਦੇ ਵਫਦ ਦੀ ਅਗਵਾਈ ਕਰਨਗੇ।

## ਭਾਰਤੀ ਇੰਜੀਨੀਅਰ ਦੀ ਲਾਸ਼ ਮਿਲੀ

**ਨਿਊਯਾਰਕ :** ਪੁਲਸ ਨੇ ਦੱਸਿਆ ਹੈ ਕਿ 9 ਅਪਰੈਲ ਨੂੰ ਲਾਪਤਾ ਹੋਏ 30 ਸਾਲਾ ਭਾਰਤੀ ਅਮਰੀਕੀ ਸਾਫਟਵੇਅਰ ਇੰਜੀਨੀਅਰ ਅੰਕਿਤ ਬਾਗਈ ਦੀ ਲਾਸ਼ ਮੈਰੀਲੈਂਡ ਦੀ ਛੋਟੀ ਝੀਲ ਤੋਂ ਬਰਾਮਦ ਕੀਤੀ ਗਈ ਹੈ।

## ਕੋਰੋਨਾ ਨਾਲ ਇਕ ਦਿਨ 'ਚ 40 ਮੌਤਾਂ

**ਨਵੀਂ ਦਿੱਲੀ :** ਇਕ ਦਿਨ ਵਿਚ ਕੋਰੋਨਾ ਦੇ 12,591 ਨਵੇਂ ਮਾਮਲਿਆਂ ਤੋਂ ਬਾਅਦ ਦੇਸ਼ ਵਿਚ ਮਰੀਜ਼ਾਂ ਦੀ ਗਿਣਤੀ 4.48 ਕਰੋੜ ਹੋ ਗਈ। ਇਹ ਪਿਛਲੇ ਅੱਠ ਮਹੀਨਿਆਂ 'ਚ ਰੋਜ਼ਾਨਾ ਰਿਪੋਰਟ ਕੀਤੇ ਗਏ ਮਾਮਲਿਆਂ ਦੀ ਸਭ ਤੋਂ ਵੱਧ ਗਿਣਤੀ ਹੈ। ਇਸ ਦੇ ਨਾਲ ਹੀ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ 65,286 ਹੋ ਗਈ ਹੈ। 40 ਮਰੀਜ਼ਾਂ ਦੀ ਮੌਤ ਤੋਂ ਬਾਅਦ ਜਾਨ ਗੁਆਉਣ ਵਾਲੇ ਵਿਅਕਤੀਆਂ ਦੀ ਗਿਣਤੀ 5,31,230 ਹੋ ਗਈ ਹੈ।

## ਯਮਨ 'ਚ ਭਗਦੜ, 78 ਮੌਤਾਂ

**ਸਨਾ :** ਯਮਨ ਦੀ ਰਾਜਧਾਨੀ ਸਨਾ ਵਿਚ ਮੁਸਲਮਾਨਾਂ ਦੇ ਪਵਿੱਤਰ ਰਮਜ਼ਾਨ ਮਹੀਨੇ ਦੌਰਾਨ ਵਿੱਤੀ ਸਹਾਇਤਾ ਵੰਡਣ ਦੇ ਸਮਾਗਮ ਵਿਚ ਬੁੱਧਵਾਰ ਦੇਰ ਰਾਤ ਮਚੀ ਭਗਦੜ ਕਾਰਨ 78 ਵਿਅਕਤੀਆਂ ਦੀ ਮੌਤ ਹੋ ਗਈ ਅਤੇ 73 ਜ਼ਖਮੀ ਹੋ ਗਏ। ਹਥਿਆਰਬੰਦ ਹੂਤੀ ਬਾਗੀਆਂ ਨੇ ਭੀੜ 'ਤੇ ਕਾਬੂ ਪਾਉਣ ਲਈ ਹਵਾ 'ਚ ਗੋਲੀਬਾਰੀ ਕੀਤੀ, ਜੋ ਬਿਜਲੀ ਦੀ ਲਾਈਨ ਨਾਲ ਟਕਰਾਅ ਗਈ ਅਤੇ ਧਮਾਕਾ ਹੋ ਗਿਆ। ਇਸ ਕਾਰਨ ਲੋਕ ਘਬਰਾ ਗਏ ਅਤੇ ਭਗਦੜ ਮਚ ਗਈ।

# ਨਰੋਦਾ ਕਤਲੇਆਮ 'ਚ ਸਾਬਕਾ ਭਾਜਪਾ ਮੰਤਰੀ ਸਣੇ ਸਾਰੇ ਬਰੀ

**ਅਹਿਮਦਾਬਾਦ :** ਵਿਸ਼ੇਸ਼ ਅਦਾਲਤ ਦੇ ਜੱਜ ਐੱਸ ਕੇ ਬਖਸ਼ੀ ਨੇ ਗੁਜਰਾਤ ਦੰਗਿਆਂ ਦੌਰਾਨ ਵਾਪਰੇ ਨਰੋਦਾ ਕਾਂਡ ਦੇ ਸਾਰੇ ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਦੱਸਦੇ ਹੋਏ ਵੀਰਵਾਰ ਬਰੀ ਕਰ ਦਿੱਤਾ। 28 ਫਰਵਰੀ 2002 ਨੂੰ ਅਹਿਮਦਾਬਾਦ ਸ਼ਹਿਰ ਕੋਲ ਨਰੋਦਾ 'ਚ ਫਿਰਕੂ ਹਿੰਸਾ 'ਚ 11 ਲੋਕ ਮਾਰੇ ਗਏ ਸਨ। ਮਾਮਲੇ ਵਿਚ ਗੁਜਰਾਤ ਦੀ ਸਾਬਕਾ ਮੰਤਰੀ ਤੇ ਭਾਜਪਾ ਆਗੂ ਮਾਇਆ ਕੋਡਨਾਨੀ, ਬਜਰੰਗ ਦਲ ਦੇ ਆਗੂ ਬਾਬੂ ਬਜਰੰਗੀ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਜੈਦੀਪ ਪਟੇਲ ਸਣੇ 86 ਲੋਕਾਂ ਖਿਲਾਫ ਕੇਸ ਦਰਜ ਹੋਇਆ ਸੀ। ਇਨ੍ਹਾਂ ਵਿੱਚੋਂ 18 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਾਰੇ ਮੁਲਜ਼ਮ ਫਿਲਹਾਲ ਜ਼ਮਾਨਤ 'ਤੇ ਸਨ। ਲਗਭਗ 13 ਸਾਲ ਚੱਲੇ ਮਾਮਲੇ 'ਚ 6 ਜੱਜਾਂ ਨੇ ਲਗਾਤਾਰ ਸੁਣਵਾਈ ਕੀਤੀ। 27 ਫਰਵਰੀ ਨੂੰ ਵਾਪਰੇ ਗੋਧਰਾ ਕਾਂਡ ਦੇ ਅਗਲੇ ਦਿਨ ਨਰੋਦਾ ਪਿੰਡ ਵਿਚ ਬੰਦ ਦਾ ਐਲਾਨ ਕੀਤਾ ਗਿਆ ਸੀ। ਇਸੇ ਦੌਰਾਨ ਸਵੇਰੇ ਕਰੀਬ 9 ਵਜੇ ਭੀੜ ਬਾਜ਼ਾਰ ਬੰਦ ਕਰਾਉਣ ਲੱਗੀ ਤੇ ਹਿੰਸਾ ਭੜਕ ਗਈ। ਭੀੜ ਨੇ ਪਥਰਾਅ, ਅਗਜ਼ਨੀ ਤੇ ਭੰਨਤੋੜ ਸ਼ੁਰੂ ਕਰ ਦਿੱਤੀ ਅਤੇ 11 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦੇ ਬਾਅਦ ਪਾਟੀਆ ਪਿੰਡ 'ਚ ਵੀ ਦੰਗੇ ਫੈਲ ਗਏ। ਦੋਹਾਂ ਇਲਾਕਿਆਂ 'ਚ 97 ਹੱਤਿਆਵਾਂ ਕੀਤੀਆਂ ਗਈਆਂ। ਇਸ ਦੇ ਬਾਅਦ ਪੂਰੇ ਗੁਜਰਾਤ 'ਚ ਦੰਗੇ ਫੈਲ ਗਏ। ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਨੇ ਤੱਤਕਾਲੀ ਭਾਜਪਾ ਵਿਧਾਇਕ ਮਾਇਆ ਕੋਡਨਾਨੀ ਨੂੰ ਮੁੱਖ ਮੁਲਜ਼ਮ ਬਣਾਇਆ ਸੀਸ ਹਾਲਾਂਕਿ ਉਹ ਵੀ ਬਰੀ ਹੋ ਗਈ ਹੈ। 2002 ਵਿਚ ਗੋਧਰਾ ਸਟੇਸ਼ਨ 'ਤੇ ਸਾਬਰਮਤੀ ਐੱਕਸਪ੍ਰੈੱਸ ਦੇ ਪੰਜ-ਛੇ ਡੱਬਿਆਂ ਨੂੰ ਅੱਗ ਲਾਉਣ ਕਾਰਨ ਅਯੁੱਧਿਆ ਤੋਂ ਪਰਤ ਰਹੇ 59 ਤੀਰਥ ਯਾਤਰੀ ਮਾਰੇ ਗਏ ਸਨ। ਇਸ ਤੋਂ ਬਾਅਦ ਹੋਏ ਦੰਗਿਆਂ ਵਿਚ ਇਕ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ 790 ਮੁਸਲਮਾਨ ਤੇ 254 ਹਿੰਦੂ ਸਨ। ਸਥਿਤੀ 'ਤੇ ਕਾਬੂ ਪਾਉਣ ਲਈ ਤੀਜੇ ਦਿਨ ਫੌਜ ਲਾਉਣੀ ਪਈ ਸੀ।



ਮਾਇਆ ਕੋਡਨਾਨੀ।

# 300 ਮੀਟਰ ਬਰਫ਼ ਦੀ ਦਰਾਰ 'ਚ ਡਿੱਗਿਆ ਮਾਲੂ ਤਿੰਨ ਦਿਨ ਬਾਅਦ ਜਿਊਂਦਾ ਕੱਢਿਆ



**ਜਲੰਧਰ :** ਨੇਪਾਲ 'ਚ ਸਥਿਤ ਦੁਨੀਆ ਦੀ 10ਵੀਂ ਸਭ ਤੋਂ ਉਚੀ ਚੋਟੀ ਅੰਨਾਪੂਰਨਾ 'ਤੇ ਚੜ੍ਹਾਈ ਦੌਰਾਨ ਲਾਪਤਾ ਹੋਏ 34 ਸਾਲਾ ਭਾਰਤੀ ਪਰਬਤਰੋਹੀ ਅਨੁਰਾਗ ਮਾਲੂ ਨੂੰ ਰੈਸਕਿਊ ਅਪ੍ਰੇਸ਼ਨ ਮਿਲ ਗਿਆ। ਮਾਲੂ ਦੇ ਭਰਾ ਨੇ ਦੱਸਿਆ ਕਿ ਬਚਾਅ ਦਲ ਨੇ ਉਸ ਨੂੰ ਲੱਭ ਲਿਆ ਹੈ। ਮਾਲੂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਅਨੁਰਾਗ ਦੇ ਪਿਤਾ ਓਮ ਪ੍ਰਕਾਸ਼ ਨੇ ਦੱਸਿਆ ਕਿ ਮਾਲੂ ਨੂੰ ਨੇਪਾਲ 'ਚ ਪੋਖਰਾ ਦੇ ਮਨੀਪਾਲ ਹਸਪਤਾਲ 'ਚ ਭਰਤੀ ਕੀਤਾ ਗਿਆ ਹੈ। ਅਨੁਰਾਗ ਹਾਲੇ ਗੱਲ ਕਰਨ ਦੀ ਸਥਿਤੀ 'ਚ ਨਹੀਂ। ਲੋਕੇਸ਼ਨ ਟਰੇਸ ਹੋਣ ਤੋਂ ਬਾਅਦ ਇੰਡੀਅਨ ਆਰਮੀ ਅਤੇ ਨੇਪਾਲ ਦੀ ਫੌਜ ਨੇ ਮਿਲ ਕੇ ਤਲਾਸ਼ੀ ਅਭਿਆਨ ਚਲਾਇਆ ਸੀ। ਵੀਰਵਾਰ ਸਵੇਰੇ ਕਰੀਬ 10 ਵਜੇ ਸਫ਼ਲਤਾ ਮਿਲੀ। ਰੈਸਕਿਊ ਦੀ ਖ਼ਬਰ ਤੋਂ ਬਾਅਦ ਕਿਸ਼ਨਗੜ੍ਹ 'ਚ ਮਾਲੂ ਦੇ ਘਰ ਪਰਵਾਰ ਨੇ ਰਾਹਤ ਦਾ ਸਾਹ ਲਿਆ।

ਅਨੁਰਾਗ ਕੋਲ ਖਾਣ-ਪੀਣ ਦਾ ਸਾਮਾਨ ਬਹੁਤ ਘੱਟ ਸੀ। ਬਰਫ਼ੀਲੇ ਪਹਾੜ ਦੇ ਵਿਚਾਲੇ ਆਕਸੀਜਨ ਦੀ ਕਮੀ ਸੀ, ਉਪਰੋਂ ਹੱਡੀਆਂ ਗਲਾਉਣ ਵਾਲੀਆਂ ਬਰਫ਼ੀਲੀਆਂ ਹਵਾਵਾਂ। ਏਨਾ ਸਭ ਦੇ ਬਾਵਜੂਦ ਉਸ ਨੇ ਹੌਸਲਾ ਨਹੀਂ ਛੱਡਿਆ ਅਤੇ ਮੌਤ ਨੂੰ ਮਾਤ ਦੇ ਦਿੱਤੀ।

ਮਾਲੂ ਨੇਪਾਲ 'ਚ ਅੰਨਾਪੂਰਨਾ ਦੀ ਡੂੰਘੀ ਦਰਾਰ 'ਚ ਡਿੱਗਣ ਕਾਰਨ 17 ਅਪ੍ਰੈਲ ਤੋਂ ਲਾਪਤਾ ਹੋ ਗਿਆ ਸੀ, ਜੋ ਕਿ ਦੁਨੀਆ ਦੀ 10ਵੀਂ ਸਭ ਤੋਂ ਉਚੀ ਚੋਟੀ ਹੈ। ਮਾਊਂਟ ਅੰਨਾਪੂਰਨਾ ਦੀ ਉਚਾਈ 8,091 ਮੀਟਰ ਹੈ। ਇਸ ਅਭਿਆਨ 'ਚ ਮਹਾਨ ਪੋਲਿਸ਼ ਪਰਬਤਰੋਹੀ ਐਡਮ ਬੇਲੇਕੀ ਅਤੇ ਉਸ ਦੇ ਸਾਥੀ ਮਾਰਿਅਸ ਹਟਾਲਾ ਵੀ ਅਨੁਰਾਗ ਦਾ ਪਤਾ ਲਗਾਉਣ ਲਈ ਜ਼ਮੀਨੀ ਖੋਜ ਅਤੇ ਬਚਾਅ ਦਲ ਦਾ ਹਿੱਸਾ ਬਣੇ।

ਸੇਵਨ ਸਮਿੱਟ ਟ੍ਰੈਕਰਸ ਦੇ ਸਿੰਗਮਾ ਸ਼ੇਰਪਾ ਨੇ ਦੱਸਿਆ, 'ਮਾਲੂ ਮਨੀਪਾਲ ਹਸਪਤਾਲ 'ਚ ਇਸ ਸਮੇਂ ਡਾਕਟਰਾਂ ਦੀ ਨਿਗਰਾਨੀ 'ਚ ਹੈ।' ਮਾਲੂ ਦੇ ਭਰਾ ਸੁਧੀਰ ਨੇ ਕਿਹਾ, 'ਉਸ ਨੂੰ ਗੰਭੀਰ ਹਾਲਤ 'ਚ ਹਸਪਤਾਲ ਲਿਆਂਦਾ ਗਿਆ ਹੈ, ਪਰ ਉਹ ਹਾਲੇ ਜ਼ਿੰਦਾ ਹੈ। ਮਾਲੂ ਦੇ ਲਾਪਤਾ ਹੋਣ ਦੇ ਬਾਅਦ ਟੀਮ ਨੇ ਤਲਾਸ਼ੀ ਅਭਿਆਨ ਚਲਾਇਆ, ਪਰ ਕੋਈ ਸਫ਼ਲਤਾ ਨਹੀਂ ਮਿਲੀ ਸੀ। ਇਸ ਤੋਂ ਬਾਅਦ ਪਰਵਾਰ ਵਾਲਿਆਂ ਨੂੰ ਸੂਚਨਾ ਦਿੱਤੀ ਗਈ। ਭਰਾ ਅਸ਼ੀਸ਼ ਮਾਲੂ ਸਮੇਤ ਹੋਰ ਪਰਵਾਰਕ ਮੈਂਬਰ ਨੇਪਾਲ ਪਹੁੰਚੇ। ਇਸ ਤੋਂ ਬਾਅਦ ਲਗਾਤਾਰ ਤਲਾਸ਼ੀ ਅਭਿਆਨ ਚਲਾਇਆ ਗਿਆ। ਵੀਰਵਾਰ ਸਵੇਰੇ ਮਾਲੂ ਮਿਲ ਗਿਆ।

ਰਾਜਸਥਾਨ ਦੇ ਅਜਮੇਰ ਜ਼ਿਲ੍ਹੇ ਦੇ ਕਿਸ਼ਨਗੜ੍ਹ ਨਿਵਾਸੀ ਮਾਲੂ ਦਾ ਪਤਾ ਲਗਾਉਣ ਲਈ ਸੋਮਵਾਰ ਤੋਂ ਤਲਾਸ਼ੀ ਅਭਿਆਨ ਚਲਾਇਆ ਗਿਆ ਸੀ। ਸੇਵਨ ਸਮਿੱਟ ਟ੍ਰੈਕਰਸ ਦੇ ਚੇਅਰਮੈਨ ਸਿੰਗਮਾ ਸ਼ੇਰਪਾ ਨੇ ਸੋਮਵਾਰ ਦੱਸਿਆ, 'ਤਲਾਸ਼ੀ ਅਭਿਆਨ ਹਾਲੇ ਜਾਰੀ ਹੈ। ਉਹ ਜਦ ਕੈਂਪ 4 ਤੋਂ ਵਾਪਸ ਆ ਰਿਹਾ ਸੀ, ਉਦੋਂ ਅਚਾਨਕ ਇੱਕ ਦਰਾਰ 'ਚ ਡਿੱਗ ਗਿਆ ਸੀ।

ਬਚਾਅ ਅਭਿਆਨ 'ਚ ਲੱਗੇ ਲੋਕਾਂ ਨੇ ਦੱਸਿਆ ਕਿ ਮਾਲੂ ਕੈਂਪ-3 ਤੋਂ ਹੇਠਾਂ ਉਤਰ ਰਿਹਾ ਸੀ, ਜਦ ਉਹ ਇੱਕ ਦਰਾਰ 'ਚ ਡਿੱਗ ਗਿਆ, ਜੋ ਕਿ 300 ਮੀਟਰ ਡੂੰਘੀ ਹੈ, ਉਹ ਉਦੋਂ ਤੋਂ ਲਾਪਤਾ ਸੀ।

ਪਰਬਤਰੋਹੀ ਅਨੁਰਾਗ ਮਾਲੂ ਪਿਛਲੇ ਸਾਲ ਨੇਪਾਲ ਦੇ ਪੂਰਬੀ ਹਿਮਾਲਿਆ ਰੇਂਜ ਦੇ ਅਮਾ ਡਬਲਮ ਪਹਾੜ 'ਤੇ ਚੜ੍ਹ ਚੁੱਕਾ ਹੈ ਅਤੇ ਇਸ ਮੌਸਮ 'ਚ ਮਾਊਂਟ ਐਵਰੈਸਟ, ਅੰਨਾਪੂਰਨਾ ਅਤੇ ਲਹੋਤਸੇ ਦੀ ਚੋਟੀ 'ਤੇ ਜਾਣ ਦੀ ਯੋਜਨਾ ਬਣਾ ਰਿਹਾ ਸੀ। ਉਹ 8000 ਮੀਟਰ ਤੋਂ ਉੱਚੀਆਂ ਸਾਰੀਆਂ 14 ਚੋਟੀਆਂ 'ਤੇ ਚੜ੍ਹਨ ਦੇ ਮਿਸ਼ਨ 'ਤੇ ਵੀ ਸੀ। ਅਨਰਾਗ ਨੇ ਬੀ ਟੈਕ ਕੀਤੀ ਹੈ ਅਤੇ ਉਹ ਨੌਜਵਾਨਾਂ ਦੀ ਕਾਊਂਸਲਿੰਗ ਵੀ ਕਰਦਾ ਹੈ।

ਇਸ ਤੋਂ ਪਹਿਲਾਂ ਮੰਗਲਵਾਰ ਦੋ ਹੋਰ ਭਾਰਤੀ ਪਰਬਤਰੋਹੀਆਂ ਬਲਜੀਤ ਕੌਰ ਅਤੇ ਅਰਜੁਨ ਵਾਜਪਾਈ ਨੂੰ ਨੇਪਾਲ 'ਚ ਮਾਊਂਟ ਅੰਨਾਪੂਰਨਾ ਤੋਂ ਬਚਾਇਆ ਗਿਆ ਸੀ। ਬਲਜੀਤ ਕੌਰ ਮਾਊਂਟ ਅੰਨਾਪੂਰਨਾ ਦੇ ਕੈਂਪ 4 ਤੋਂ ਗੁੰਮ ਹੋ ਗਈ ਸੀ ਅਤੇ ਉਸ ਨੂੰ 7363 ਮੀਟਰ ਦੀ ਉਚਾਈ ਤੋਂ ਬਚਾਇਆ ਗਿਆ ਸੀ।

## ਰਾਹੁਲ ਨੂੰ ਸਜ਼ਾ ਖਿਲਾਫ ਸਟੇਅ ਨਹੀਂ ਮਿਲਿਆ



**ਅਹਿਮਦਾਬਾਦ :** ਸੂਰਤ ਦੀ ਸੈਸ਼ਨ ਕੋਰਟ ਨੇ ਰਾਹੁਲ ਗਾਂਧੀ ਦੀ 'ਮੋਦੀ ਗੋਤ' 'ਤੇ ਟਿੱਪਣੀ ਲਈ ਦੋਸ਼ੀ ਠਹਿਰਾਏ ਜਾਣ 'ਤੇ ਰੋਕ ਲਗਾਉਣ ਦੀ ਮੰਗ ਵਾਲੀ ਪਟੀਸ਼ਨ ਨੂੰ ਵੀਰਵਾਰ ਖਾਰਜ ਕਰ ਦਿੱਤਾ। ਐਡੀਸ਼ਨਲ ਸੈਸ਼ਨ ਜੱਜ ਆਰ ਪੀ ਮੋਗੇਰਾ ਨੇ ਅੱਜ ਰਾਹੁਲ ਨੂੰ ਅਪਰਾਧਿਕ ਮਾਣਹਾਨੀ ਦੇ ਕੇਸ 'ਚ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਕਾਇਮ ਰੱਖਿਆ। ਹਾਲਾਂਕਿ ਸੈਸ਼ਨ ਕੋਰਟ ਹੇਠਲੀ ਅਦਾਲਤ ਦੇ ਹੁਕਮਾਂ ਵਿਰੁੱਧ ਗਾਂਧੀ ਦੀ ਮੁੱਖ ਪਟੀਸ਼ਨ 'ਤੇ ਸੁਣਵਾਈ ਜਾਰੀ ਰੱਖੇਗੀ। ਭਾਜਪਾ ਨੇ ਕਿਹਾ ਹੈ ਕਿ ਫੌਜਦਾਰੀ ਮਾਣਹਾਨੀ ਦੇ ਮਾਮਲੇ 'ਚ ਰਾਹੁਲ ਗਾਂਧੀ ਦੀ ਪਟੀਸ਼ਨ 'ਤੇ ਸੂਰਤ ਕੋਰਟ ਦਾ ਫੈਸਲਾ ਸਾਬਤ ਕਰਦਾ ਹੈ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੈ। ਭਾਜਪਾ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਪਟੀਸ਼ਨ 'ਤੇ ਸੂਰਤ ਦੀ ਕੋਰਟ ਦਾ ਫੈਸਲਾ ਗਾਂਧੀ ਪਰਵਾਰ ਦੇ ਹੰਕਾਰ ਉੱਤੇ ਥੱਪੜ ਹੈ। ਇਹ ਫੈਸਲਾ ਆਮ ਜਨਤਾ ਤੇ ਨਿਆਂ ਪਾਲਿਕਾ ਦੀ ਜਿੱਤ ਹੈ।

## 2 ਮਈ ਤੋਂ ਸਰਕਾਰੀ ਦਫਤਰ ਸਾਢੇ 7 ਵਜੇ ਖੁੱਲ੍ਹਣਗੇ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਵੱਲੋਂ ਪੰਜਾਬ ਅਤੇ ਚੰਡੀਗੜ੍ਹ ਵਿਖੇ ਸਥਿਤ ਆਪਣੇ ਸਾਰੇ ਦਫ਼ਤਰਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਹੈ।

ਇਹ ਫ਼ੈਸਲਾ ਅੱਤ ਦੀ ਗਰਮੀ ਦੌਰਾਨ ਬਿਜਲੀ ਦੀ ਖਪਤ ਨੂੰ ਘਟਾਉਣ ਅਤੇ ਦਫ਼ਤਰਾਂ ਵਿੱਚ ਬਿਹਤਰ ਤਾਲਮੇਲ ਅਤੇ ਨਿਯੰਤਰਣ ਨੂੰ ਯਕੀਨੀ ਬਣਾਉਣ ਲਈ ਲਿਆ ਗਿਆ ਹੈ। 2 ਮਈ ਤੋਂ ਸਾਰੇ ਸਰਕਾਰੀ ਦਫਤਰ ਸਵੇਰੇ 07:30 ਵਜੇ ਖੁੱਲ੍ਹਣਗੇ ਅਤੇ ਦੁਪਹਿਰ 02:00 ਵਜੇ ਬੰਦ ਹੋਣਗੇ। ਇਹ ਸਮਾਂ-ਸਾਰਣੀ 15 ਜੁਲਾਈ ਤੱਕ ਲਾਗੂ ਰਹੇਗੀ। ਇਹ ਬਦਲਿਆ ਨਵਾਂ ਸਮਾਂ ਖੇਤਰੀ ਦਫਤਰਾਂ, ਸਿਵਲ ਸਕੱਤਰੇਤ ਅਤੇ ਹੋਰ ਮੁੱਖ ਦਫਤਰਾਂ ਸਮੇਤ ਸਾਰੇ ਦਫਤਰਾਂ ਵਿੱਚ ਇਕਸਾਰ ਲਾਗੂ ਹੋਵੇਗਾ।

ਪੰਜਾਬ ਸਰਕਾਰ ਵੱਲੋਂ ਦਫ਼ਤਰਾਂ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਾਰੇ ਮੁਲਾਜ਼ਮਾਂ ਨੂੰ ਸਹਿਯੋਗ ਦੇਣ ਅਤੇ ਨਵੇਂ ਸਮੇਂ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ। ਸੂਬਾ ਸਰਕਾਰ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਸਰਕਾਰੀ ਦਫ਼ਤਰਾਂ ਦੇ ਬਦਲੇ ਹੋਏ ਨਵੇਂ ਸਮੇਂ ਦਾ ਧਿਆਨ ਰੱਖਣ ਅਤੇ ਉਸ ਅਨੁਸਾਰ ਹੀ ਆਪਣੇ ਕੰਮਕਾਜ ਲਈ ਸਰਕਾਰੀ ਦਫ਼ਤਰਾਂ ਵਿਚ ਪਹੁੰਚ ਕਰਨ।

## ਅਨਸਾਰੀ 'ਤੇ ਖਰਚੇ 55 ਲੱਖ ਵਸੂਲੇ ਜਾਣਗੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਕਿਹਾ ਕਿ ਯੂ ਪੀ ਦੇ ਅਪਰਾਧੀ ਨੂੰ ਰੋਪੜ ਜੇਲ੍ਹ 'ਚ ਸੁੱਖ-ਸਹੂਲਤਾਂ ਦੇ ਕੇ ਰੱਖਿਆ ਗਿਆ ਸੀ ਤੇ ਉਸ ਖਿਲਾਫ 48 ਵਾਰ ਵਰੰਟ ਜਾਰੀ ਹੋਣ ਦੇ ਬਾਵਜੂਦ ਪੇਸ਼ ਨਹੀਂ ਕੀਤਾ ਗਿਆ। ਮੁੱਖ ਮੰਤਰੀ ਨੇ ਟਵੀਟ ਕੀਤਾ ਕਿ ਉਸ ਅਪਰਾਧੀ ਨੂੰ ਬਚਾਉਣ ਲਈ ਰਾਜ ਸਰਕਾਰ ਦੇ ਖਾਤੇ 'ਚੋਂ ਮਹਿੰਗੇ ਵਕੀਲ ਕੀਤੇ ਤੇ ਖਜ਼ਾਨੇ 'ਤੇ 55 ਲੱਖ ਰੁਪਏ ਦਾ ਭਾਰ ਪਾਇਆ ਗਿਆ। ਉਨ੍ਹਾ ਕਿਹਾ-ਮੈਂ ਲੋਕਾਂ ਦੇ ਟੈਕਸ 'ਚੋਂ ਖਰਚੇ ਵਾਲੀ ਫਾਈਲ ਵਾਪਸ ਮੋੜ ਦਿੱਤੀ ਹੈ, ਜਿਹੜੇ ਮੰਤਰੀਆਂ ਦੇ ਹੁਕਮਾਂ 'ਤੇ ਇਹ ਫੈਸਲਾ ਹੋਇਆ ਹੈ, ਖਰਚਾ ਉਨ੍ਹਾਂ ਤੋਂ ਵਸੂਲਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਵਰਨਣਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਰਵਾਈ ਪੁਲਸ ਜਾਂਚ ਵਿੱਚ ਖੁਲਾਸਾ ਹੋਇਆ ਸੀ ਕਿ ਗੈਂਗਸਟਰ ਤੋਂ ਸਿਆਸਤਦਾਨ ਬਣੇ ਮੁਖਤਾਰ ਅੰਸਾਰੀ ਜਨਵਰੀ 2019 ਤੋਂ ਅਪਰੈਲ 2021 ਤੱਕ ਦੋ ਸਾਲ ਅਤੇ ਤਿੰਨ ਮਹੀਨੇ ਰੋਪੜ ਦੀ ਜੇਲ੍ਹ 'ਚ ਬੰਦ ਰਿਹਾ। ਕੈਪਟਨ ਅਮਰਿੰਦਰ ਸਿੰਘ ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸਨ।

ਏ ਡੀ ਜੀ ਪੀ ਰੈਂਕ ਦੇ ਅਧਿਕਾਰੀ ਵੱਲੋਂ ਕਰਵਾਈ ਜਾਂਚ 'ਚ ਕੁਝ ਜੇਲ੍ਹ ਅਧਿਕਾਰੀਆਂ ਖਿਲਾਫ ਕਥਿਤ ਤੌਰ 'ਤੇ ਰਿਸ਼ਵਤ ਲੈਣ ਅਤੇ ਅਨਸਾਰੀ ਨੂੰ ਰੋਪੜ ਜੇਲ੍ਹ 'ਚ ਰੱਖਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। 'ਆਪ' ਸਰਕਾਰ ਨੇ ਪਿਛਲੇ ਸਾਲ ਜਾਂਚ ਦੇ ਹੁਕਮ ਦਿੱਤੇ ਸਨ। ਮਾਨ ਨੇ ਕਿਹਾ ਕਿ ਉਸ ਖਿਲਾਫ 48 ਵਾਰ ਵਾਰੰਟ ਜਾਰੀ ਕੀਤੇ ਗਏ ਸਨ ਤਾਂ ਜੋ ਉਸ ਨੂੰ ਯੂ ਪੀ ਭੇਜਿਆ ਜਾ ਸਕੇ, ਪਰ ਕੋਈ ਫਾਇਦਾ ਨਹੀਂ ਹੋਇਆ।

## ਜੇਲ੍ਹਾਂ ਨੂੰ ਗੈਂਗਸਟਰਾਂ ਦੇ 'ਸੇਫ-ਹਾਊਸ' ਬਣਾਉਣ ਵਾਲਿਆਂ ਦਾ ਹੋਇਆ ਪਰਦਾ ਫਾਸ਼ : ਕੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਗੈਂਗਸਟਰ ਮੁਖਤਾਰ ਅਨਸਾਰੀ ਨੂੰ ਕਾਂਗਰਸ ਸਰਕਾਰ ਵੇਲੇ ਜੇਲ੍ਹਾਂ ਵਿੱਚ ਰੱਖ ਕੇ ਉਸ ਨੂੰ ਬਚਾਉਣ ਲਈ ਪੰਜਾਬ ਦੇ ਖਜ਼ਾਨੇ ਦੀ ਹੋਈ ਦੁਰਵਰਤੋਂ 'ਤੇ ਸਖਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਦੀ ਇਸ ਤੋਂ ਵੱਡੀ ਉਦਾਹਰਣ ਕੀ ਹੋਵੇਗੀ ਕਿ ਪਿਛਲੀ ਕਾਂਗਰਸ ਸਰਕਾਰ ਦੌਰਾਨ ਜਿੱਥੇ ਮੋਸਟਵਾਂਟੇਡ ਗੈਂਗਸਟਰ ਮੁਖਤਾਰ ਅਨਸਾਰੀ ਨੂੰ ਤਾਕਤ ਦੀ ਦੁਰਵਰਤੋਂ ਕਰਦਿਆਂ ਸੂਬੇ ਦੀਆਂ ਜੇਲ੍ਹਾਂ ਵਿੱਚ ਮਹਿਮਾਨਾਂ ਵਾਂਗ ਰੱਖਿਆ ਗਿਆ, ਉੱਥੇ ਪੰਜਾਬ ਦੇ ਖਜ਼ਾਨੇ 'ਚੋਂ ਲੱਖਾਂ ਰੁਪਏ ਖਰਚ ਕਰ ਉਸ ਲਈ ਕਾਨੂੰਨੀ ਮਦਦ ਵੀ ਮੁਹੱਈਆ ਕਰਵਾਈ ਗਈ। ਅਪਰਾਧੀਆਂ ਦੀ ਇਸ ਰਾਜਨੀਤਕ ਪੁਸ਼ਤਪਨਾਹੀ ਕਾਰਨ ਜਿੱਥੇ ਲੋਕਾਂ ਦੇ ਟੈਕਸ ਦੇ ਪੈਸੇ ਦੀ ਦੁਰਵਰਤੋਂ ਕੀਤੀ ਗਈ, ਉੱਥੇ ਇਸ ਨਾਲ ਗੈਂਗਸਟਰਵਾਦ ਨੂੰ ਵੀ ਸ਼ਹਿ ਮਿਲੀ ਤੇ ਉਹ ਹੋਰ ਵਧਦਾ-ਫੁਲਦਾ ਗਿਆ। ਕੰਗ ਨੇ ਦੁਹਰਾਇਆ ਕਿ ਜੇਲ੍ਹਾਂ ਨੂੰ ਗੈਂਗਸਟਰਾਂ ਲਈ 'ਸੇਫ ਹਾਊਸ' ਬਣਾਉਣ ਵਾਲਿਆਂ ਦਾ ਸੱਚ ਹੁਣ ਸਭ ਦੇ ਸਾਹਮਣੇ ਆ ਚੁੱਕਾ ਹੈ ਅਤੇ ਇਸ ਤੋਂ ਵੀ ਅੱਗੇ ਅਪਰਾਧ ਅਤੇ ਨਸ਼ੇ ਦੀ ਪੁਸ਼ਤਪਨਾਹੀ ਵਿਚ ਸ਼ਾਮਲ ਕੁਝ ਵਰਦੀਧਾਰੀਆਂ ਦਾ ਨੈੱਕਸਸ ਵੀ ਮਾਨ ਸਰਕਾਰ ਨੇ ਤੋੜ ਦਿੱਤਾ ਹੈ।

# ਟਰੱਕ ਨੂੰ ਅੱਗ, 5 ਜਵਾਨਾਂ ਦੀ ਮੌਤ



**ਸ੍ਰੀਨਗਰ :** ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ 'ਚ ਵੀਰਵਾਰ ਬਾਅਦ ਦੁਪਹਿਰ ਤਿੰਨ ਵਜੇ ਦੇ ਕਰੀਬ ਫੌਜ ਦੇ ਟਰੱਕ 'ਚ ਧਮਾਕੇ ਮਗਰੋਂ ਅੱਗ ਲੱਗਣ ਕਾਰਨ 5 ਜਵਾਨਾਂ ਦੀ ਮੌਤ ਹੋ ਗਈ। ਇਹ ਘਟਨਾ ਪੁਣਛ ਤੋਂ 90 ਕਿਲੋਮੀਟਰ ਦੂਰ ਭਾਟਾ ਧੂੜੀਆਂ ਇਲਾਕੇ 'ਚ ਹਾਈਵੇ 'ਤੇ ਵਾਪਰੀ। ਟਰੱਕ ਭਿੰਬਰ ਗਲੀ ਤੋਂ ਸੰਗਿਓਟ ਜਾ ਰਿਹਾ ਸੀ।

ਸ਼ੁਰੂਆਤੀ ਜਾਂਚ ਮੁਤਾਬਕ ਅਸਮਾਨੀ ਬਿਜਲੀ ਡਿੱਗਣ ਨਾਲ ਟਰੱਕ ਨੂੰ ਅੱਗ ਲੱਗੀ। ਗ੍ਰਨੇਡ ਹਮਲੇ ਦਾ ਵੀ ਸ਼ੱਕ ਜਤਾਇਆ ਗਿਆ ਹੈ। ਫੌਜ ਦੇ ਸੂਤਰਾਂ ਮੁਤਾਬਕ ਤਿੰਨ ਕਾਰਨ ਸਾਹਮਣੇ ਆਏ ਹਨ-ਧਮਾਕਾ, ਗ੍ਰਨੇਡ ਹਮਲਾ ਤੇ ਬਿਜਲੀ ਡਿੱਗਣਾ। ਸਾਰੇ ਕੋਣਾਂ ਤੋਂ ਜਾਂਚ ਕੀਤੀ ਜਾਏਗੀ।

## ਆਸਟਰੇਲੀਆ 'ਚ ਨਜ਼ਰ ਆਇਆ ਸੂਰਜ ਗ੍ਰਹਿਣ



**ਮੈਲਬਰਨ :** ਆਸਟਰੇਲੀਆ ਦੇ ਤੱਟਵਰਤੀ ਸ਼ਹਿਰ ਐਕਸਮਾਊਥ ਵਿਚ ਵੀਰਵਾਰ ਤੜਕੇ ਦੁਰਲੱਭ ਸੂਰਜ ਗ੍ਰਹਿਣ ਨੂੰ 20,000 ਲੋਕਾਂ ਨੇ ਦੇਖਿਆ।

ਸੂਰਜ ਗ੍ਰਹਿਣ ਕਾਰਨ ਸੂਬੇ ਵਿਚ ਕਰੀਬ ਇੱਕ ਮਿੰਟ ਤੱਕ ਹਨੇਰਾ ਛਾ ਗਿਆ। ਤਿੰਨ ਹਜ਼ਾਰ ਤੋਂ ਘੱਟ ਵਸਨੀਕਾਂ ਦੇ ਇਸ ਦੂਰ-ਦੁਰਾਡੇ ਦੇ ਸੈਰ-ਸਪਾਟਾ ਸ਼ਹਿਰ ਨੂੰ ਗ੍ਰਹਿਣ ਦੇਖਣ ਲਈ ਆਸਟ੍ਰੇਲੀਆ ਦੇ ਸਭ ਤੋਂ ਵਧੀਆ ਸਥਾਨਾਂ ਵਿੱਚੋਂ ਇੱਕ ਵਜੋਂ ਪੇਸ਼ ਕੀਤਾ ਗਿਆ ਸੀ। ਇਹ ਇੰਡੋਨੇਸ਼ੀਆ ਅਤੇ ਪੂਰਬੀ ਤੈਮੂਰ ਦੇ ਕੁਝ ਹਿੱਸਿਆਂ ਨਾਲ ਵੀ ਜੁੜਦਾ ਹੈ।

## ਪਾਮੇਲਾ ਚੋਪੜਾ ਦਾ ਦੇਹਾਂਤ



**ਮੁੰਬਈ :** ਉੱਘੇ ਫਿਲਮਸਾਜ਼ ਯਸ਼ ਚੋਪੜਾ ਦੀ ਪਤਨੀ ਪਾਮੇਲਾ ਚੋਪੜਾ (74) ਦਾ ਵੀਰਵਾਰ ਇਥੇ ਲੀਲਾਵਤੀ ਹਸਪਤਾਲ 'ਚ ਦੇਹਾਂਤ ਹੋ ਗਿਆ। ਗਾਇਕਾ ਪਾਮੇਲਾ ਆਪਣੇ ਪਿੱਛੇ ਫਿਲਮਸਾਜ਼ ਪੁੱਤਰ ਆਦਿਤਿਆ ਚੋਪੜਾ ਤੇ ਐਕਟਰ ਉਦੈ ਚੋਪੜਾ ਛੱਡ ਗਈ ਹੈ। ਪਾਮੇਲਾ ਦਾ ਯਸ਼ ਨਾਲ ਵਿਆਹ 1970 ਵਿਚ ਹੋਇਆ ਸੀ। ਉਸ ਨੇ ਯਸ਼ ਦੀਆਂ ਫਿਲਮਾਂ ਲਈ ਕਈ ਗਾਣੇ ਗਾਏ।

ਇਨ੍ਹਾਂ ਵਿਚ 'ਕਭੀ ਕਭੀ' ਫਿਲਮ ਦਾ ਗੀਤ ਸੁਰਖ ਜੋੜੇ ਕੀ ਜਗਮਗਾਹਟ, 'ਸਿਲਸਿਲਾ' ਦਾ ਖੁਦ ਸੇ ਜੋ ਵਾਦਾ ਕੀਆ ਥਾ ਅਤੇ 'ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਦਾ ਘਰ ਆਜਾ ਪਰਦੇਸੀ ਸ਼ਾਮਲ ਹਨ। ਕਭੀ-ਕਭੀ ਦੀ ਕਹਾਣੀ ਵੀ ਉਸ ਨੇ ਲਿਖੀ ਸੀ। ਯਸ਼ ਚੋਪੜਾ ਦੀ ਅਕਤੂਬਰ 2012 ਵਿਚ ਮੌਤ ਹੋ ਗਈ ਸੀ।

## ਮਹਿਲਾ ਦੀ ਬਲੀ ਦੀ ਕੋਸ਼ਿਸ਼ 'ਚ ਦੋ ਗ੍ਰਿਫ਼ਤਾਰ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਪੁਲਸ ਨੇ ਵੀਰਵਾਰ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਇੱਕ ਅੱਧਖੜ ਉਮਰ ਦੀ ਮਹਿਲਾ ਦੇ 'ਮਨੁੱਖੀ ਬਲੀਦਾਨ' ਦੀ ਕੋਸ਼ਿਸ਼ ਸੰਬੰਧੀ ਸਨਸਨੀਖੇਜ ਮਾਮਲੇ ਨੂੰ ਸੁਲਝਾ ਲਿਆ। ਉਕਤ ਮੁਲਜ਼ਮਾਂ ਵੱਲੋਂ ਅਮੀਰ ਬਣਨ ਦੀ ਇੱਛਾ ਰੱਖਦਿਆਂ ਜਾਦੂ-ਟੂਣੇ ਦੇ ਹਿੱਸੇ ਵਜੋਂ ਪੀੜਤ ਮਹਿਲਾ ਦਾ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਰੋਪੜ ਰੇਂਜ ਦੇ ਆਈ ਜੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਫੜੇ ਗਏ ਦੋਵੇਂ ਮੁਲਜ਼ਮਾਂ ਦੀ ਪਛਾਣ ਕੁਲਦੀਪ ਸਿੰਘ ਉਰਫ ਕੀਪਾ ਅਤੇ ਜਸਵੀਰ ਸਿੰਘ ਉਰਫ ਜੱਸੀ ਦੋਵੇਂ ਵਾਸੀ ਪਿੰਡ ਫਿਰੋਜ਼ਪੁਰ, ਫ਼ਤਿਹਗੜ੍ਹ ਸਾਹਿਬ ਵਜੋਂ ਹੋਈ ਹੈ। ਇਹਨਾਂ ਦੇ ਕਬਜ਼ੇ ਵਿੱਚੋਂ ਜੁਰਮ ਵਿੱਚ ਵਰਤਿਆ ਇੱਕ ਹੀਰੋ ਡੀਲਕਸ ਮੋਟਰਸਾਈਕਲ ਅਤੇ ਦਾਤਰੀ ਵੀ ਬਰਾਮਦ ਕੀਤੀ ਹੈ। ਫਤਿਹਗੜ੍ਹ ਸਾਹਿਬ ਦੇ ਪਿੰਡ ਫਰੌਰ ਦੀ 50 ਸਾਲਾ ਬਲਵੀਰ ਕੌਰ ਬੁੱਧਵਾਰ ਸਵੇਰੇ ਪਿੰਡ ਫਿਰੋਜ਼ਪੁਰ ਵਿਖੇ ਨਹਿਰ ਦੇ ਨੇੜੇ ਖੇਤਾਂ ਵਿੱਚ ਬੁਰੀ ਤਰ੍ਹਾਂ ਜ਼ਖਮੀ ਹਾਲਤ ਵਿੱਚ ਪਈ ਮਿਲੀ ਸੀ। ਪੀੜਤਾ ਹੁਣ ਖਤਰੇ ਤੋਂ ਬਾਹਰ ਹੈ ਅਤੇ ਉਹ ਪੀ ਜੀ ਆਈ ਚੰਡੀਗੜ੍ਹ ਵਿਖੇ ਜ਼ੇਰੇ ਇਲਾਜ ਹੈ।

ਭੁੱਲਰ ਨੇ ਦੱਸਿਆ ਕਿ ਦੋਵੇਂ ਦੋਸ਼ੀ ਸਰਕਸ ਦੇ ਕਲਾਕਾਰ ਸਨ ਅਤੇ ਵੱਖ-ਵੱਖ ਪਿੰਡਾਂ 'ਚ ਜਾ ਕੇ ਸਾਈਕਲ ਸ਼ੋਅ ਕਰਦੇ ਸਨ। ਮੁਲਜ਼ਮ ਕੀਪਾ ਅਤੇ ਜੱਸੀ ਦੀ ਮੁਲਾਕਾਤ ਬਲਵੀਰ ਕੌਰ ਨਾਲ ਉਸ ਦੇ ਲੜਕੇ ਧਰਮਪ੍ਰੀਤ ਰਾਹੀਂ ਹੋਈ, ਜਿਸ ਦੀ ਕਰੀਬ ਅੱਠ ਮਹੀਨੇ ਪਹਿਲਾਂ ਪਿੰਡ ਫਰੌਰ ਵਿਖੇ ਸ਼ੋਅ ਦੌਰਾਨ ਇਨ੍ਹਾਂ ਨਾਲ ਦੋਸਤੀ ਹੋਈ ਸੀ।

ਐੱਸ ਐੱਸ ਪੀ ਫਤਿਹਗੜ੍ਹ ਸਾਹਿਬ ਡਾ. ਰਵਜੋਤ ਕੌਰ ਗਰੇਵਾਲ ਨੇ ਦੱਸਿਆ ਕਿ ਮੁਲਜ਼ਮ ਅਮੀਰ ਬਣਨ ਦੇ ਇੱਛੁਕ ਸਨ ਅਤੇ ਇੱਕ ਤਾਂਤਰਿਕ ਦੇ ਸੰਪਰਕ ਵਿੱਚ ਆਏ, ਜਿਸ ਨੇ ਉਨ੍ਹਾਂ ਨੂੰ ਇੱਕ ਔਰਤ ਦਾ 'ਮਨੁੱਖੀ ਬਲੀਦਾਨ' ਕਰਨ ਲਈ ਉਕਸਾਇਆ। ਉਹਨਾ ਦੱਸਿਆ ਕਿ ਕੀਪਾ ਅਤੇ ਜੱਸੀ ਨੇ ਮੰਗਲਵਾਰ ਨੂੰ ਬਲਵੀਰ ਕੌਰ ਨੂੰ ਤਾਂਤਰਿਕ ਕੋਲ ਮੱਥਾ ਟੇਕਣ ਦੇ ਬਹਾਨੇ ਬੁਲਾਇਆ ਅਤੇ ਉਸ ਦਾ ਕਤਲ ਕਰਨ ਲਈ ਉਸ ਨੂੰ ਪਿੰਡ ਫਿਰੋਜ਼ਪੁਰ ਦੀ ਇਕ ਸੁੰਨਸਾਨ ਜਗ੍ਹਾ 'ਤੇ ਲੈ ਗਏ, ਜਿੱਥੇ ਉਨ੍ਹਾਂ ਦਾਤਰੀ ਨਾਲ ਮਹਿਲਾ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਗਰਦਨ ਅਤੇ ਸਰੀਰ ਦੇ ਹੋਰ ਅੰਗਾਂ 'ਤੇ ਗੰਭੀਰ ਸੱਟਾਂ ਲੱਗੀਆਂ। ਪਿੰਡ ਵਾਸੀਆਂ ਤੋਂ ਮਿਲੀ ਜਾਣਕਾਰੀ ਉਪਰੰਤ ਪੁਲਸ ਨੇ ਤੁਰੰਤ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਅਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ।

## ਅੱਜ-ਨਾਮਾ

ਰਾਹੁਲ ਗਾਂਧੀ ਦੀ ਬਣੀ ਨਹੀਂ ਬਾਤ ਮੀਆਂ,
ਹੋ ਗਈ ਰੱਦ ਅਦਾਲਤ ਤੋਂ ਅਰਜ਼ ਮੀਆਂ।
ਕਰ'ਤੀ ਜਿਸ ਤਰ੍ਹਾਂ ਜੱਜ ਨੇ ਰੱਦ ਅਰਜ਼ੀ,
ਲੱਗੀ ਕਈਆਂ ਨੂੰ ਗੱਲ ਅਸਚਰਜ ਮੀਆਂ।
ਚੱਲਦਾ ਜਿੱਦਾਂ ਦਾ ਵਕਤ ਹੈ ਦੇਸ਼ ਅੰਦਰ,
ਹੋ ਰਹੇ ਕਈ ਰਿਕਾਰਡ ਨੇ ਦਰਜ ਮੀਆਂ।
ਨਾ ਕੋਈ ਮਾਰ ਅਦਾਲਤ ਦੀ ਰੋਕ ਸਕਦਾ,
ਨਹੀਂ ਉਂ ਰਾਹੁਲ ਨੂੰ ਸਕੇਗਾ ਵਰਜ ਮੀਆਂ।
ਆਪੋ-ਆਪਣੇ ਵਹਿਣ ਵਿੱਚ ਧਿਰਾਂ ਚੱਲਣ,
ਚੱਕਰ ਵਕਤ ਦਾ ਰਿਹਾ ਇਹ ਚੱਲ ਮੀਆਂ।
ਕੋਈ ਨਹੀਂ ਜਾਣਦਾ ਕੱਲ੍ਹ ਕੀ ਬਿੱਜ ਪੈਣੀ,
ਕਹਿਣ-ਸੁਣਨ ਦੀ ਕੋਈ ਨਾ ਗੱਲ ਮੀਆਂ।

-ਤੀਸ ਮਾਰ ਖਾਂ

# ਕੀ ਖੱਟਿਆ ਮੈਂ ਤੇਰੀ ਹੀਰ ਬਣ ਕੇ

**ਸ਼ਾਹਕੋਟ (ਗਿਆਨ ਸੈਦਪੁਰੀ)**

ਬੱਸ ਅੱਡਾ ਸ਼ਾਹਕੋਟ 'ਤੇ ਇੱਕ 30-32 ਸਾਲ ਦੀ ਔਰਤ ਖੜੀ ਹੈ। ਚਿਹਰਾ ਉਦਾਸ। ਹਾਵ-ਭਾਵ ਦੱਸਦੇ ਹਨ ਕਿ ਉਹ ਬੇ-ਚੈਨ ਹੈ। ਲੱਗਦਾ ਹੈ ਕਿ ਉਹ ਬੱਸ ਦੀ ਇੰਤਜ਼ਾਰ ਵਿੱਚ ਹੈ, ਪਰ ਬੱਸਾਂ ਤਾਂ ਕਈ ਲੰਘ ਗਈਆਂ। ਉਹ ਕਿਸੇ ਬੱਸ ਵਿੱਚ ਸਵਾਰ ਨਹੀਂ ਹੋਈ। ਬੱਸ ਅੱਡੇ ਦੇ ਸਾਹਮਣੇ ਸਥਿਤ ਬਲਜੀਤ ਨਿਊਜ਼ ਏਜੰਸੀ 'ਤੇ ਕੁਝ ਬੰਦੇ ਸਿਆਸਤ ਬਾਰੇ ਚਰਚਾ ਕਰ ਰਹੇ ਹਨ। ਉਹ ਦੁਖਿਆਰੀ ਜਿਹੀ ਦਿਸਦੀ ਔਰਤ ਉਸ ਧੁੰਢ ਚਰਚਾ ਵਿੱਚ ਮਰੀਅਲ ਜਿਹਾ ਹੁੰਗਾਰਾ ਦੇਣ ਲੱਗ ਪਈ।

ਸਿਆਸੀ ਚਰਚਾ ਤੋਂ ਬਾਅਦ ਜਦੋਂ ਗੱਲ ਸਮਾਜਿਕ ਅਧੋਗਤੀ ਦੀ ਚੱਲੀ ਤਾਂ ਪ੍ਰੇਮ ਵਿਆਹਾਂ ਤੋਂ ਬਾਅਦ ਟੁੱਟ ਰਹੇ ਰਿਸ਼ਤਿਆਂ ਦਾ ਜ਼ਿਕਰ ਹੋਇਆ। ਉਸ ਉਦਾਸ ਚਿਹਰੇ ਵਾਲੀ ਔਰਤ ਦੀਆਂ ਅੱਖਾਂ 'ਚੋਂ ਅੱਥਰੂ ਛਲਕ ਪਏ। ਉੱਥੇ ਖੜੇ ਬੰਦਿਆਂ ਵੱਲੋਂ ਉਸ ਵਾਸਤੇ ਬੋਲੇ ਹਮਦਰਦੀ ਦੇ ਬੋਲ ਉਹਦੇ ਅੰਦਰਲੇ ਦਰਦ ਬਾਹਰ ਲਿਆਉਣ ਦਾ ਸਬੱਬ ਬਣ ਗਏ। ਉਸ ਨੇ ਦੱਸਿਆ ਕਿ ਉਸ ਦੇ ਮਾਪੇ ਮਾਲਵੇ 'ਚ ਹਨ। ਦੁਆਬੇ ਦੇ ਸ਼ਾਹਕੋਟ ਖੇਤਰ ਦੇ ਇੱਕ ਪਿੰਡ ਵਿੱਚ ਉਹ ਵਿਆਹੀ ਗਈ। ਛੇ ਕੁ ਸਾਲ ਪਹਿਲਾਂ ਉਸ ਦੀ ਕੁੱਖ 'ਚੋਂ ਇੱਕ ਬੱਚੀ ਨੇ ਜਨਮ ਲਿਆ। ਉਸ ਦੇ 'ਘਰ ਵਾਲੇ' ਨੇ ਕੁੜੀ ਜੰਮ 'ਸੁੱਟਣ' ਦੇ ਮਿਹਣੇ ਦੇ ਬਹਾਨੇ ਉਸ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਅਸਲ ਵਿੱਚ ਉਹ ਨਸ਼ੇ ਦਾ ਆਦੀ ਸੀ। ਉਸ ਦੇ ਨਸ਼ੇ ਦੀ ਮਿਕਦਾਰ ਵਧਦੀ ਗਈ ਤੇ ਮੇਰੀ ਜਿਊਣ ਦੀ ਇੱਛਾ ਘਟਦੀ ਗਈ। ...ਅਚਾਨਕ ਇੱਕ ਦਿਨ ਕਿਸੇ 'ਹੋਰ' ਦੀ ਹੋ ਜਾਣ ਦਾ ਮਨ ਅੰਦਰ ਖਿਆਲ ਆ ਗਿਆ। ਉਸ 'ਹੋਰ' ਵਿੱਚੋਂ ਉਸ ਨੂੰ ਆਪਣਾਪਨ ਮਹਿਸੂਸ ਹੋਇਆ ਸੀ। ਠੇਡੇ ਖਾਂਦੀ ਜਿੰਦ ਨੂੰ ਠੁੰਮ੍ਹਣਾ ਮਿਲ ਜਾਣ ਦੀ ਆਸ ਨਾਲ ਉਹ ਉਸ ਦੀ ਹੋ ਗਈ। ਇੱਥੇ ਰੁਕਦਿਆਂ ਉਸ ਦੁਖਿਆਰੀ ਨੇ ਆਪਣੀ ਮਟਮੈਲੀ ਜਿਹੀ ਚੁੰਨੀ ਨਾਲ ਅੱਖਾਂ ਪੂੰਝੀਆਂ ਤੇ ਦੁੱਖ ਸੁਣ ਰਹੇ ਬੰਦਿਆਂ ਦਾ ਹੁੰਗਾਰਾ ਭਾਂਪ ਕੇ ਉਸ ਆਪਣੀ ਵਿੱਥਿਆ ਜਾਰੀ ਰੱਖੀ। ਉਸ ਦੇ ਇਸ ਕਦਮ ਨਾਲ ਮਾਪੇ ਉਸ ਤੋਂ ਦੂਰ ਹੋ ਗਏ। ਇਸੇ ਦੌਰਾਨ ਉਹ ਬੱਚੇ ਦੀ ਮਾਂ ਬਣਨ ਵਾਲੀ ਹੋ ਗਈ। ਨਵਾਂ ਸਹੇੜਿਆ 'ਕੰਤ' ਕਸਾਈ ਨਿਕਲਿਆ। ਉਸ ਨੇ ਵੀ ਕੁੱਟ-ਮਾਰ ਸ਼ੁਰੂ ਕਰ ਦਿੱਤੀ। ਨਵੇਂ ਮਿਲੇ 'ਨਰਕ' 'ਚੋਂ ਨਿਕਲਣ ਲਈ ਉਹ ਰਿਸ਼ਤੇ 'ਚੋਂ ਭੂਆ ਲੱਗਦੀ ਇਕ ਔਰਤ ਦੇ ਘਰ ਚਲੇ ਗਈ। ਚਾਰ ਦਿਨ ਪਹਿਲਾਂ ਉਸ ਦੀ ਕੁੱਖ 'ਚੋਂ ਲੜਕੇ ਨੇ ਜਨਮ ਲਿਆ। ਇਹ ਖੁਸ਼ੀ ਵੀ ਬਹੁਤਾ ਚਿਰ ਨਹੀਂ ਰਹੀ। ਉਸ ਨੇ ਦੱਸਿਆ, "ਜਨਮ ਲੈਣ ਤੋਂ ਕੁਝ ਘੰਟੇ ਬਾਅਦ ਮੇਰਾ ਬੱਚਾ ਚੱਲ ਵਸਿਆ। ਛਿਲੇ ਵਿੱਚ ਹੀ ਮੈਨੂੰ ਨਹਿਸ ਆਖ ਕੇ ਉਸ ਭੂਆ ਨੇ ਵੀ ਘਰੋਂ ਕੱਢ ਦਿੱਤਾ। ਹੁਣ ਨਾ ਉਸ ਦੇ ਸਹੁਰੇ ਰਹੇ, ਮਾਪਿਆਂ ਨੇ ਉਸ ਨੂੰ ਪਹਿਲਾਂ ਹੀ ਦਰ-ਕਿਨਾਰ ਕਰ ਦਿੱਤਾ ਸੀ। ਸੋਚਦੀ ਹਾਂ ਇਸ ਹਾਲਤ ਵਿੱਚ ਕਿੱਥੇ ਜਾਵਾਂ? ਕੌਣ ਆਸਰਾ ਬਣ ਸਕੇਗਾ?" ਆਪ ਹੀ ਉਸ ਨੇ ਮੋਗੇ ਵੱਲ ਦੇ ਕਿਸੇ ਆਸ਼ਰਮ ਦਾ ਨਾਂਅ ਲਿਆ ਤੇ ਉੱਥੇ ਆਣ ਖੜੀ ਹੋਈ ਰੋਡਵੇਜ਼ ਦੀ ਬੱਸ ਵਿੱਚ ਸਵਾਰ ਹੋ ਗਈ।

ਅਸਲ ਵਿੱਚ ਇਹੋ ਜਿਹੀਆਂ ਕਹਾਣੀਆਂ ਪੰਜਾਬ ਦੇ ਹਰ ਸ਼ਹਿਰ, ਪਿੰਡ ਵਿੱਚ ਪਈਆਂ ਹਨ। ਇਹ ਕਹਾਣੀ ਬਣਨ ਵਿੱਚ ਵਿਗੜੀ ਹੋਈ ਸਮਾਜਿਕ ਵਿਵਸਥਾ ਜ਼ੁੰਮੇਵਾਰ ਹੈ। ਸਮਾਜ ਦੀ ਬੁਰੀ ਤਰ੍ਹਾਂ ਉਲਝ ਚੁੱਕੀ ਤਾਣੀ ਨੂੰ ਠੀਕ ਕਰਨ ਲਈ ਸਰਕਾਰਾਂ ਤੇ ਸਮਾਜ ਲਈ ਸੋਚਣ ਦਾ ਵਿਸ਼ਾ ਹੈ।

CMYK

# ਮਾਡਰਨ ਸੈਕੂਲਰ ਪਬਲਿਕ ਸਕੂਲ ਵਿਖੇ ਵਰਲਡ ਹੈਰੀਟੇਜ ਦਿਵਸ ਮਨਾਇਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਮਾਡਰਨ ਸੈਕੂਲਰ ਪਬਲਿਕ ਸਕੂਲ ਵਿਖੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਰਲਡ ਹੈਰੀਟੇਜ ਦਿਵਸ ਮਨਾਇਆ ਗਿਆ। ਇਸ ਸਬੰਧੀ ਸੰਸਥਾ ਦੇ ਪ੍ਰਿੰਸੀਪਲ ਸੁਨੀਲ ਕਦਮ ਨੇ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਵਿਰਾਸਤ ਨਾਲ ਸਬੰਧਤ ਵੱਖ-ਵੱਖ ਆਈਟਮਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸਕੂਲ ਦੇ ਛੋਟੇ ਬੱਚਿਆਂ ਨੇ ਵਿਰਾਸਤੀ ਫੋਟੋਆਂ ਕੱਟ-ਕੱਟ ਕੇ ਬਹੁਤ ਸੁਹਣੇ ਕੋਲਾਜ ਬਣਾਏ। ਦੂਜੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਕਲਚਰ ਨਾਲ ਸਬੰਧਤ ਪੋਸਟਰ ਬਣਾਏ ਤੇ ਕਲੇਅ ਮਾਡਲਿੰਗ ਕੀਤੀ। ਛੇਵੀਂ ਕਲਾਸ ਤੋਂ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੇ ਵਿਰਾਸਤੀ ਕੋਲਾਜ ਮੇਕਿੰਗ ਕੰਪੀਟੀਸ਼ਨ ਵਿੱਚ ਭਾਗ ਲਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬਹੁਤ ਸੁਹਣੇ ਕੋਲਾਜ ਬਣਾਏ ਤੇ ਆਰਟੀਕਲ ਲਿਖੇ। ਅੰਤ ਵਿੱਚ ਸੰਸਥਾ ਦੇ ਡਿਪਟੀ ਡਾਇਰੈਕਟਰ ਮੈਡਮ ਗੁਰਵਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਹੈਰੀਟੇਜ ਦਿਵਸ ਦੀ ਮਹੱਤਤਾ ਬਾਰੇ ਜਾਣੂ ਕਰਾਇਆ। ਇਸ ਤੋਂ ਇਲਾਵਾ ਮੈਡਮ ਗੁਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਹੌਸਲਾ ਅਫ਼ਜ਼ਾਈ ਕੀਤੀ ਤੇ ਉਨ੍ਹਾਂ ਨੂੰ ਪ੍ਰੋਗਰਾਮ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ।

# ਡੀ ਏ ਵੀ ਸੈਟਨਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜਿੱਤੇ ਗੋਲਡ ਮੈਡਲ



**ਜਗਰਾਉਂ (ਅਮਿਤ ਖੰਨਾ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਸ੍ਰੀਮਤੀ ਰਵਿੰਦਰਪਾਲ ਕੌਰ ਨੇ ਦੱਸਿਆ ਕਿ ਐੱਸ.ਓ.ਐੱਫ ਦੇ ਮੈਥ ਵਿਸ਼ੇ ਵਿੱਚ 36 ਵਿਦਿਆਰਥੀਆਂ ਤੇ ਸਾਇੰਸ ਵਿਸ਼ੇ ਵਿੱਚ 30 ਵਿਦਿਆਰਥੀਆਂ ਨੇ ਗੋਲਡ ਮੈਡਲ ਹਾਸਲ ਕੀਤੇ। ਮੈਥ ਵਿੱਚ ਪਹਿਲੀ ਜਮਾਤ ਦੀ ਵਿਦਿਆਰਥਣ ਪ੍ਰਿੰਕਲ ਗੋਇਲ ਨੇ ਜ਼ੋਨਲ ਲੈਵਲ 'ਤੇ ਗੋਲਡ ਮੈਡਲ ਹਾਸਲ ਕੀਤਾ। ਕਾਰਜਕਾਰੀ ਪ੍ਰਿੰਸੀਪਲ ਰਵਿੰਦਰ ਪਾਲ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਗੋਲਡ ਮੈਡਲ ਪਹਿਨਾ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਹੋਰਨਾਂ ਵਿਦਿਆਰਥੀਆਂ ਨੂੰ ਵੀ ਅਜਿਹੇ ਮੁਕਾਬਲਿਆਂ ਦਾ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਦੇ ਨਾਲ-ਨਾਲ ਇਨ੍ਹਾਂ ਵਿਸ਼ਿਆਂ ਦੇ ਅਧਿਆਪਕਾਂ ਸ੍ਰੀਮਤੀ ਮੀਨਾ ਗੋਇਲ, ਮਿਸ ਜਯੋਤਸਨਾ, ਮਿਸ ਆਸਮਿਨ, ਸ੍ਰੀਮਾਨ ਰਾਕੇਸ਼ ਸ਼ਰਮਾ, ਅਰੁਣ ਸਿੰਗਲਾ, ਸ੍ਰੀਮਤੀ ਸੁਖਜੀਵਨ ਸ਼ਰਮਾ, ਸ੍ਰੀਮਤੀ ਮੀਨੂੰ, ਸ੍ਰੀਮਤੀ ਰੁਪਿੰਦਰ ਕੌਰ, ਸ੍ਰੀਮਤੀ ਨੀਸ਼ੂ ਭੱਲਾ, ਸ੍ਰੀਮਤੀ ਪ੍ਰੀਤੀ ਬਾਂਸਲ ਸਭ ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਅਜਿਹੀਆਂ ਪ੍ਰੀਖਿਆਵਾਂ ਲਈ ਤਿਆਰ ਕਰਨ ਲਈ ਕੀਤੀ ਕਾਰਗੁਜ਼ਾਰੀ ਲਈ ਸ਼ਲਾਘਾ ਕੀਤੀ ਗਈ। ਇਸ ਮੌਕੇ ਸ੍ਰੀਮਤੀ ਸਤਵਿੰਦਰ ਕੌਰ, ਸ੍ਰੀਮਤੀ ਸੀਮਾ ਬਸੀ, ਸ੍ਰੀਮਤੀ ਮੀਨਾ ਨਾਗਪਾਲ ਤੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਮੁਸਲਿਮ ਭਾਈਚਾਰੇ ਵੱਲੋਂ ਰੋਜ਼ਾ ਇਫਤਾਰ ਪਾਰਟੀ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਮੁਸਲਿਮ ਭਾਈਚਾਰੇ ਵੱਲੋਂ ਮਦੀਨਾ ਮਸਜਿਦ ਦੇ ਨਾਲ ਲੱਗਦੇ ਡੇਰਾ ਬਾਬਾ ਗੁੱਦੜ ਸ਼ਾਹ ਵਿਖੇ ਡਾ. ਸੁਲਤਾਨ ਸ਼ਾਹ ਦੀ ਅਗਵਾਈ ਹੇਠ ਰੋਜ਼ਾ ਇਫਤਾਰ ਪਾਰਟੀ ਕੀਤੀ ਗਈ, ਜਿਸ ਵਿੱਚ ਵੱਖ ਵੱਖ ਧਰਮਾਂ ਦੇ ਲੋਕ ਸ਼ਾਮਲ ਹੋਏ। ਇਸ ਮੌਕੇ ਮੌਲਵੀ ਮੁਹੰਮਦ ਸੱਯਦ ਨੇ ਕਿਹਾ ਕਿ ਮੁਸਲਿਮ ਧਰਮ ਹਰ ਧਰਮ ਦਾ ਸਤਿਕਾਰ ਕਰਨਾ ਸਿਖਾਉਂਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰੇ ਤਿਉਹਾਰ ਰਲ ਮਿਲ ਕੇ ਭਾਈਚਾਰਕ ਸਾਂਝ ਨਾਲ ਮਨਾਉਣੇ ਚਾਹੀਦੇ ਹਨ। ਇਸ ਮੌਕੇ ਬਾਬਾ ਬਾਲਕ ਦਾਸ, ਬਾਬਾ ਮਿੱਠੂ ਖਾਨ, ਡਾ. ਸੁਲਤਾਨ ਸ਼ਾਹ, ਬਾਰੂ ਖਾਂ, ਸਰਦਾਰ ਅਲੀ, ਮਿੱਠੂ ਖਾਨ, ਫਿਰਜ਼ ਖਾਨ, ਫਾਰੂਕ ਖਾਨ, ਸਲੀਮ ਖਾਨ, ਕਰਮਜੀਤ ਸਿੰਘ ਪੱਪੀ, ਜਰਨੈਲ ਸਿੰਘ ਢਿੱਲੋਂ, ਐਡਵੋਕੇਟ ਗਗਨ ਸਿੰਘ ਚਹਿਲ, ਸ਼ੰਭੂ ਰਾਮ, ਨਵੀਨ ਜਿੰਦਲ, ਆਰਕੀਟੈਕਟ ਮਨੋਜ ਗੋਇਲ, ਜੱਸੀ ਸਮਾਉਂ ਤੇ ਵਿਵੇਕ ਜੈਨ ਬੱਬੂ ਹਾਜ਼ਰ ਸਨ।

## ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ 'ਚ ਮਹਾਤਮਾ ਹੰਸ ਰਾਜ ਜਯੰਤੀ ਮਨਾਈ



**ਜਗਰਾਓਂ (ਨਛੱਤਰ ਸੰਧੂ)**-ਡੀ ਏ ਵੀ ਪਬਲਿਕ ਸਕੂਲ ਜਗਰਾਉਂ ਵਿਖੇ ਮਹਾਤਮਾ ਹੰਸ ਰਾਜ ਜੀ ਦਾ ਜਨਮ ਉਤਸਵ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਹਵਨ ਯੱਗ ਕੀਤਾ ਗਿਆ, ਜਿਸ ਵਿੱਚ ਕਾਰਜਕਾਰੀ ਪ੍ਰਿੰਸੀਪਲ ਰਵਿੰਦਰਪਾਲ ਕੌਰ, ਮੈਡਮ ਸਤਵਿੰਦਰ ਕੌਰ, ਮੈਡਮ ਸੀਮਾ ਬੱਸੀ ਤੇ ਸਮੂਹ ਸਟਾਫ ਤੋਂ ਇਲਾਵਾ ਨਰਸਰੀ ਤੇ ਯੂ.ਕੇ.ਜੀ. ਜਮਾਤ ਦੇ ਵਿਦਿਆਰਥੀ ਸ਼ਾਮਲ ਹੋਏ। ਇਸ ਮੌਕੇ ਸੱਤਵੀਂ ਜਮਾਤ ਦੀ ਵਿਦਿਆਰਥਣ ਮੰਨਤਪ੍ਰੀਤ ਕੌਰ ਨੇ ਮਹਾਤਮਾ ਹੰਸ ਰਾਜ ਜੀ ਦੇ ਜੀਵਨ ਉੱਤੇ ਪ੍ਰਕਾਸ਼ ਪਾਉਂਦੇ ਹੋਏ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਬਾਅਦ ਨੌਵੀਂ ਦੀ ਵਿਦਿਆਰਥਣ ਜਾਨਵੀ ਬਗਰੀਆ ਨੇ ਇੱਕ ਸੁੰਦਰ ਕਵਿਤਾ ਪੇਸ਼ ਕੀਤੀ। ਅੱਠਵੀਂ ਦੇ ਵਿਦਿਆਰਥੀਆਂ ਦੁਆਰਾ ਭਜਨ ਗਾਇਨ ਕੀਤਾ ਗਿਆ। ਇਸ ਮੌਕੇ ਸਕੂਲ ਦੀ ਕਾਰਜਕਾਰੀ ਪ੍ਰਿੰਸੀਪਲ ਰਵਿੰਦਰਪਾਲ ਕੌਰ ਨੇ ਮਹਾਤਮਾ ਹੰਸ ਰਾਜ ਸੀ ਦੇ ਜਨਮ ਦਿਨ ਦੀਆਂ ਸਭ ਨੂੰ ਵਧਾਈਆਂ ਦਿੰਦੇ ਹੋਏ ਬੱਚਿਆਂ ਨੂੰ ਮਹਾਤਮਾ ਜੀ ਦੁਆਰਾ ਦਿਖਾਏ ਗਏ ਸਚਾਈ, ਦ੍ਰਿੜ੍ਹਤਾ ਤੇ ਤਿਆਗਸ਼ੀਲਤਾ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਸਟਾਫ ਦੁਆਰਾ ਮਹਾਤਮਾ ਜੀ ਨੂੰ ਫੁੱਲ ਅਰਪਿਤ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਲਿਆ ਗਿਆ।

## ਐੱਸ ਬੀ ਆਈ ਦੇ ਅਧਿਕਾਰੀ ਨੂੰ ਸਨਮਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਲੋਟ ਰੋਡ ਸਥਿਤ ਸਟੇਟ ਬੈਂਕ ਆਫ ਇੰਡੀਆ ਦੇ ਅਧਿਕਾਰੀ ਪਵਨ ਸੈਨ ਨੂੰ ਬੈਂਕ ਪ੍ਰਬੰਧਕਾਂ ਵੱਲੋਂ ਬਿਹਤਰੀਨ ਸੇਵਾਵਾਂ ਬਦਲੇ ਵਿਸ਼ੇਸ਼ ਸਨਮਾਨ ਦਿੰਦਿਆਂ ਸਨਮਾਨਤ ਕੀਤਾ ਗਿਆ। ਬੈਂਕ ਦੇ ਚੀਫ ਮੈਨੇਜਰ ਧਰਮਿੰਦਰ ਵੱਲੋਂ ਪਵਨ ਸੈਨ ਨੂੰ ਵਧੀਆ ਸੇਵਾਵਾਂ ਤੇ ਸਮੇਂ ਸਿਰ ਟਾਰਗੇਟ ਪੂਰੇ ਕਰਨ ਬਦਲੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪਵਨ ਸੈਨ, ਪਵਨ ਕੁਮਾਰ ਸਮੇਤ ਬੈਂਕ ਦੇ ਹੋਰ ਮੁਲਾਜ਼ਮ ਮੌਜੂਦ ਸਨ।

## ਭਾਜਪਾ ਸੋਸ਼ਲ ਮੀਡੀਆ ਦੇ ਜ਼ਿਲ੍ਹਾ ਤੇ ਤਹਿਸੀਲ ਪੱਧਰ ਦੇ ਅਹੁਦੇਦਾਰ ਨਿਯੁਕਤ




**ਮੱਖੂ (ਰਛਪਾਲ ਸਿੰਘ ਸੰਧੂ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਵਤਾਰ ਸਿੰਘ ਜ਼ੀਰਾ ਨਾਲ ਸਲਾਹ ਮਸ਼ਵਰੇ ਉਪਰੰਤ ਭਾਜਪਾ ਸੋਸ਼ਲ ਮੀਡੀਆ ਦੇ ਜ਼ਿਲ੍ਹਾ ਇੰਚਾਰਜ ਸੰਦੀਪ ਸਚਦੇਵਾ ਵੱਲੋਂ ਜ਼ਿਲ੍ਹਾ ਤੇ ਵਿਧਾਨ ਸਭਾ ਹਲਕਿਆਂ ਵਿੱਚ ਸੋਸ਼ਲ ਮੀਡੀਆ ਵਿੰਗ ਵਿੱਚ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਭਾਜਪਾ ਸੋਸ਼ਲ ਮੀਡੀਆ ਜ਼ਿਲ੍ਹਾ ਫਿਰੋਜ਼ਪੁਰ ਦੇ ਇੰਚਾਰਜ ਸੰਦੀਪ ਸਚਦੇਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਜਪਾ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਵਤਾਰ ਸਿੰਘ ਜ਼ੀਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਤਿਨ ਸ਼ਰਮਾ ਨੂੰ ਜ਼ਿਲ੍ਹਾ ਕੋ-ਇੰਚਾਰਜ, ਰਿਪਲ ਨਾਰੰਗ ਤੇ ਸੁਰਿੰਦਰ ਪਾਲ ਰਾਜੂ ਨੂੰ ਜ਼ਿਲ੍ਹਾ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਗੁਰੂ ਹਰਸਹਾਏ ਤੋਂ ਅਨਮੋਲ ਤੁਲੀ, ਵਿਧਾਨ ਸਭਾ ਹਲਕਾ ਜ਼ੀਰਾ ਤੋਂ ਰਮਨ ਸ਼ਰਮਾ, ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਤੋਂ ਜਤਿੰਦਰ ਮੋਂਗਾ ਤੇ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਲਖਵਿੰਦਰ ਸਿੰਘ ਨੂੰ ਕੋ-ਕਨਵੀਨਰ ਸੋਸ਼ਲ ਮੀਡੀਆ ਜ਼ਿਲ੍ਹਾ ਫਿਰੋਜ਼ਪੁਰ ਨਿਯੁਕਤ ਕੀਤਾ ਗਿਆ ਹੈ। ਸੋਸ਼ਲ ਮੀਡੀਆ 'ਚ ਨਵ-ਨਿਯੁਕਤ ਕੀਤੇ ਅਹੁਦੇਦਾਰ ਜਤਿਨ ਸ਼ਰਮਾ, ਰਿਪਲ ਨਾਰੰਗ, ਸੁਰਿੰਦਰ ਪਾਲ ਰਾਜੂ, ਅਨਮੋਲ ਤੁਲੀ, ਰਮਨ ਸ਼ਰਮਾ ਤੇ ਲਖਵਿੰਦਰ ਸਿੰਘ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਭਾਜਪਾ ਪ੍ਰਧਾਨ ਅਵਤਾਰ ਸਿੰਘ ਜ਼ੀਰਾ ਤੇ ਸੋਸ਼ਲ ਮੀਡੀਆ ਜ਼ਿਲ੍ਹਾ ਫਿਰੋਜ਼ਪੁਰ ਦੇ ਇੰਚਾਰਜ ਸੰਦੀਪ ਸਚਦੇਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਵੱਲੋਂ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਹ ਤਹਿ ਦਿਲੋਂ ਨਿਭਾਈ ਜਾਵੇਗੀ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਇੱਕ ਕਰਕੇ ਪਾਰਟੀ ਦੀਆਂ ਉਮੀਦਾਂ 'ਤੇ ਖਰਾ ਉਤਰਨਗੇ।

# ਰੇਲਵੇ ਸਟੇਸ਼ਨ 'ਤੇ ਹੋਵੇਗਾ ਮਜ਼ਦੂਰ ਦਿਵਸ ਮੌਕੇ ਸਮਾਗਮ

**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**-ਮਈ ਦਿਵਸ ਥਾਂ ਥਾਂ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਹਨ। ਇਸ ਵਾਰ ਵੀ ਰੇਲਵੇ ਸਟੇਸ਼ਨ ਵਿਖੇ ਇੱਕ ਵਿਸ਼ਾਲ ਸਮਾਗਮ ਕੀਤਾ ਜਾਏਗਾ। ਇਸ ਸਬੰਧੀ ਤਿਆਰੀ ਕਮੇਟੀ ਦੀ ਇੱਕ ਮੀਟਿੰਗ ਵੀ ਹੋਈ। ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇ ਪੀ ਐੱਮ ਓ) ਦੀ ਮੀਟਿੰਗ ਲੁਧਿਆਣਾ ਵਿਖੇ ਨੌਰਥਨ ਰੇਲਵੇ ਮੈਨ ਯੂਨੀਅਨ ਦੇ ਦਫਤਰ ਵਿੱਚ ਐੱਨ ਆਰ ਐੱਮ ਯੂ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਮਜ਼ਦੂਰ, ਕਿਸਾਨ, ਮੁਲਾਜ਼ਮ, ਔਰਤਾਂ, ਨੌਜਵਾਨਾਂ ਦੀਆਂ ਜਥੇਬੰਦੀਆਂ ਮਿਲ ਕੇ ਇਹ ਦਿਵਸ ਮਨਾਉਣਗੀਆਂ ਤੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੀਆਂ। ਮੀਟਿੰਗ ਦੇ ਫੈਸਲਿਆਂ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦਿਆਂ ਜੇ ਪੀ ਐੱਮ ਓ ਦੇ ਜ਼ਿਲ੍ਹਾ ਲੁਧਿਆਣਾ ਦੇ ਕਨਵੀਨਰ ਰਘਵੀਰ ਸਿੰਘ ਬੈਨੀਪਾਲ ਨੇ ਕਿਹਾ ਕਿ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਲੁਧਿਆਣਾ ਰੇਲਵੇ ਸਟੇਸ਼ਨ 'ਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਈ ਦਿਵਸ ਦੇ ਸ਼ਹੀਦਾਂ ਨੂੰ ਯਾਦ ਕੀਤਾ ਜਾਵੇਗਾ। ਕੇਂਦਰ ਦੀ ਮੋਦੀ ਤੇ ਸੂਬਾ ਸਰਕਾਰ ਵੱਲੋਂ ਮਜ਼ਦੂਰਾਂ ਕਿਸਾਨਾਂ ਤੋਂ ਜੋ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ, ਉਨ੍ਹਾਂ ਸਹੂਲਤਾਂ ਨੂੰ ਜਾਰੀ ਰਖਵਾਉਣ ਲਈ ਵਿਉਂਤਬੰਦੀ ਕੀਤੀ ਜਾਵੇਗੀ। ਇਸ ਮੌਕੇ ਜਿੱਥੇ ਸੀ ਟੀ ਯੂ ਪੰਜਾਬ ਦੇ ਮੀਤ ਪ੍ਰਧਾਨ ਮੰਗਤ ਰਾਮ ਪਾਸਲਾ ਸੰਬੋਧਨ ਕਰਨਗੇ, ਉੱਥੇ ਲੋਕ ਪੱਖੀ ਗੀਤ ਸੰਗੀਤ ਵੀ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੌਰਥਨ ਰੇਲਵੇ ਮੈਨਜ਼ ਯੂਨੀਅਨ ਦੇ ਘਣਸ਼ਾਮ ਸਿੰਘ, ਜਸਵੀਰ ਸਿੰਘ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਸਕੱਤਰ ਹਰਨੇਕ ਸਿੰਘ ਗੁੱਜਰਵਾਲ, ਸੀ ਟੀ ਯੂ ਪੰਜਾਬ ਦੇ ਜ਼ਿਲ੍ਹਾ ਸਕੱਤਰ ਜਗਦੀਸ਼ ਚੰਦ, ਲਾਲ ਝੰਡਾ ਟੈਕਸਟਾਈਲ ਯੂਨੀਅਨ ਦੇ ਆਗੂ ਤਹਿਸੀਲਦਾਰ ਯਾਦਵ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਸੰਕਰ ਹਾਜ਼ਰ ਸਨ।

# 'ਭਾਜਪਾ ਹਟਾਓ-ਦੇਸ਼ ਬਚਾਓ' ਨਾਹਰੇ ਨੂੰ ਜਨਤਕ ਕਰਕੇ ਲੋਕ ਲਾਮਬੰਦੀ ਕਰਾਂਗੇ : ਚੌਹਾਨ

**ਸੀ ਪੀ ਆਈ ਵੱਲੋਂ ਜਨ-ਸੰਪਰਕ ਮੁਹਿੰਮ ਰਾਹੀਂ 2024 'ਚ ਲੋਕ ਪੱਖੀ ਪਾਰਟੀਆਂ ਨੂੰ ਜਿਤਾਉਣ ਦਾ ਸੱਦਾ**



**ਮਾਨਸਾ (ਆਤਮਾ ਸਿੰਘ ਪਮਾਰ)**
ਸੀ ਪੀ ਆਈ ਦੇ ਦੇਸ਼ ਵਿਆਪੀ ਸੱਦੇ ਤਹਿਤ 14 ਅਪ੍ਰੈਲ ਤੋਂ 15 ਮਈ ਤੱਕ 'ਭਾਜਪਾ ਹਟਾਓ, ਲੋਕਤੰਤਤ ਤੇ ਦੇਸ਼ ਬਚਾਓ' ਦੇ ਨਾਹਰੇ ਤਹਿਤ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਜਨਤਕ ਕਰਨ ਲਈ ਸਥਾਨਕ ਦਾਣਾ ਮੰਡੀ ਵਿਖੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਦੀ ਅਗਵਾਈ ਹੇਠ ਲੋਕ ਮਿਲਣੀ ਕੀਤੀ। ਇਸ ਸਮੇਂ ਉਨ੍ਹਾ ਕਿਹਾ ਕਿ ਮੋਦੀ ਰਾਜ ਵਿੱਚ ਮਹਿੰਗਾਈ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਸਿਖਰਾਂ 'ਤੇ ਪਹੁੰਚ ਗਿਆ ਹੈ। ਦੇਸ਼ ਦੀ ਦੌਲਤ ਤੇ ਸਰਕਾਰੀ ਜਾਇਦਾਦ ਅੰਬਾਨੀ-ਅੰਡਾਨੀ ਆਦਿ ਕਾਰਪੋਰੇਟ ਮਗਰਮੱਛਾਂ ਦੇ ਹਵਾਲੇ ਕੀਤੀ ਜਾ ਰਹੀ ਹੈ, ਜਦ ਕਿ ਆਮ ਲੋਕ ਜ਼ਿੰਦਗੀ ਦੀਆਂ ਦੀਆਂ ਮੁਢਲੀਆਂ ਲੋੜਾਂ ਲਈ ਤਰਸ ਰਹੇ ਹਨ ਤੇ ਸਰਕਾਰ ਲੋਕਾਂ ਦਾ ਅਸਲ ਮੁੱਦਿਆ ਤੋਂ ਧਿਆਨ ਹਟਾਉਣ ਲਈ ਫਿਰਕੂ ਧਰੁਵੀਕਰਨ ਤੇ ਘੱਟ ਗਿਣਤੀਆਂ ਖਿਲਾਫ ਨਫਰਤ ਦੀ ਨੀਤੀ 'ਤੇ ਚੱਲ ਰਹੀ ਹੈ।

ਕਮਿਊਨਿਸਟ ਆਗੂ ਨੇ ਕਿਹਾ ਕਿ ਲੋਕਤੰਤਰ, ਸੰਵਿਧਾਨ ਤੇ ਦੇਸ਼ ਬਚਾਉਣ ਲਈ 2024 ਵਿੱਚ ਭਾਜਪਾ ਨੂੰ ਹਟਾ ਕੇ ਲੋਕ ਪੱਖੀ ਪਾਰਟੀਆਂ ਨੂੰ ਜਿਤਾਉਣ ਦੀ ਅਪੀਲ ਕੀਤੀ। ਮੀਟਿੰਗ ਮੌਕੇ ਰਤਨ ਭੋਲਾ, ਸੁਖਦੇਵ ਸਿੰਘ ਮਾਨਸਾ, ਹਰਪ੍ਰੀਤ, ਨਰਿੰਦਰ ਕੌਰ, ਰੋਹਿਤ ਨੇ ਮੰਗ ਕੀਤੀ ਸਰਕਾਰ ਵੱਲੋਂ ਦਿੱਤੀਆਂ ਗਰੰਟੀਆਂ ਕੇਵਲ ਲਾਰਾ ਸਾਬਿਤ ਹੋਇਆ ਹੈ। ਉਨ੍ਹਾ ਮਜ਼ਦੂਰਾਂ ਦੇ ਨਰਮਾ ਚੁਗਾਈ ਤੇ ਬਾਰਸ਼ਾਂ ਕਾਰਨ ਬਰਬਾਦ ਹੋਈਆਂ ਫਸਲਾਂ ਦੇ ਮੁਆਵਜ਼ਾ ਘੱਟੋ ਘੱਟੋ 10,000 ਰੁਪਏ ਦੇਣ ਦੀ ਮੰਗ ਕੀਤੀ।

# ਰਿੰਕੂ ਦੇ ਰੋਡ ਸ਼ੋਅ 'ਚ ਰੰਧਾਵਾ ਸਮੇਤ ਸੈਂਕੜੇ ਵਰਕਰ ਪੁੱਜੇ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੱਢੇ ਜਾ ਰਹੇ ਰੋਡ ਸ਼ੋਅ ਵਿੱਚ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਸਮੇਤ ਸੈਂਕੜੇ ਵਰਕਰਾਂ ਦਾ ਜਥਾ ਰਵਾਨਾ ਹੋਇਆ। ਇਸ ਮੌਕੇ ਗੱਲਬਾਤ ਦੌਰਾਨ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਜਲੰਧਰ ਵਿੱਚ ਰੋਡ ਸ਼ੋਅ ਨਾਲ ਵਿਰੋਧੀ ਪਾਰਟੀਆਂ ਦੀ ਰਾਤਾਂ ਦੀ ਨੀਂਦ ਉਡ ਜਾਵੇਗੀ। ਉਨ੍ਹਾ ਕਿਹਾ ਕਿ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਜੋ ਦਿੱਲੀ ਵਾਸੀਆਂ ਨੂੰ ਸੁੱਖ ਸਹੂਲਤਾਂ ਦਿੱਤੀਆਂ ਗਈਆਂ ਹਨ, ਉਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜੋ ਗਰੰਟੀਆਂ ਦਿੱਤੀਆਂ ਗਈਆਂ ਸਨ ਉਨ੍ਹਾਂ ਨੂੰ ਕਰੀਬ ਇੱਕ ਸਾਲ ਦੇ ਕਾਰਜਕਾਲ ਦੌਰਾਨ ਪੂਰਾ ਕਰਕੇ ਪੰਜਾਬ ਵਾਸੀਆਂ ਦਾ ਦਿਲ ਜਿੱਤਿਆ ਹੈ। ਉਨ੍ਹਾ ਕਿਹਾ ਕਿ ਜਲੰਧਰ ਦੇ ਵੋਟਰ ਬਹੁਤ ਹੀ ਸੂਝਵਾਨ ਅਤੇ ਸਿਆਣੇ ਹਨ ਤੇ ਉਹ ਸੰਗਰੂਰ ਵਰਗੀ ਗਲਤੀ ਕਦੇ ਵੀ ਨਹੀਂ ਕਰਨਗੇ ਤੇ ਉਹ ਇਸ ਵਾਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਵੱਧ ਤੋਂ ਵੱਧ ਵੋਟਾਂ ਦਾ ਮਤਦਾਨ ਕਰਕੇ ਭਾਰੀ ਬਹੁਮਤ ਨਾਲ ਜਿਤਾ ਕੇ ਪਾਰਲੀਮੈਂਟ ਵਿਚ ਭੇਜਣਗੇ। ਇਸ ਮੌਕੇ ਸੀ: ਵਰਕਰ ਤੇ ਪੰਜਾਬ ਕਿਸਾਨ ਮਜ਼ਦੂਰ ਯੂਨੀਅਨ ਦੇ ਜ਼ਿਲਾ ਪ੍ਰਧਾਨ ਅਵਤਾਰ ਸਿੰਘ ਰੰਧਾਵਾ ਸਿੰਘਪੁਰਾ, ਪਰਵੇਜ਼ ਮਸੀਹ ਬਿੱਟਾ ਪੱਖੋਕੇ ਟਾਹਲੀ ਸਾਹਿਬ, ਇਕਬਾਲ ਸਿੰਘ ਸੈਕਟਰੀ, ਲਖਬੀਰ ਸਿੰਘ ਸਰਪੰਚ ਗੋਲਾ ਢੋਲਾ, ਜਸਪਾਲ ਸਿੰਘ ਮਹਿਤਾ, ਜਤਿੰਦਰ ਸਿੰਘ ਮਹਿਤਾ, ਕੁੰਨਣ ਸਿੰਘ ਵੈਰੋਕੇ, ਸਰਪੰਚ ਅਵਤਾਰ ਸਿੰਘ ਮੰਗੀਆਂ, ਕੈਪਟਨ ਕਸ਼ਮੀਰ ਸਿੰਘ ਮਾਲੇਵਾਲ, ਮਾ: ਬਲਦੇਵ ਸਿੰਘ ਮੱਲੇਵਾਲ, ਜਸਬੀਰ ਸਿੰਘ ਫੌਜੀ ਵਡਾਲਾ ਬਾਂਗਰ, ਰਵੀ ਕਾਦੀਆਂ, ਮੋਹਨ ਮਸੀਹ, ਹੈਪੀ ਡੇਰੀਵਾਲ, ਗੁਰਪਾਲ ਸਿੰਘ ਭੀਖੋਵਾਲ, ਸੰਤੋਖ ਸਿੰਘ ਔਜਲਾ, ਰਿੰਕੂ ਲੱਖਣਕਲਾ, ਦਿਲਬਾਗ ਸਿੰਘ, ਰਸ਼ਪਾਲ ਸਿੰਘ ਮਾਨੇਪੁਰ, ਲਵਪ੍ਰੀਤ ਸਿੰਘ ਬਸੰਤਕੋਟ, ਸੁਲੱਖਣ ਸਿੰਘ, ਬਘੇਲ ਸਿੰਘ ਸਹਾਰੀ, ਰਤਨ ਸਿੰਘ ਗੋਸਲ, ਮਨਪ੍ਰੀਤ ਮੰਨਾ ਧਰਮਕੋਟ, ਜਗਮੋਹਨ ਸਿੰਘ ਸਰਪੰਚ ਮੇਘਾ,ਜੇ ਈ ਬਲਜੀਤ ਸਿੰਘ, ਬਿੱਕਾ ਲੱਖਮਾਨੀਆ ਆਦਿ ਤੋਂ ਇਲਾਵਾ ਸੈਂਕੜੇ ਵਰਕਰ ਹਾਜ਼ਰ ਹੋਏ।

# ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਦੀ ਮੀਟਿੰਗ



**ਮੋਗਾ (ਅਮਰਜੀਤ ਬੱਬਰੀ)**
ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਮਹੀਨਾਵਾਰ ਮੀਟਿੰਗ ਚੋਖਾ ਅੰਪਾਇਰ ਹੋਟਲ ਬੁੱਘੀਪੁਰਾ ਚੌਕ ਮੋਗਾ ਵਿਖੇ ਡਾ. ਜਗਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਸਮੇਂ ਉਨ੍ਹਾਂ ਨੇ ਪੰਜਾਬ ਹਰਿਆਣਾ, ਉੱਤਰ ਪ੍ਰਦੇਸ਼, ਹਿਮਾਚਲ ਤੇ ਚੰਡੀਗੜ੍ਹ ਤੋਂ ਪਹੁੰਚੇ ਹੋਏ ਡਾਕਟਰ ਸਾਹਿਬਾਨਾਂ ਨੂੰ ਜੀ ਆਇਆਂ ਕਿਹਾ ਤੇ ਐਸੋਸੀਏਸ਼ਨ ਵੱਲੋਂ ਕਾਂਊਟ ਸੀਜਰ ਮੈਟੀ ਦੀ ਬਰਸੀ 'ਤੇ ਲਗਾਏ ਖੂਨਦਾਨ ਕੈਂਪ 'ਤੇ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ 5 ਤੋਂ ਵੱਧ ਡੋਨਰ ਲੈ ਕੇ ਆਉਣ ਵਾਲਿਆਂ ਨੂੰ ਚਾਂਦੀ ਦੇ ਸਿੱਕੇ ਨਾਲ ਸਨਮਾਨਤ ਕੀਤਾ। ਇਸ ਮੀਟਿੰਗ ਵਿੱਚ ਡਾ. ਸੰਜੀਵ ਸ਼ਰਮਾ ਚੰਬਾ ਤੇ ਡਾ. ਸੁਰਿੰਦਰ ਠਾਕੁਰ ਧਰਮਸ਼ਾਲਾ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪੁੱਜੇ। ਇਸ ਸਮੇਂ ਡਾ. ਸੰਜੀਵ ਸ਼ਰਮਾ ਨੇ ਆਈ ਡੀ ਸੀ ਕਮੇਟੀ ਕੋਲ ਇਲੈਕਟ੍ਰੋਹੋਮਿਓਪੈਥੀ ਦੀ ਮਾਨਤਾ ਲਈ ਚੱਲ ਰਹੇ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਸੁਰਿੰਦਰ ਠਾਕੁਰ ਨੇ ਮਈ ਮਹੀਨੇ ਵਿੱਚ ਚੰਬਾ (ਹਿਮਾਚਲ ਪ੍ਰਦੇਸ) ਵਿਖੇ ਇਲੈਕਟ੍ਰੋਹੋਮਿਓਪੈਥੀ ਦੀ ਐਡਵਾਂਸ ਸਟੱਡੀ ਬਾਰੇ ਹੋਣ ਵਾਲੇ ਸਾਲਾਨਾ ਸੰਮੇਲਨ ਸਬੰਧੀ ਦੱਸਿਆ। ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਨੇ ਲਿਵਰ ਦੇ ਰੋਗਾਂ ਤੇ ਗੁਰਦੇ ਦੇ ਰੋਗਾਂ ਸਬੰਧੀ ਲੈਬਾਟਰੀ ਟੈਸਟਾਂ ਸਬੰਧੀ ਜਾਣਕਾਰੀ ਦਿੱਤੀ। ਕਮਲਜੀਤ ਕੌਰ ਸੇਖੋਂ ਨੇ ਗੁਰਦੇ ਦੇ ਰੋਗੀਆਂ ਵਾਸਤੇ ਡਾਇਟ ਚਾਰਟ ਸਬੰਧੀ ਜਾਣਕਾਰੀ ਦਿੱਤੀ। ਡਾ. ਦਰਬਾਰਾ ਸਿੰਘ ਭੁੱਲਰ ਨੇ ਇਲੈਕਟ੍ਰੋਹੋਮਿਓਪੈਥੀ ਦੀ ਐੱਸ 11 ਦਵਾਈ ਦੇ ਪਲਾਂਟ ਤੇ ਓਸਟਿਓ ਅਰਥਰਾਈਟਸ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਡਾ. ਜਸਵਿੰਦਰ ਸਿੰਘ ਸਮਾਧ ਭਾਈ ਨੇ ਗਦੂਦਾ ਦੀ ਸੋਜ਼ ਦੇ ਕਾਰਨ ਤੇ ਇਲੈਕਟ੍ਰੋਹੋਮਿਓਪੈਥਿਕ ਇਲਾਜ ਬਾਰੇ ਦੱਸਿਆ।

ਡਾ. ਪ੍ਰਮਿੰਦਰ ਕੁਮਾਰ ਪਾਠਕ ਨੇ ਇਲੈਕਟ੍ਰੋਹੋਮਿਓਪੈਥੀ ਦਵਾਈ ਏ-3 ਦੇ ਕੰਮ ਦੇ ਕਾਰਜ ਖੇਤਰ ਸਬੰਧੀ ਜਾਣਕਾਰੀ ਦਿੱਤੀ। ਡਾ. ਅਵਤਾਰ ਸਿੰਘ ਦੇਵਗਨ ਦੁਆਰਾ ਬੱਚੇਦਾਨੀ ਦੀ ਰਸੌਲੀ ਸਬੰਧੀ, ਡਾ. ਰਾਜੇਸ਼ ਸਿਰਸਾ ਨੇ ਸ਼ੂਗਰ ਦੇ ਰੋਗ, ਡਾ. ਸੁਸ਼ੀਲ ਧੀਮਾਨ (ਹਿਮਾਚਲ) ਨੇ ਪਿਸ਼ਾਬ ਪ੍ਰਣਾਲੀ ਦੇ ਰੋਗਾਂ ਦੇ ਇਲਾਜ ਤੇ ਆਪਣਾ-ਆਪਣਾ ਇਲੈਕਟ੍ਰੋਹੋਮਿਓਪੈਥਿਕ ਤਜਰਬਾ ਸਾਂਝਾ ਕੀਤਾ। ਡਾ. ਜਗਜੀਤ ਸਿੰਘ ਗਿੱਲ ਨੇ ਆਏ ਹੋਏ ਡਾਕਟਰ ਸਾਹਿਬਾਨਾਂ ਦਾ ਧੰਨਵਾਦ ਕੀਤਾ। ਮੀਟਿੰਗ ਵਿੱਚ ਵੱਡੀ ਗਿਣਤੀ 'ਚ ਡਾਕਟਰਾਂ ਨੇ ਭਾਗ ਲਿਆ।

# ਅਲਾਇੰਸ ਇੰਟਰਨੈਸ਼ਨਲ ਕਲੱਬ ਨੇ ਕੀਤੀ ਇਫ਼ਤਾਰ ਪਾਰਟੀ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਰਮਜ਼ਾਨ ਦੇ ਪਵਿੱਤਰ ਮਹੀਨੇ ਦੇ 27ਵੇਂ ਰੋਜ਼ੇ ਨੂੰ ਖੁੱਲ੍ਹਵਾਉਣ ਮੌਕੇ ਨਿਹਾਲ ਸਿੰਘ ਵਾਲਾ ਦੇ ਪ੍ਰਸਿੱਧ ਤੇ 2011 ਤੋਂ ਲਗਾਤਾਰ ਚੱਲ ਰਹੀ ਸਮਾਜ-ਸੇਵੀ ਕਲੱਬ ਅਲਾਇੰਸ ਇੰਟਰਨੈਸ਼ਨਲ ਕਲੱਬ ਨੇ ਰੋਜ਼ੇਦਾਰਾਂ ਨੂੰ ਇਫ਼ਤਾਰ ਪਾਰਟੀ ਕੀਤੀ। ਇਫ਼ਤਾਰ ਪਾਰਟੀ ਤੋਂ ਪਹਿਲਾਂ ਸਥਾਨਕ ਮੁਸਲਿਮ ਭਾਈਚਾਰੇ ਦੇ ਵੀਰ ਸ਼ਹਿਰ ਦੀ ਮੁੱਖ ਮਸਜਿਦ 'ਮਸਜਿਦ ਅਬੂ ਬਕਰ' ਵਿਖੇ ਨਮਾਜ਼ ਅਦਾ ਕਰਨ ਖਾਤਰ ਇਕੱਤਰ ਹੋਏ। ਸ਼ਾਮ ਸੱਤ ਵਜੇ ਮੌਲਵੀ ਸਾਹਿਬ ਦੇ ਆਗਿਆ ਦੇਣ ਤੋਂ ਬਾਅਦ ਰੋਜ਼ੇਦਾਰਾਂ ਨੇ ਅਲਾਇੰਸ ਕਲੱਬ ਵੱਲੋਂ ਲਿਆਂਦੇ ਮੇਵੇ ਤੇ ਮਿੱਠਾ ਜਲ ਗ੍ਰਹਿਣ ਕਰਕੇ ਆਪਣੇ ਅੱਜ ਦੇ ਰੋਜ਼ੇ ਨੂੰ ਖੋਲ੍ਹਿਆ ਗਿਆ। ਕਲੱਬ ਪ੍ਰਧਾਨ ਸ੍ਰ. ਸੁਖਪਾਲ ਸਿੰਘ ਘੋਲੀਆ ਨੇ ਇਸ ਮੌਕੇ ਆਈਆਂ ਸੰਗਤਾਂ ਨੂੰ ਕਿਹਾ ਕਿ ਅੱਜ ਦਾ ਸਮਾਂ ਸਾਡੇ ਪੰਜਾਬ 'ਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਖਾਤਰ ਸੁਚੇਤ ਯਤਨ ਕਰਨ ਦਾ ਸਮਾਂ ਹੈ।

ਕਲੱਬ ਵੱਲੋਂ ਇਫ਼ਤਾਰ ਪਾਰਟੀ ਦੇ ਕੇ ਜਿੱਥੇ ਧਰਮ ਕਰਮ ਦਾ ਪਵਿੱਤਰ ਕਾਰਜ ਕੀਤਾ ਗਿਆ ਹੈ, ਉਥੇ ਹੀ ਘੱਟ-ਗਿਣਤੀਆਂ, ਦਲਿਤਾਂ, ਕਿਸਾਨਾਂ, ਰੰਗਕਰਮੀਆਂ ਤੇ ਸਮਾਜ ਦੇ ਹੋਰਨਾਂ ਤਬਕਿਆਂ ਦੀ ਪਹਿਲਾਂ ਤੋਂ ਹੀ ਸਥਾਪਤ ਸਾਂਝ ਨੂੰ ਹੋਰ ਪੀਢਾ ਕਰਨ ਦਾ ਇੱਕ ਹੋਰ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਦੇ ਸੀਨੀਅਰ ਮੈਂਬਰ ਗੁਰਸੇਵਕ ਸਿੰਘ ਗੋਰੀ ਰਣੀਆ, ਕੈਸ਼ੀਅਰ ਡਾਕਟਰ ਮਨਪ੍ਰੀਤ ਸਿੰਘ ਅਪੋਲੋ, ਪ੍ਰੈੱਸ ਸਕੱਤਰ ਨਵਦੀਪ ਸਿੰਘ ਨੰਗਲ, ਡਾਕਟਰ ਗੁਰਮੇਲ ਸਿੰਘ ਮਾਛੀਕੇ (ਸੂਬਾ ਮੀਤ ਪ੍ਰਧਾਨ ਮੈਡੀਕਲ ਪ੍ਰੈਕਟੀਸ਼ਨਰਜ਼ ਯੂਨੀਅਨ), ਜੀਵਨ ਸਿੰਘ ਬਿਲਾਸਪੁਰ (ਕ੍ਰਾਂਤੀਕਾਰੀ ਮਜ਼ਦੂਰ ਆਗੂ), ਇੰਦਰ ਮੋਹਨ ਸਿੰਘ ਪੱਤੋ (ਸੀਨੀਅਰ ਕਿਸਾਨ ਆਗੂ) ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ, ਹਰਜੀਵਨ ਸਿੰਘ ਖਹਿਰਾ ਕਿਸਾਨ ਆਗੂ ਨਿਹਾਲ ਸਿੰਘ ਵਾਲਾ, ਇੰਜੀਨੀਅਰ ਹੁਸਨਮੀਤ ਸਿੰਘ ਰਣਸੀਂਹ ਕਲਾਂ, ਗੁਰਚਰਨ ਸਿੰਘ ਪੱਤੋ ਐੱਨ ਜੀ ਓ, ਗੁਰਦੀਪ ਸਿੰਘ ਬੱਧਨੀ, ਪ੍ਰਸਿੱਧ ਰੰਗਕਰਮੀ ਇੰਦਰ ਮਾਨੂੰਕੇ ਤੇ ਨਵਪ੍ਰੀਤ ਸਿੰਘ ਗਿੱਲ ਹਾਜ਼ਰ ਸਨ।

# ਸ਼ਹੀਦ ਊਧਮ ਸਿੰਘ ਵੈੱਲਫੇਅਰ ਕਲੱਬ ਵੱਲੋਂ ਟਿਊਸ਼ਨ ਸੈਂਟਰ ਵਿਖੇ ਖੂਨਦਾਨ ਕੈਂਪ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਮਹਿਰਾਜ ਕਲੋਨੀ ਦੇ ਸ਼ਹੀਦ ਊਧਮ ਸਿੰਘ ਵੈੱਲਫੇਅਰ ਕਲੱਬ ਵੱਲੋਂ ਇੱਕ ਵਿਸ਼ਾਲ ਖੂਨਦਾਨ ਕੈਂਪ ਯੂ.ਈ.ਐੱਸ.ਸੀ. ਟਿਊਸ਼ਨ ਸੈਂਟਰ ਵਿਖੇ ਲਗਾਇਆ ਗਿਆ। ਅੰਗਰੇਜ਼ੀ ਸਕੂਲ ਆਇਲਟ ਸੈਂਟਰ, ਰਾਮਪੁਰਾ ਫੂਲ ਵੱਲੋਂ ਇਸ ਸੈਂਟਰ ਦੇ ਸਫਲਤਾ ਪੂਰਵਕ ਨਿਰੰਤਰ ਚਲਦਿਆਂ ਚਾਰ ਸਾਲ ਮੁਕੰਮਲ ਹੋਣ ਦੀ ਖੁਸ਼ੀ ਵਿੱਚ ਇਸ ਕੈਂਪ ਨੂੰ ਸਪਾਂਸਰ ਕੀਤਾ ਗਿਆ। ਕੈਂਪ ਦੇ ਮੁੱਖ ਮਹਿਮਾਨ ਪ੍ਰਸਿੱਧ ਸਮਾਜ ਸੇਵੀ ਤੇ ਖੂਨਦਾਨੀ ਸਰੋਜ ਸ਼ਾਹੀ ਵੱਲੋਂ ਰਿਬਨ ਕੱਟਣ ਉਪਰੰਤ ਬੋਲਦਿਆਂ ਕਿਹਾ ਕਿ ਵੈੱਲਫੇਅਰ ਕਲੱਬ ਵੱਲੋਂ ਕੀਤੇ ਜਾ ਰਹੇ ਅਜੇਹੇ ਉੱਦਮਾਂ ਦੀ ਜਿੰਨੀ ਵੀ ਸਰਾਹਣਾ ਕੀਤੀ ਜਾਵੇ, ਥੋੜ੍ਹੀ ਹੈ। ਸਾਨੂੰ ਹਮੇਸ਼ਾ ਪਬਲਿਕ ਹਿੱਤਾਂ ਲਈ ਆਪਣੀਆਂ ਸੇਵਾਵਾਂ ਦਿੰਦੇ ਰਹਿਣਾ ਚਾਹੀਦਾ ਹੈ ਤੇ ਖੂਨ ਦਾਨ ਤੋਂ ਵੱਡਾ ਹੋਰ ਕੋਈ ਪੁੰਨ ਦਾ ਕਾਰਜ ਨਹੀਂ ਹੋ ਸਕਦਾ ਹੈ।

ਡਾ. ਹਰਿੰਦਰ ਪਾਲ ਸਿੰਘ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ, ਰਾਮਪੁਰਾ ਫੂਲ ਨੇ ਕੈਂਪ ਵਿੱਚ ਬਤੌਰ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾ ਕਿਹਾ ਕਿ ਖੂਨ ਦਾਨ ਕਰਨ ਨਾਲ ਸਰੀਰ 'ਤੇ ਕੋਈ ਬੁਰਾ ਪ੍ਰਭਾਵ ਨਹੀਂ ਪੈਂਦਾ, ਬਲਕਿ ਤੰਦਰੁਸਤ ਇਨਸਾਨ ਨੂੰ ਖੂਨ ਦਾਨ ਕਰਦੇ ਰਹਿਣਾ ਚਾਹੀਦਾ ਹੈ। ਇਕਵੰਜਾ ਯੂਨਿਟ ਖੂਨ ਨੂੰ ਸਿਵਲ ਹਸਪਤਾਲ ਰਾਮਪੁਰਾ ਫੂਲ ਦੇ ਬਲੱਡ ਬੈਂਕ ਦੀ ਟੀਮ ਨੇ ਡਾ. ਸਵੀਟੀ ਦੀ ਸੁਪਰਵੀਜ਼ਨ ਵਿੱਚ ਇਕੱਤਰ ਕੀਤਾ। ਅਲਾਇੰਸ ਕਲੱਬ ਵੱਲੋਂ ਮੁਫਤ ਬਲੱਡ ਗਰੁੱਪਿੰਗ ਚੈੱਕਅਪ ਕੈਂਪ ਲਗਾਇਆ ਗਿਆ ਤੇ ਖੂਨਦਾਨੀਆਂ ਨੂੰ ਪ੍ਰਸੰਸਾ ਪੱਤਰ ਦਿੱਤੇ ਗਏ। ਵੈੱਲਫੇਅਰ ਕਲੱਬ ਦੇ ਜਨਰਲ ਸਕੱਤਰ ਹੈੱਡਮਾਸਟਰ ਲਾਭ ਸਿੰਘ ਸਿੱਧੂ ਨੇ ਕਿਹਾ ਕਿ ਕਲੱਬ ਵੱਲੋਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸਮਾਜਿਕ ਉਪਰਾਲੇ ਜਾਰੀ ਰਹਿਣਗੇ। ਕੈਂਪ ਵਿੱਚ ਨਵ ਭਾਰਤ ਕਲਾ ਮੰਚ ਰਜਨੀਸ਼ ਕਰਕਰਾ, ਸੁਖਮੰਦਰ ਕਲਸੀ, ਬਲਦੇਵ ਜਿੰਦਲ, ਸੰਨੀ ਰਾਵਲਾ, ਖੱਤਰੀ ਸਭਾ ਦੇ ਮਹਿੰਦਰ ਸ਼ਾਹੀ, ਦੀਪਕ ਗਾਂਧੀ, ਲਖਵਿੰਦਰ ਧੀਰ, ਸੰਜੀਵ ਕੌੜਾ, ਡਾ. ਸੰਜੀਵ ਵਰਮਾ, ਪਵਨ ਮਹਿਤਾ, ਮਣਕੂ ਮਹਿਤਾ, ਅਲਾਇੰਸ ਕਲੱਬ ਦੇ ਸੁਭਾਸ਼ ਮੰਗਲਾ ਸਮੇਤ ਟੀਮ, ਸਹਾਰਾ ਦੇ ਸੰਦੀਪ ਵਰਮਾ ਟੀਮ ਸਮੇਤ, ਰਜਨੀ ਬਾਲਾ ਐੱਮ ਸੀ, ਸਤੀਸ਼ ਮਿੱਤਲ, ਡਾ. ਸਮੀਤ ਮਿੱਤਲ, ਪ੍ਰੀਤਮ ਆਰਟਿਸਟ, ਨਵਜੋਤ ਸਿਤਾਰਾ, ਮਨੋਹਰ ਸਿੰਘ, ਸਤਨਾਮ ਸੈਂਹਬੀ, ਸੂਰਜ ਰਾਜੋਰਾ, ਮੱਖਣ ਬਲ੍ਹੋ, ਬਲਵੀਰ ਸਿੱਧੂ ਬੱਜੋਆਣਾ, ਦਰਸ਼ਨ ਸੇਖੋਂ, ਦਵਿੰਦਰ ਗਰਗ, ਗੁਰਤੇਜ ਸਿੰਘ ਗੋਗੀ ਬਰਾੜ, ਸਤਵੀਰ ਬਰਾੜ, ਸੁਦਾਮ ਹੁਸੈਨ, ਅਮਨਦੀਪ ਢਿੱਲੋਂ, ਜਿਉਣ ਸਿੰਘ ਖਾਲਸਾ, ਕਰਮ ਸਿੰਘ ਭੁੱਲਰ, ਕਰਮਜੀਤ ਢਿੱਲੋਂ, ਪ੍ਰਦੀਪ ਨਾਮਧਾਰੀ, ਰੁਪਿੰਦਰ ਢਿੱਲੋਂ, ਗੁਰਜਿੰਦਰ ਸਿੰਘ, ਗੁਰਬਿੰਦਰ ਸਿੰਘ, ਗਗਨਦੀਪ, ਕ੍ਰਿਸ਼ਨ ਕੁਮਾਰ ਹਾਜ਼ਰ ਸਨ। ਅੰਤ 'ਚ ਪ੍ਰਧਾਨ ਸੁਰਿੰਦਰ ਧੀਰ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

## ਮੰਦਰ ਦੇ ਨਿਰਮਾਣ ਲਈ 51 ਹਜ਼ਾਰ ਦੀ ਰਾਸ਼ੀ ਭੇਟ



**ਦੋਰਾਹਾ (ਹਰਮਿੰਦਰ ਸੇਠ)**-ਸਵਾਮੀ ਸੱਤਿਆਨੰਦ ਜੀ ਮਹਾਰਾਜ ਭਗਤ ਹੰਸ ਰਾਜ ਵਿੱਜ ਰਾਮ ਸ਼ਰਨਮ ਮਹਿਲਾ ਮੰਡਲੀ ਦੋਰਾਹਾ ਦੇ ਸਹਿਯੋਗ ਨਾਲ ਸ੍ਰੀਮਤੀ ਮੱਧੂ ਖੋਸਲਾ, ਆਸ਼ਾ ਰਾਣੀ, ਕਵਿਤਾ ਗੋਇਲ, ਜਨਕ ਦੁਲਾਰੀ ਭਨੋਟ, ਦਿਵਯਾ ਕਪਿਲਾ, ਪ੍ਰਵੀਨ ਭੱਟੀ, ਕਿਰਨ ਭਾਰਦਵਾਜ, ਰਿਚਾ ਖੋਸਲਾ, ਸ਼ਿਵਾਨੀ ਬੈਕਟਰ, ਆਸ਼ੂ ਕਪਿਲਾ ਤੇ ਸਮੂਹ ਮੰਡਲੀ ਵੱਲੋਂ ਸਨਤਾਨ ਧਰਮ ਮੰਦਿਰ ਦੋਰਾਹਾ ਵਿਖੇ ਖਾਟੂ ਸ਼ਾਮ ਮੰਦਿਰ ਦੇ ਨਿਰਮਾਣ ਲਈ 51 ਹਜ਼ਾਰ ਰੁਪਏ ਸਨਾਤਨ ਧਰਮ ਮੰਦਰ ਪ੍ਰਬੰਧਕ ਕਮੇਟੀ ਨੂੰ ਭੇਟ ਕੀਤੇ। ਇਸ ਮੌਕੇ ਸਨਾਤਨ ਧਰਮ ਮੰਦਿਰ ਕਮੇਟੀ ਦੇ ਸਮੂਹ ਮੈਂਬਰ ਡਾ. ਜੇ ਐੱਲ ਆਨੰਦ, ਏ ਕੇ ਟੰਡਨ, ਵਿਜੈ ਮਕੌਲ, ਸੰਜੀਵ ਬਾਂਸਲ, ਕ੍ਰਿਸ਼ਨ ਵਿਨਾਇਕ, ਰਵੀ ਮਹਿਤਾ, ਮਨੋਜ ਬਾਂਸਲ, ਸੰਜੀਵ ਭਨੋਟ, ਰਿੱਕੀ ਬੈਕਟਰ ਆਦਿ ਹਾਜ਼ਰ ਸਨ।


**TATA CAPITAL FINANCIAL SERVICES LTD.**
Registered Address: 11th Floor, Tower A, Peninsula Business Park, Ganpatrao Kadam Marg, Lower Parel, Mumbai – 400013
Branch Address: SCO 56 Madhya Marg, Sector-26, Chandigarh-160019.

**ਅਚੱਲ ਜਾਇਦਾਦ ਦੀ ਵਿਕਰੀ ਬਾਰੇ ਵਿਕਰੀ ਨੋਟਿਸ**
(ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 (1) ਨਾਲ ਪੜ੍ਹੇ ਜਾਂਦੇ ਰੂਲ 8 (6) ਤਹਿਤ

ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 (1) ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਰੂਲ 8 (6) ਦੀਆਂ ਵਿਵਸਥਾਵਾਂ ਅਧੀਨ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ

**ਕਰਜ਼ਾ ਖਾਤਾ ਨੰ: 5087454 : ਸ੍ਰੀ ਨਛੱਤਰ ਸਿੰਘ**

ਆਮ ਜਨਤਾ ਅਤੇ ਖਾਸ ਕਰਕੇ ਹੇਠਾਂ ਦਰਸਾਏ ਕਰਜ਼ਦਾਰ/ਸਹਿ-ਕਰਜ਼ਦਾਰ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਜੋ ਕਿ ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਲਿਮ. (ਸਕਿਓਰਡ ਕੈਡੀਟਰ/ਟੀ ਸੀ ਐੱਫ ਐੱਸ ਐੱਲ) ਕੋਲ ਗਿਰਵੀ ਹੈ, ਜਿਸ ਦਾ ਕਬਜ਼ਾ ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਲਿਮ. (ਸਕਿਓਰਡ ਕ੍ਰੈਡੀਟਰ) ਦੇ ਅਧਿਕਾਰਤ ਅਫਸਰ ਵੱਲੋਂ ਲਿਆ ਜਾ ਚੁੱਕਾ ਹੈ ਅਤੇ 12 ਮਈ 2023 ਨੂੰ 'ਜਿਵੇਂ ਹੈ ਜਿੱਥੇ ਹੈ' ਅਤੇ 'ਜੋ ਹੈ ਜਿਵੇਂ ਹੈ' ਅਤੇ 'ਉਥੇ ਜੋ ਵੀ ਹੈ' ਅਤੇ ਬਿਨਾਂ ਰੀਕੋਰਸ ਅਧਾਰ 'ਤੇ ਵੇਚੀ ਜਾਵੇਗੀ।

ਜਦੋਂ ਕਿ ਸਕਿਊਰਡ ਡੇਬਿਟ ਦੀ ਵਸੂਲੀ ਲਈ ਸਕਿਊਰਡ ਐੱਸਟ ਦੀ ਵਿਕਰੀ ਕੀਤੀ ਜਾਵੇਗੀ ਅਤੇ ਜਦੋਂ ਕਿ ਕਰਜ਼ਾ ਖਾਤਾ ਨੰ. 5087454 'ਚ ਬਕਾਇਆ ਰਕਮ ਰੁਪਏ 82,30,646/- (ਬਿਆਸੀ ਲੱਖ ਤੀਹ ਹਜ਼ਾਰ ਛੇ ਸੌ ਸਿਆਲੀ ਰੁਪਏ ਕੇਵਲ ) ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਮਿਤੀ 14.05.2021 ਦੇ ਡਿਮਾਂਡ ਨੋਟਿਸ 'ਚ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਅਰਥਾਤ (1) ਨਛੱਤਰ ਸਿੰਘ ਪੁੱਤਰ ਸ੍ਰੀ ਗੁਰਦੀਪ ਸਿੰਘ ਮਕਾਨ ਨੰ. 2160, ਆਸ਼ਿਆਨਾ ਸੁਸਾਇਟੀ, ਸੈਕਟਰ 48-ਸੀ, ਚੰਡੀਗੜ੍ਹ 160047, ਨਾਲ ਹੀ : ਮਕਾਨ ਨੰ. 9, ਪਿੰਡ ਸਦਨਪੁਰ, ਡਾਕਖਾਨਾ ਜਟਵਾਰ, ਤਹਿਸੀਲ ਨਰਾਇਣਗੜ੍ਹ, ਅੰਬਾਲਾ-134201, ਨਾਲ ਹੀ : ਪਲਾਟ/ਐੱਸ ਸੀ ਐੱਫ ਨੰ. 1, ਪੁਰਾਣੀ ਕਾਲਕਾ ਰੋਡ, ਪੁਲਸ ਚੌਕੀ ਰੋਡ, ਪਿੰਡ ਲੋਹਗੜ੍ਹ ਸਾਹਮਣੇ ਪਾਣੀ ਵਾਲੀ ਟੈਂਕੀ, ਐੱਨ ਏ ਸੀ ਜ਼ੀਰਕਪੁਰ, ਜ਼ਿਲ੍ਹਾ ਮੁਹਾਲੀ, ਪੰਜਾਬ-140603 (2) ਕਰਮ ਸਿੰਘ ਪੁੱਤਰ ਸ੍ਰੀ ਅਮਰ ਸਿੰਘ ਮਕਾਨ ਨੰ. 2140 , ਆਸ਼ਿਆਨਾ ਇਨਕਲੇਵ, ਸੈਕਟਰ 48-ਸੀ, ਬੁੜੈਲ, ਚੰਡੀਗੜ੍ਹ 160047, ਨਾਲ ਹੀ : ਮਕਾਨ ਨੰ. 9, ਪਿੰਡ ਸਦਨਪੁਰ, ਡਾਕਖਾਨਾ ਜਟਵਾਰ, ਤਹਿਸੀਲ ਨਰਾਇਣਗੜ੍ਹ, ਅੰਬਾਲਾ-134201, ਨਾਲ ਹੀ : ਪਲਾਟ/ਐੱਸ ਸੀ ਐੱਫ ਨੰ. 1, ਪੁਰਾਣੀ ਕਾਲਕਾ ਰੋਡ, ਪੁਲਸ ਚੌਕੀ ਰੋਡ, ਪਿੰਡ ਲੋਹਗੜ੍ਹ, ਸਾਹਮਣੇ ਪਾਣੀ ਵਾਲੀ ਟੈਂਕੀ ਐੱਨ ਏ ਸੀ ਜ਼ੀਰਕਪੁਰ, ਜ਼ਿਲ੍ਹਾ ਮੁਹਾਲੀ, ਪੰਜਾਬ-140607, ਨਾਲ ਹੀ : ਮਕਾਨ ਨੰ. 2188, ਸੈਕਟਰ-79, ਮੁਹਾਲੀ, ਪੰਜਾਬ-160055, ਨਾਲ ਹੀ : ਸਾਹਮਣੇ ਨਾਰਥ ਕੰਟਰੀ ਮਾਲ, ਮੇਨ ਰੋਡ, ਖਰੜ ਤੋਂ ਚੰਡੀਗੜ੍ਹ ਰੋਡ, ਖਰੜ ਪੰਜਾਬ-140301 (3) ਸ੍ਰੀਮਤੀ ਕਰਮਜੀਤ ਕੌਰ, ਮਕਾਨ ਨੰ. 2160, ਆਸ਼ਿਆਨਾ ਸੁਸਾਇਟੀ, ਸੈਕਟਰ 48-ਸੀ, ਚੰਡੀਗੜ੍ਹ-160047, ਨਾਲ ਹੀ : ਮਕਾਨ ਨੰ. 9, ਪਿੰਡ ਸਦਨਪੁਰ, ਡਾਕਖਾਨਾ ਜਟਵਾਰ, ਤਹਿਸੀਲ ਨਰਾਇਣਗੜ੍ਹ, ਅੰਬਾਲਾ-134201 , ਨਾਲ ਹੀ : ਪਲਾਟ/ਐੱਸ ਸੀ ਐੱਫ ਨੰ. 1, ਪੁਰਾਣੀ ਕਾਲਕਾ ਰੋਡ , ਪੁਲਸ ਚੌਕੀ ਰੋਡ, ਪਿੰਡ ਲੋਹਗੜ੍ਹ, ਸਾਹਮਣੇ ਪਾਣੀ ਵਾਲੀ ਟੈਂਕੀ, ਐੱਨ ਏ ਸੀ ਜ਼ੀਰਕਪੁਰ, ਜ਼ਿਲ੍ਹਾ ਮੁਹਾਲੀ, ਪੰਜਾਬ-140603 (4) ਸ੍ਰੀਮਤੀ ਮਨਜੀਤ ਕੌਰ ਮਕਾਨ ਨੰ. 2160, ਆਸ਼ਿਆਨਾ ਸੁਸਾਇਟੀ, ਸੈਕਟਰ 48-ਸੀ, ਚੰਡੀਗੜ੍ਹ 160047, ਨਾਲ ਵੀ : ਮਕਾਨ ਨੰ. 9, ਪਿੰਡ ਸਦਨਪੁਰ, ਡਾਕਖਾਨਾ ਜਟਵਾਰ, ਤਹਿਸੀਲ ਨਰਾਇਣਗੜ੍ਹ, ਅੰਬਾਲਾ 134201, ਨਾਲ ਹੀ : ਪਲਾਟ/ਐੱਸ ਸੀ ਐੱਫ ਨੰ. 1, ਪੁਰਾਣੀ ਕਾਲਕਾ ਰੋਡ, ਪੁਲਸ ਚੌਕੀ ਰੋਡ ਪਿੰਡ ਲੋਹਗੜ੍ਹ, ਸਾਹਮਣੇ ਪਾਣੀ ਵਾਲੀ ਟੈਂਕੀ, ਐੱਨ ਏ ਸੀ ਜ਼ੀਰਕਪੁਰ, ਜ਼ਿਲ੍ਹਾ ਮੁਹਾਲੀ, ਪੰਜਾਬ-140603, ਨਾਲ ਹੀ : ਮਕਾਨ ਨੰ. 2188, ਸੈਕਟਰ 79, ਮੁਹਾਲੀ ਪੰਜਾਬ-160055, ਤੋਂ ਮੰਗ ਕੀਤੀ ਗਈ ਸੀ।

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਵਿਕਰੀ ਦੀ ਕਿਸੇ ਮੁਅੱਤਲੀ/ਰੋਕ ਦੀ ਗੈਰ-ਹਾਜ਼ਰੀ 'ਚ ਜਾਇਦਾਦ 12 ਮਈ 2023 ਨੂੰ 2.00 ਵਜੇ ਬਾਅਦ ਦੁਪਹਿਰ ਟੀ ਸੀ ਐੱਫ ਐੱਸ ਐੱਲ, ਦੇ ਸ਼ਾਖਾ ਦਫਤਰ ਐੱਸ ਸੀ ਓ 56, ਮੱਧਿਆ ਮਾਰਗ, ਸੈਕਟਰ 26, ਚੰਡੀਗੜ੍ਹ-160019 ਵੱਲੋਂ ਈ ਨਿਲਾਮੀ ਰਾਹੀਂ ਵੇਚੀ ਜਾਵੇਗੀ।

ਜਾਇਦਾਦ ਦੀ ਖਰੀਦ ਲਈ ਮੋਹਰਬੰਦ ਈ-ਨਿਲਾਮੀ ਸਮੇਤ ਈ ਐੱਮ ਡੀ ਡਿਮਾਂਡ ਡਰਾਫਟ ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਲਿਮ. ਦੇ ਅਧਿਕਾਰਤ ਅਫਸਰ ਵੱਲੋਂ 11 ਮਈ 2023 ਨੂੰ ਸ਼ਾਮ 5.00 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ।

| ਸਕਿਊਰਡ ਐੱਸਟ ਦਾ ਵੇਰਵਾ | ਕਬਜ਼ੇ ਦੀ ਕਿਸਮ | ਰਾਖਵੀਂ ਕੀਮਤ (ਰੁਪਏ) | ਰਕਮ ਬਿਆਨਾ : (ਰੁਪਏ) |
|---|---|---|---|
| ਪਿੰਡ ਲੋਹਗੜ੍ਹ ਵਿਖੇ ਸਥਿਤ ਵਪਾਰਕ ਪਲਾਟ ਖੇਵਟ/ਖਤੌਨੀ ਨੰ. 47/49, ਜਿਸ ਦਾ ਖਸਰਾ ਨੰ. 1//24/2/2 (2-11), 4//3 (3-5), 4 (6-2), 7 (4-3), 8/2/2/7 (4-13), 13/1/8 (0-2), 14/1 (0-12), 26/1 (0-6) ਕਿੱਤੇ 8, ਹੱਦਬਸਤ ਨੰ. 46, ਐੱਮ ਸੀ-ਜ਼ੀਰਕਪੁਰ, ਤਹਿਸੀਲ ਡੇਰਾ ਬਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ ਪੈਮਾਇਸ਼ 4 ਮਰਲਾ 7 ਸਰਸਾਈ ਅਰਥਾਤ 145 ਵਰਗ ਗਜ਼। ਹੋਰ ਖਾਸ ਕਰ ਬੈਨਾਮਾ ਡੀਡ ਮਿਤੀ 16.02.2011 ਅਨੁਸਾਰ, ਜੋ ਕਰਮ ਸਿੰਘ ਅਤੇ ਨਛੱਤਰ ਸਿੰਘ ਦੇ ਹੱਕ 'ਚ ਹੈ। ਜਾਇਦਾਦ ਦੀਆਂ ਹੱਦਾਂ : ਪੂਰਬ : ਖਾਲੀ ਪਲਾਟ, ਪੱਛਮ : ਛੱਤਿਆ ਹਿੱਸਾ, ਉੱਤਰ : ਪਾਰਕਿੰਗ ਅਤੇ ਸੜਕ, ਦੱਖਣ : ਸੜਕ | ਭੌਤਿਕ | ਰੁਪਏ 1,10,20,000/-(ਇੱਕ ਕਰੋੜ ਦਸ ਲੱਖ ਵੀਹ ਹਜ਼ਾਰ ਰੁਪਏ ਕੇਵਲ) | ਰੁਪਏ 11,02,000/- (ਗਿਆਰਾਂ ਲੱਖ ਦੋ ਹਜ਼ਾਰ ਰੁਪਏ ਕੇਵਲ) |

ਵੇਚੀ ਜਾਣ ਵਾਲੀ ਜਾਇਦਾਦ ਦਾ ਵੇਰਵਾ ਅਨੁਸੂਚੀ 'ਚ ਦਿੱਤਾ ਗਿਆ ਹੈ, ਵਿਕਰੀ ਰੋਕ ਦਿੱਤੀ ਜਾਵੇਗੀ, ਜੇਕਰ ਦਰਸਾਈ ਗਈ ਬਕਾਇਆ ਰਕਮ ਵਿਆਜ ਅਤੇ ਲਾਗਤਾਂ (ਵਿਕਰੀ ਦੀ ਲਾਗਤ ਸਮੇਤ) ਅਧਿਕਾਰਤ ਅਫਸਰ ਕੋਲ ਟੈਂਡਰ ਕਰ ਦਿੱਤੀਆਂ ਹਨ ਜਾਂ ਉਸ ਦੀ ਤਸੱਲੀ ਮੁਤਾਬਕ ਸਕਿਊਰਡ ਡੈਬਿਟ, ਵਿਆਜ ਅਤੇ ਲਾਗਤਾਂ ਦੀ ਅਦਾਇਗੀ ਦਾ ਸਬੂਤ ਪੇਸ਼ ਕਰ ਦਿੱਤਾ ਗਿਆ ਹੋਵੇ। ਵਿਕਰੀ ਮੌਕੇ ਆਮ ਜਨਤਾ ਨੂੰ ਖੁਦ ਟੈਂਡਰ ਜਮ੍ਹਾ ਕਰਵਾਏ ਜਾਣ ਦਾ ਸੱਦਾ ਹੈ। ਇਸ ਲਈ ਡਿਊਟੀ 'ਤੇ ਤਾਇਨਾਤ ਕੋਈ ਅਫਸਰ ਜਾਂ ਹੋਰ ਵਿਅਕਤੀ ਜੋ ਬੋਲੀ ਨਾਲ ਬੇਹੱਦ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੰਬੰਧਤ ਹੋਵੇ, ਉਕਤ ਵਿਕੀ ਜਾਇਦਾਦ ਨੂੰ ਅਕਵਾਇਰ ਜਾਂ ਅਕਵਾਇਰ ਕਰਨ ਦੀ ਕੋਸ਼ਿਸ਼ 'ਚ ਆਪਣਾ ਹਿੱਤ ਪੇਸ਼ ਨਹੀਂ ਕਰ ਸਕਦਾ। ਜੇਕਰ ਕਰਜ਼ਦਾਰ, ਵਿਕਰੀ ਦੀ ਮਿਤੀ ਤੋਂ ਪਹਿਲਾਂ ਬਕਾਇਆ ਰਕਮ ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਕੋਲ ਪੂਰੀ ਜਮ੍ਹਾਂ ਕਰਵਾ ਦਿੰਦਾ ਹੈ ਤਾਂ ਵਿਕਰੀ ਰੋਕੀ ਜਾ ਸਕਦੀ ਹੈ।

ਵਿਕਰੀ ਸਰਫੇਸੀ ਐਕਟ 2002 ਮੁਤਾਬਕ ਨਿਰਧਾਰਤ ਨਿਯਮ/ਸ਼ਰਤਾਂ ਅਧੀਨ ਹੋਵੇਗੀ। ਈ ਨਿਲਾਮੀ ਪੋਰਟਲ https://bankauctions.in ਰਾਹੀਂ 12 ਮਈ 2023 ਨੂੰ ਬਾਅਦ ਦੁਪਹਿਰ 2.00 ਤੋਂ 3.00 ਵਜੇ ਦਰਮਿਆਨ ਹਰੇਕ 10 ਮਿੰਟ ਦੇ ਅਸੀਮਤ ਵਾਧੇ ਨਾਲ ਹੋਵੇਗੀ।

ਜਾਇਦਾਦ ਦੀ ਖਰੀਦ ਲਈ ਸਾਰੀਆਂ ਬੋਲੀਆਂ ਰਕਮ ਬਿਆਨਾ ਜੋ ਉਪਰੋਕਤ ਵਰਨਣ ਕੀਤੀ ਗਈ ਹੈ, ਡਿਮਾਂਡ ਡਰਾਫਟ ਰਾਹੀਂ "ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਲਿਮ." ਦੇ ਹੱਕ 'ਚ ਚੰਡੀਗੜ੍ਹ ਅਦਾਇਗੀ ਯੋਗ ਜਮ੍ਹਾਂ ਹੋਣਗੀਆਂ। ਜਾਇਦਾਦ ਦਾ ਨਿਰੀਖਣ 28 ਅਪ੍ਰੈਲ 2023 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 5.00 ਵਜੇ ਦਰਮਿਆਨ ਕੀਤਾ ਜਾ ਸਕਦਾ ਹੈ।

ਨੋਟ : ਚਾਹਵਾਨ ਬੋਲੀਕਾਰ ਅਧਿਕਾਰਤ ਅਫਸਰ ਸ੍ਰੀ ਇਆਨ ਭੱਟਾਚਾਰੀਆ, ਈ ਮੇਲ ਆਈ ਡੀ ayan.bhattacharya@tatacaptial.com ਅਤੇ ਮੋਬਾਇਲ ਨੰ. +91 9289724441 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਸਕਿਊਰਡ ਕ੍ਰੈਡੀਟਰ ਦੇ ਵੈੱਬਸਾਈਟ ਲਿੰਕ ਅਰਥਾਤ https://bit.ly/3UNpyBq ਦਾ ਹਵਾਲਾ ਲਿਆ ਜਾਵੇ ਜਾਂ ਅਧਿਕਾਰਤ ਅਫਸਰ ਜਾਂ ਸਰਵਿਸ ਪ੍ਰੋਵਾਈਡਰ ਮੈਸ. 4 ਕਲੋਜਰ ਨਾਲ ਸੰਪਰਕ ਕੀਤਾ ਜਾਵੇ।

ਸਹੀ/-
ਸਥਾਨ : ਚੰਡੀਗੜ੍ਹ — ਅਧਿਕਾਰਤ ਅਫਸਰ
ਮਿਤੀ : 21.04.2023 — ਟਾਟਾ ਕੈਪੀਟਲ ਫਾਇਨੈਂਸ਼ੀਅਲ ਸਰਵਿਸਿਜ਼ ਲਿਮ:


# ਕੋਮਲ ਸ਼ਰਮਾ ਬਣੇ ਮਿਊਂਸਪਲ ਕਰਮਚਾਰੀ ਯੂਨੀਅਨ ਦੇ ਪ੍ਰਧਾਨ


ਮਿਊਂਸਪਲ ਕਰਮਚਾਰੀ ਯੂਨੀਅਨ ਦੀ ਚੋਣ ਦੌਰਾਨ ਸੰਬੋਧਨ ਕਰਦੇ ਹੋਏ ਰਮੇਸ਼ ਕੁਮਾਰ।

**ਜੈਤੋ (ਸਤੀਸ਼ ਕੁਮਾਰ ਭੀਰੀ)**-ਇੱਥੇ ਨਗਰ ਕੌਂਸਲ ਜੈਤੋ ਵਿਖੇ ਮਿਊਂਸਪਲ ਕਰਮਚਾਰੀ ਯੂਨੀਅਨ ਦੀ ਇੱਕ ਮੀਟਿੰਗ ਚਰਨਜੀਤ ਸਿੰਘ ਡੋਡ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਦੋ ਸਾਲਾਂ ਲਈ ਸਰਬਸੰਮਤੀ ਨਾਲ ਕੋਮਲ ਸ਼ਰਮਾ ਨੂੰ ਪ੍ਰਧਾਨ ਚੁਣਿਆ ਗਿਆ ਤੇ ਨਾਲ ਹੀ ਸਾਰੀ ਚੋਣ ਕਰਨ ਦਾ ਅਧਿਕਾਰੀ ਵੀ ਪ੍ਰਧਾਨ ਨੂੰ ਦਿੱਤਾ ਗਿਆ। ਪ੍ਰਧਾਨ ਬਣਨ ਤੋਂ ਬਾਅਦ ਕੋਮਲ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਅੱਜ ਮੈਨੂੰ ਮੇਰੇ ਸਾਥੀਆਂ ਨੇ ਜ਼ੁੰਮੇਵਾਰੀ ਸੌਂਪੀ ਹੈ, ਮੈਂ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਤੇ ਆਪਣੀ ਜਥੇਬੰਦੀ ਨੂੰ ਉੱਪਰ ਚੁੱਕਣ ਤੇ ਮੁਲਾਜ਼ਮਾਂ ਦੇ ਹੱਕ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ। ਉਨ੍ਹਾਂ ਕਿਹਾ ਕਿ ਮੈਂ ਆਪਣੇ ਸਾਰੇ ਹੀ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਵੱਲੋਂ ਮੈਨੂੰ ਇਸ ਕਾਬਲ ਸਮਝਿਆ ਗਿਆ ਤੇ ਇੰਨੀ ਵੱਡੀ ਜ਼ੁੰਮੇਵਾਰੀ ਸੌਂਪੀ ਗਈ। ਇਸ ਮੌਕੇ ਰਮੇਸ਼ ਕੁਮਾਰ ਮਿਊਂਸਪਲ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਵਧੀਆ ਸੇਵਾਵਾਂ ਦੇਣ ਵਾਲੇ ਤੇ ਹਰ ਇੱਕ ਕਰਮਚਾਰੀ ਨਾਲ ਪਿਆਰ ਕਰਨ ਵਾਲੇ ਕੋਮਲ ਸ਼ਰਮਾ ਨੂੰ ਅੱਜ ਪ੍ਰਧਾਨ ਬਣਾਇਆ ਗਿਆ ਹੈ।

ਇਸ ਮੌਕੇ ਇਨ੍ਹਾਂ ਨਾਲ ਕੁਲਦੀਪ ਸ਼ਰਮਾ ਮੁੱਖ ਸਲਾਹਕਾਰ, ਰਮੇਸ਼ ਕੁਮਾਰ, ਮੁਨਸ਼ੀ ਰਾਮ, ਸ਼ੈਰੀ ਅਰੋੜਾ, ਪਵਨ ਸ਼ਰਮਾ, ਦਵਿੰਦਰ ਕੁਮਾਰ, ਖੜਕ ਸਿੰਘ, ਕਾਲਾ, ਪ੍ਰਿੰਸ ਕੁਮਾਰ ਤੇ ਸਮੁੱਚੇ ਹੀ ਕਰਮਚਾਰੀ ਮੌਕੇ 'ਤੇ ਹਾਜ਼ਰ ਸਨ।

## ਡੀ ਏ ਵੀ ਪਬਲਿਕ ਸਕੂਲ ਵਿਖੇ ਮਹਾਤਮਾ ਹੰਸ ਰਾਜ ਜੈਅੰਤੀ ਮਨਾਈ



**ਰਾਜਪੁਰਾ (ਰਮੇਸ਼ ਕਟਾਰੀਆ)**-ਦਯਾਨੰਦ ਐਂਗਲੋ-ਵੈਦਿਕ ਸਕੂਲਾਂ ਦੇ ਸੰਸਥਾਪਕ, ਆਰੀਆ ਸਮਾਜ ਦੇ ਉੱਘੇ ਆਗੂ, ਪ੍ਰਸਿੱਧ ਸਿੱਖਿਆ ਸ਼ਾਸਤਰੀ ਤੇ ਸਮਾਜ ਸੁਧਾਰਕ ਮਹਾਤਮਾ ਹੰਸਰਾਜ ਜੀ ਦਾ ਜਨਮ ਦਿਹਾੜਾ ਡੀ.ਏ.ਵੀ. ਪਬਲਿਕ ਸਕੂਲ ਰਾਜਪੁਰਾ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਗਾਇਤਰੀ ਮੰਤਰ ਦੇ ਜਾਪ ਨਾਲ ਹੋਈ। ਇਸ ਉਪਰੰਤ ਮਹਾਤਮਾ ਜੀ ਨੂੰ ਯਾਦ ਕਰਦਿਆਂ ਦੀਪਕ ਜਗਾ ਕੇ ਫੁੱਲ ਭੇਟ ਕੀਤੇ ਗਏ। ਵਿਦਿਆਰਥੀਆਂ ਨੇ ਮਹਾਤਮਾ ਹੰਸ ਰਾਜ ਜੀ ਦੇ ਜੀਵਨ 'ਤੇ ਭਾਸ਼ਣ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਸ਼ਾਸਤਰੀ ਬ੍ਰਹਮਦੱਤ ਜੀ ਵੱਲੋਂ ਪ੍ਰਵਚਨਾਂ ਰਾਹੀਂ ਬੱਚਿਆਂ ਨੂੰ ਮਹਾਤਮਾ ਹੰਸ ਰਾਜ ਜੀ ਦੇ ਜੀਵਨ ਬਾਰੇ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਨੇ ਭਜਨ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਪ੍ਰਿੰਸੀਪਲ ਅਲਪਨਾ ਪਾਠਕ ਨੇ ਮਹਾਤਮਾ ਹੰਸ ਰਾਜ ਜੀ ਦੇ ਜਨਮ ਦਿਨ ਦੀ ਸਭ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਮਹਾਤਮਾ ਜੀ ਵੱਲੋਂ ਵਿੱਦਿਆ ਦੀ ਦੁਨੀਆ ਵਿੱਚ ਦਿੱਤੀ ਗਈ ਕੁਰਬਾਨੀ ਤੇ ਤਿਆਗ ਬਾਰੇ ਦੱਸਦਿਆਂ ਅੱਜ ਦੇ ਸਮੇਂ ਵਿੱਚ ਮਹਾਤਮਾ ਜੀ ਨੂੰ ਸੱਚੀ ਸ਼ਰਧਾਂਜਲੀ ਦੇਣ ਲਈ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੀ ਸਮਾਪਤੀ ਡੀ.ਏ.ਵੀ. ਗਾਨ ਨਾਲ ਹੋਈ।

# ਵਿਕਰਮ ਸਿੰਘ ਲੂੰਬਾ ਨਮਿਤ ਸ਼ਰਧਾਂਜਲੀ ਸਮਾਗਮ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**
ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸਾਬਕਾ ਵਿਧਾਇਕ ਮਰਹੂਮ ਕਾਮਰੇਡ ਬਲਦੇਵ ਸਿੰਘ ਲੂੰਬਾ ਦੇ ਸਪੁੱਤਰ ਤੇ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਦੇ ਭਰਾ ਵਿਕਰਮ ਸਿੰਘ ਲੂੰਬਾ ਦੇ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ। ਇਸ ਸਮੇਂ ਰਾਗੀ ਸਿੰਘਾਂ ਨੇ ਵੈਰਾਗਮਈ ਕੀਰਤਨ ਕੀਤਾ। ਇਸ ਦੌਰਾਨ ਭਾਈ ਹਰਦੀਪ ਸਿੰਘ ਤੇਈਪੁਰ ਕਥਾ ਵਿਚਾਰਾਂ ਕਰਦਿਆਂ ਸੰਗਤਾਂ ਨੂੰ ਮੌਤ ਦੀ ਅਟੱਲ ਸਚਾਈ ਹੋਣ ਸਬੰਧੀ ਕਥਾ ਵਖਿਆਨ ਕੀਤਾ। ਧਾਰਮਿਕ, ਰਾਜਨੀਤਕ ਤੇ ਸਮਾਜਸੇਵੀ ਜਥੇਬੰਦੀਆਂ ਦੇ ਆਗੂਆਂ ਸ਼ਰਧਾਂਜਲੀਆਂ ਭੇਟ ਕੀਤੀਆਂ।

ਅਰਦਾਸ ਉਪਰੰਤ ਹੋਈ ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਵਿਸ ਸਿਲੈਕਸ਼ਨ ਬੋਰਡ ਦੇ ਸਾਬਕਾ ਚੇਅਰਮੈਨ ਤੇਜਿੰਦਰ ਸਿੰਘ ਸੰਧੂ, ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ, ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਪਤਵੰਤੇ ਪ੍ਰਧਾਨ ਗੋਬਿੰਦ ਸਿੰਘ ਵਿਰਦੀ ਤੇ ਬਸਪਾ ਆਗੂ ਗੁਰਮੇਲ ਸਿੰਘ ਘੱਗਾ ਨੇ ਵਿਕਰਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਨ੍ਹਾਂ ਦੇ ਪਿਤਾ ਸਵ: ਬਲਦੇਵ ਸਿੰਘ ਲੂੰਬਾ ਹਲਕਾ ਸ਼ੁਤਰਾਣਾਂ ਤੋਂ 2 ਵਾਰ ਉਨ੍ਹਾਂ ਦੀ ਪੁੱਤਰੀ ਬੀਬੀ ਵਨਿੰਦਰ ਕੌਰ ਲੂੰਬਾ ਇਕ ਵਾਰ ਇਸੇ ਹਲਕੇ ਵਿਧਾਇਕ ਰਹੇ ਹਨ। ਉਨ੍ਹਾਂ ਇਮਾਨਦਾਰੀ ਨਾਲ ਹਲਕੇ ਦੇ ਲੋਕਾਂ ਦੀ ਸੇਵਾ ਕੀਤੀ ਇਸੇ ਕਰਕੇ ਲੋਕ ਉਨ੍ਹਾਂ ਅਜੇ ਵੀ ਯਾਦ ਕਰਦੇ ਹਨ। ਇਸ ਪਰਿਵਾਰ ਵਿੱਚ ਸਭ ਤੋਂ ਛੋਟੇ ਵਿਕਰਮ ਸਿੰਘ 36 ਸਾਲਾਂ ਦੀ ਉਮਰ ਵਿੱਚ ਪਰਿਵਾਰ ਨੂੰ ਵਿਛੋੜਾ ਦੇ ਜਾਣਾ ਬੜਾ ਅਸਿਹ 'ਤੇ ਅਕਹਿ ਹੈ। ਬੀਬੀ ਲੂੰਬਾ ਦੇ ਪਤੀ ਕਰਨ ਸਿੰਘ ਜੁਆਇੰਟ ਕਮਿਸ਼ਨਰ ਟਰਾਂਸਪੋਰਟ ਪੰਜਾਬ ਨੇ ਭਰੇ ਮਨ ਨਾਲ ਸ਼ਰਧਾਂਜਲੀ ਭੇਟ ਕਰਦਿਆਂ ਵਿਕਰਮ ਦੇ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆਂ ਤੇ ਸਮਾਗਮ ਵਿੱਚ ਪੁੱਜੇ ਪ੍ਰਸ਼ਾਸਨਕ ਅਧਿਕਾਰੀਆਂ ਤੇ ਹਲਕੇ ਦੇ ਅਕਾਲੀ ਆਗੂਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਜੱਜ ਰਵਿੰਦਰ ਸਿੰਘ ਐਡੀਸ਼ਨ ਕਮਿਸ਼ਨਰ, ਅਮਰਜੀਤ ਸਿੰਘ ਸਾਬਕਾ ਜੁਆਇੰਟ ਸਕੱਤਰ ਟਰਾਂਸਪੋਰਟ, ਬੀਬੀ ਪਰਮਜੀਤ ਕੌਰ ਮੈਂਬਰ ਐੱਸ ਸੀ ਕਮਿਸ਼ਨ ਪੰਜਾਬ, ਜਸਪਾਲ ਸਿੰਘ ਕਲਿਆਣ ਸਾਬਕਾ ਚੇਅਰਮੈਨ, ਅਮਰਜੀਤ ਸਿੰਘ ਪੰਜਰਥ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ, ਸਿਰਮਨ ਸਿੰਘ ਐਡਵੋਕੇਟ ਮੋਹਾਲੀ, ਮਨਵੀਰ ਸਿੰਘ ਅਬਲੋਵਾਲ, ਗੁਰਮੇਲ ਸਿੰਘ ਜ਼ਿਲ੍ਹਾ ਕਾਂਗਰਸ ਪ੍ਰਧਾਨ ਮੋਹਾਲੀ, ਸੁਖਵਿੰਦਰ ਕੁਮਾਰ ਐਡੀਸ਼ਨਲ ਸਕੱਤਰ ਟਰਾਂਸਪੋਰਟ, ਕਰਨਵੀਰ ਸਿੰਘ ਛੀਨਾ ਆਰ ਟੀ ਏ, ਗੁਰਦੀਪ ਸਿੰਘ ਖਾਂਗ ਸਰਕਲ ਪ੍ਰਧਾਨ, ਗੋਬਿੰਦ ਸਿੰਘ ਵਿਰਦੀ ਸ਼ਹਿਰੀ ਪ੍ਰਧਾਨ, ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ, ਕਰਮਜੀਤ ਸਿੰਘ ਪ੍ਰਧਾਨ, ਸੀ ਪੀ ਆਈ ਆਗੂ ਨਰਿੰਜਣ ਸਿੰਘ ਚੁਨਾਗਰਾ ਤੇ ਸੀ ਪੀ ਐੱਮ ਆਗੂ ਕਾਮਰੇਡ ਰੇਸ਼ਮ ਸਿੰਘ ਆਦਿ ਮੌਜੂਦ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਜ਼ਿਲ੍ਹੇ 'ਚ 17 ਆਮ ਆਦਮੀ ਕਲੀਨਿਕ ਪ੍ਰਦਾਨ ਕਰ ਰਹੇ ਮੁਫ਼ਤ ਸਿਹਤ ਸਹੂਲਤਾਂ : ਡੀ ਸੀ

**ਕਾਲਾ ਸੰਘਿਆਂ (ਮਨਜੀਤ ਮਾਨ)**

ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਪੰਜਾਬ ਸਰਕਾਰ ਵਲੋਂ ਜ਼ਿਲ੍ਹਾ ਕਪੂਰਥਲਾ ਵਿਖੇ ਖੋਲ੍ਹੇ ਗਏ 17 ਆਮ ਆਦਮੀ ਕਲੀਨਿਕ ਲੋਕਾਂ ਨੂੰ ਉਨ੍ਹਾਂ ਦਰ 'ਤੇ ਸਿਹਤ ਸਹੂਲਤਾਂ ਪ੍ਰਦਾਨ ਕਰਵਾਉਣ ਦੇ ਵਿਚ ਲਾਹੇਵੰਦ ਸਾਬਿਤ ਹੋ ਰਹੇ ਹਨ ਅਤੇ ਇਨ੍ਹਾਂ ਕਲੀਨਿਕਾਂ 'ਤੇ 56770 ਮਰੀਜਾਂ ਦਾ ਮੁਫ਼ਤ ਇਲਾਜ ਚੱਲ ਰਿਹਾ ਹੈ । ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਲੋਕਾਂ ਦੇ ਦਰ 'ਤੇ ਸਿਹਤ ਸਹੂਲਤਾਂ ਪੁੱਜਦਾ ਕਰਨ ਦੇ ਮਕਸਦ ਨਾਲ ਜਿੱਥੇ 56 ਹਜ਼ਾਰ ਤੋਂ ਵੱਧ ਲੋਕਾਂ ਦਾ ਇਨ੍ਹਾਂ ਕਲੀਨਿਕਾਂ 'ਤੇ ਮੁਫ਼ਤ ਇਲਾਜ ਚੱਲ ਰਿਹਾ ਹੈ,ਉਥੇ ਹੀ 7034 ਲੋਕ ਲੈਬ ਟੈਸਟ ਦੀ ਸੁਵਿਧਾ ਦਾ ਵੀ ਲਾਭ ਲੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਕਲੀਨਿਕ ਲੋਕਾਂ ਦੇ ਘਰਾਂ ਨੇੜੇ ਹੋਣ ਕਾਰਨ ਆਮ ਜਨਤਾ ਲਈ ਕਾਫੀ ਮਦਦਗਾਰ ਸਾਬਤ ਹੋ ਰਹੇ ਹਨ। ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿਚ ਆਮ ਜਨਤਾ ਨੂੰ ਇਕੋ ਛੱਤ ਥੱਲੇ ਓਪੀਡੀ ਸੇਵਾਵਾਂ, ਟੀਕਾਕਰਨ ਦੀਆਂ ਸਹੂਲਤਾਂ, ਜੱਚਾ ਬੱਚਾ ਸੇਵਾਵਾਂ, ਪਰਵਾਰ ਨਿਯੋਜਨ ਦੀਆਂ ਸਹੂਲਤਾਂ, ਮੁਫ਼ਤ ਲੈਬ ਟੈਸਟ, ਮੁਫ਼ਤ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਕਲੀਨਿਕਾਂ ਵਿਚ ਮਰੀਜਾਂ ਦਾ ਪੂਰਾ ਕਲੀਨੀਕਲ ਡਾਟਾ ਹੁੰਦਾ ਹੈ,ਜਿਸ ਤਹਿਤ ਉਹ ਪੂਰੇ ਪੰਜਾਬ ਵਿੱਚ ਕਿਸੇ ਵੀ ਆਮ ਆਦਮੀ ਕਲੀਨਿਕ ਤੋਂ ਇਲਾਜ ਕਰਵਾ ਸਕਦਾ ਹਨ। ਸਿਵਲ ਸਰਜਨ ਕਪੂਰਥਲਾ ਡਾ. ਰਾਜਵਿੰਦਰ ਕੌਰ ਨੇ ਕਿਹਾ ਕਿ ਜ਼ਿਲ੍ਹੇ ਵਿਚ ਚੱਲ ਰਹੇ 17 ਆਮ ਆਦਮੀ ਕਲੀਨਿਕ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਿਚ ਮੀਲ ਪੱਥਰ ਸਾਬਤ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਕਪੂਰਥਲਾ ਵਿਖੇ ਢਿਲਵਾਂ, ਮਕਸੂਦਪੁਰ, ਸੁਰਖਪੁਰ, ਭਾਣੋਲੰਗਾ, ਖਾਲੂ, ਭੰਡਾਲ ਬੇਟ, ਡਡਵਿੰਡੀ, ਪਰਮਜੀਤਪੁਰ, ਕਬੀਰਪੁਰ, ਸੂਜੋ ਕਾਲੀਆ, ਅਠੌਲੀ,ਪਲਾਹੀ, ਰਾਣੀਪੁਰ, ਸਪਰੋੜ, ਸੀ.ਡੀ. ਗੁਰੂ ਨਾਨਕਪੁਰਾ (ਫਗਵਾੜਾ), ਯੂ.ਪੀ.ਐਚ.ਸੀ. ਰਾਇਕਾ ਮੁਹੱਲਾ (ਕਪੂਰਥਲਾ),ਯੂ ਪੀ ਐਚ ਸੀ ਹਦੀਆਬਾਦ (ਫਗਵਾੜਾ) ਸਮੇਤ 17 ਆਮ ਆਦਮੀ ਕਲੀਨਿਕ ਲੋਕਾਂ ਨੂੰ ਬੇਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾ ਰਹੇ ਹਨ।




# ਸੇਲ ਪ੍ਰਚੇਜ਼ ਦੀ ਦੁਕਾਨ 'ਚ ਲੱਗੀ ਅੱਗ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**



ਅੱਡਾ ਮੇਹਟੀਆਣਾ ਵਿਖੇ ਇੱਕ ਗੱਡੀਆਂ ਦੀ ਸੇਲ ਪ੍ਰਚੇਜ ਦੀ ਦੁਕਾਨ 'ਚ ਬਿਜਲੀ ਦਾ ਸ਼ਾਰਟ ਸਰਕਟ ਹੋ ਜਾਣ ਕਾਰਨ ਅੱਗ ਲੱਗਣ ਨਾਲ ਲੱਖਾਂ ਰੁਪਏ ਦਾ ਕੀਮਤੀ ਸਮਾਨ ਤੇ ਜਰੂਰੀ ਦਸਤਾਵੇਜ ਸੜ ਕੇ ਰਾਖ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਨਜੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਭੁੰਗਰਨੀ ਨੇ ਦੱਸਿਆ ਕਿ ਉਹ ਮੇਹਟੀਆਣਾ ਵਿਖੇ ਸੀ.ਕੇ. ਕਾਰ ਬਾਜ਼ਾਰ ਦੇ ਨਾਂਅ 'ਤੇ ਗੱਡੀਆਂ ਦੀ ਸੇਲ ਪ੍ਰਚੇਜ ਦਾ ਕੰਮ ਕਰਦਾ ਹੈ ਜਿਸ ਲਈ ਉਸ ਨੇ ਇੱਕ ਦੁਕਾਨ ਕਿਰਾਏ 'ਤੇ ਲੈ ਕੇ ਦਫਤਰ ਬਣਾਇਆ ਹੋਇਆ ਹੈ। ਉਸ ਨੇ ਦੱਸਿਆ ਕਿ ਬੀਤੇ ਕੱਲ੍ਹ ਉਸ ਨੇ ਸਵੇਰੇ ਕਰੀਬ 7:30 ਵਜੇ ਦੁਕਾਨ ਦਾ ਸ਼ਟਰ ਖੋਲ੍ਹਿਆ ਤੇ ਉਸ ਤੋਂ ਬਾਅਦ ਉਹ ਸੀਸੇ ਦੇ ਦਰਵਾਜੇ ਨੂੰ ਤਾਲਾ ਲਗਾ ਕੇ ਕਿਸੇ ਕੰਮ ਲਈ ਫਗਵਾੜੇ ਚਲਾ ਗਿਆ। ਉਸ ਨੇ ਦੱਸਿਆ ਕਿ ਕਰੀਬ 11:30 ਵਜੇ ਉਸ ਨੂੰ ਨਾਲ ਵਾਲੀ ਦੁਕਾਨ ਦੇ ਮਾਲਕ ਦਾ ਫੋਨ ਆਇਆ ਕਿ ਉਸ ਦੀ ਦੁਕਾਨ 'ਚੋਂ ਧੂੰਆਂ ਨਿੱਕਲ ਰਿਹਾ ਹੈ। ਉਸ ਨੇ ਦੱਸਿਆ ਕਿ ਜਦੋਂ ਉਹ ਮੌਕੇ 'ਤੇ ਪਹੁੰਚਿਆ ਤਾਂ ਫਾਇਰ ਬ੍ਰਿਗੇਡ ਦੇ ਕਰਮਚਾਰੀ ਤੇ ਸਥਾਨਕ ਲੋਕ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਸਨ । ਉਸ ਨੇ ਦੱਸਿਆ ਕਿ ਅੱਗ ਲੱਗਣ ਕਾਰਨ ਉਸ ਦਾ ਵੱਡਾ ਆਰਥਿਕ ਨੁਕਸਾਨ ਹੋਇਆ ਹੈ ਜਿਸ 'ਚ ਇਲੈਕਟ੍ਰੋਨਿਕਸ ਦੇ ਸਮਾਨ ਤੋਂ ਇਲਾਵਾ ਫਰਨੀਚਰ, ਏ.ਸੀ., ਪੱਖੇ ਤੇ ਕੁੱਝ ਗੱਡੀਆਂ ਦੇ ਪਏ ਜਰੂਰੀ ਕਾਗਜਾਤ ਵੀ ਅੱਗ ਦੀ ਭੇਟ ਚੜ੍ਹ ਗਏ। ਇਸ ਸਬੰਧੀ ਥਾਣਾ ਮੇਹਟੀਆਣਾ ਪੁਲਸ ਨੂੰ ਸੂਚਿਤ ਕੀਤਾ ਗਿਆ।

# ਤਰਨ ਤਾਰਨ ਪੁਲਸ ਨੇ ਲੋੜਵੰਦ ਪਰਵਾਰਾਂ ਨੂੰ ਪੱਖੇ ਵੰਡੇ

**ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)**

ਜਿਲ੍ਹਾ ਪੁਲਸ ਦੇ ਸਾਂਝ ਸਟਾਫ ਵੱਲੋਂ ਇੱਕ ਨਵੇਕਲੀ ਪਹਿਲ ਕਦਮੀ ਕਰਦੇ ਹੋਏ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਗਰੀਬ ਲੋੜਵੰਦ ਪਰਵਾਰਾਂ ਨੂੰ ਪੱਖੇ ਮੁਹੱਈਆਂ ਕਰਵਾਉਣ ਦਾ ਕਦਮ ਚੁੱਕਿਆ ਗਿਆ ਹੈ। ਡਿਪਟੀ ਕਮਿਸ਼ਨਰ ਤਰਨ ਤਾਰਨ ਰਿਸ਼ੀਪਾਲ ਸਿੰਘ ਆਈ ਏ ਐਸ, ਗੁਰਮੀਤ ਸਿੰਘ ਚੌਹਾਨ ਆਈ ਪੀ ਐਸ, ਐਸ ਐਸ ਪੀ ਤਰਨ ਤਾਰਨ ਅਤੇ ਮਨਿੰਦਰ ਸਿੰਘ ਆਈ ਪੀ ਐਸ, ਐਸ ਪੀ ਹੈਡਕੁਆਟਰ ਤਰਨ ਤਾਰਨ ਵੱਲੋਂ ਕੁਸ਼ਟ ਆਸ਼ਰਮ ਨੂਰਦੀ ਰੋਡ ਤਰਨ ਤਾਰਨ ਵਿਖੇ ਪਹੁੰਚ ਕੇ ਕੁਸ਼ਟ ਆਸ਼ਰਮ 'ਚ ਰਹਿ ਰਹੇ ਗਰੀਬ ਪਰਵਾਰਾਂ ਨਾਲ ਮੁਲਾਕਾਤ ਕਰਕੇ ਉਹਨਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ। ਇਸ ਮੌਕੇ ਡੀ ਸੀ ਸਾਹਿਬ ਅਤੇ ਐਸ ਐਸ ਪੀ ਸਾਹਿਬ ਵੱਲੋਂ ਸਾਂਝ ਕੇਂਦਰ ਤਰਨ ਤਾਰਨ ਦੀ ਮਦਦ ਨਾਲ ਉਹਨਾਂ ਦੀ ਲੋੜ ਨੂੰ ਪੂਰੀ ਕਰਦੇ ਹੋਏ ਆਸ਼ਰਮ ਵਿੱਚ ਰਹਿ ਰਹੇ ਗਰੀਬ ਪਰਵਾਰਾਂ ਨੂੰ 30 ਪੱਖੇ ਅਤੇ 6 ਛੱਤ ਵਾਲੇ ਪੱਖੇ ਮੁਹੱਈਆਂ ਕਰਵਾਏ ਗਏ। ਇਸ ਮੌਕੇ ਸੀਨੀਅਰ ਅਫਸਰਾਨ ਵੱਲੋਂ ਉਥੇ ਰਹਿ ਰਹੇ ਹਰੇਕ ਵਿਅਕਤੀ ਨਾਲ ਵਿਚਾਰ ਵਟਾਂਦਰਾਂ ਕੀਤਾ। ਉਹਨਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਹਰ ਸੰਭਵ ਵਾਅਦਾ ਕੀਤਾ। ਇਸ ਮੌਕੇ ਜਸਪਾਲ ਸਿੰਘ ਪੀ ਪੀ ਐਸ ਡੀ ਐਸ ਪੀ ਸਿਟੀ ਤਰਨ ਤਾਰਨ ਵੱਲੋਂ ਸਬ-ਡਵੀਜਨ ਤਰਨ ਤਾਰਨ ਦੇ ਏਰੀਏ ਕੁਸ਼ਟ ਆਸ਼ਰਮ 'ਚ ਰਹਿ ਰਹੇ ਪਰਵਾਰਾ ਨੂੰ ਹਰ ਤਰਾਂ ਦੀ ਪੁਲਸ ਸਹਾਇਤਾ ਦੇਣ ਦਾ ਵਾਅਦਾ ਕੀਤਾ। ਮੌਕੇ ਐਸ ਐਸ ਪੀ ਤਰਨ ਤਾਰਨ ਵੱਲੋਂ ਕਿਹਾ ਗਿਆ ਕਿ ਪੰਜਾਬ ਪੁਲਸ ਦੇ ਸਾਂਝ ਪ੍ਰੋਗਰਾਮ ਤਹਿਤ ਤਰਨ ਤਾਰਨ ਪੁਲਸ ਭਵਿੱਖ 'ਚ ਵੀ ਅਜਿਹੇ ਲੋਕ ਭਲਾਈ ਵਾਲੇ ਕੰਮ ਅਤੇ ਗਰੀਬ ਪਰਵਾਰਾਂ ਦੀ ਸਹਾਇਤਾ ਕਰਦੀ ਰਹੇਗੀ। ਜਿਲ੍ਹਾ ਪੁਲਸ ਮੁਖੀ ਨੇ ਆਖਿਆ ਕਿ ਪੁਲਸ ਹਰ ਵਕਤ ਪਬਲਿਕ ਦੀ ਸੇਵਾ ਅਤੇ ਸੁਰੱਖਿਆ ਲਈ ਵਚਨਬੱਧ ਹੈ।



# ਜਸਪਾਲ ਸਿੰਘ ਢਿੱਲੋਂ ਨੂੰ 'ਬੈਸਟ ਡੀ ਐੱਸ ਪੀ ਪਬਲਿਕ ਡੀਲਿੰਗ ਐਵਾਰਡ'

**ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)**

ਜਸਪਾਲ ਸਿੰਘ ਢਿੱਲੋਂ ਡੀਐੱਸਪੀ ਸਬ-ਡਵੀਜ਼ਨ ਤਰਨ ਤਾਰਨ ਦੀ ਵਧੀਆ ਕਾਰਗੁਜ਼ਾਰੀ ਨੂੰ ਲੈ ਕੇ ਬੈਸਟ ਡੀਐੱਸਪੀ ਪਬਲਿਕ ਡੀਲਿੰਗ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜ਼ਿਲਾ ਯੂਥ ਪ੍ਰਧਾਨ ਰੁਪਿੰਦਰ ਕੌਰ ਸੰਧੂ ਨੇ ਕਿਹਾ ਕਿ ਤਰਨ ਤਾਰਨ ਜ਼ਿਲੇ ਵਿੱਚ ਵਧੀਆ ਪਬਲਿਕ ਡੀਲਿੰਗ ਕਰਨ ਵਾਲੇ ਇਮਾਨਦਾਰ ਅਤੇ ਸੂਝਵਾਨ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ ਕਿਉਂਕਿ ਇਮਾਨਦਾਰ ਪੁਲਸ ਅਧਿਕਾਰੀਆਂ ਅਤੇ ਸਮੂਹ ਪੁਲਸ ਡਿਪਾਰਟਮੈਂਟ ਦੀ ਮਿਹਨਤ ਸਦਕਾ ਹੀ ਅੱਜ ਸ਼ਹਿਰ ਵਿਚ ਗਲਤ ਅਨਸਰਾਂ ਨੂੰ ਨੱਥ ਪਾਈ ਜਾ ਰਹੀ ਹੈ ਤੇ ਨਾਲ ਹੀ ਉਨ੍ਹਾਂ ਦੱਸਿਆ ਕਿ ਡੀਐੱਸਪੀ ਜਸਪਾਲ ਸਿੰਘ ਢਿੱਲੋਂ ਹਰੇਕ ਧਰਮ ਦਾ ਸਨਮਾਨ ਕਰਦੇ ਹਨ। ਉਨ੍ਹਾਂ ਦੇ ਦਫਤਰ ਦਾ ਸਟਾਫ ਵੀ ਮਿਲਣਸਾਰ ਤੇ ਹਰ ਇੱਕ ਦੀ ਸੁਣਨ ਵਾਲਾ ਹੈ। ਉਹ ਆਪਣੇ ਦਫਤਰ ਵਿੱਚ ਆਏ ਹਰੇਕ ਪੀੜਤ ਵਿਅਕਤੀ ਦੀ ਫਰਿਆਦ ਨੂੰ ਬੜੇ ਧਿਆਨ ਨਾਲ ਸੁਣ ਕੇ ਉਸ ਦਾ ਸਮਾਧਾਨ ਕਰਾਉਂਦੇ ਹਨ ਤੇ ਕਸੂਰਵਾਰ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਵਾਉਂਦੇ ਹਨ। ਇਸ ਮੌਕੇ ਕਰਾਈਮ ਇੰਡੀਆ ਮੈਗਜ਼ੀਨ ਦੇ ਮੁੱਖ ਸੰਪਾਦਕ ਪਵਨ ਸ਼ਰਮਾ, ਮਨਪ੍ਰੀਤ ਸਿੰਘ ਸੰਧੂ, ਗੁਰਦੀਪ ਸਿੰਘ, ਹਰਜੀਤ ਸਿੰਘ ਜੌਹਲ ਅਤੇ ਹੋਰ ਵੀ ਸਾਥੀ ਮੌਜੂਦ ਸਨ।



# ਗੁਰਦਾਸਪੁਰ ਦੀਆਂ ਮੰਡੀਆਂ 'ਚ ਕਣਕ ਦੀ ਖਰੀਦ ਦਾ ਕੰਮ ਪੂਰੇ ਜ਼ੋਰਾਂ 'ਤੇ

**ਗੁਰਦਾਸਪੁਰ, ( ਜਨਕ ਮਹਾਜਨ)**

ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ 'ਚ ਕਣਕ ਦੀ ਖਰੀਦ ਪੂਰੇ ਜ਼ੋਰਾਂ 'ਤੇ ਸ਼ੁਰੂ ਹੋ ਗਈ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ 'ਚ 56805 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 44774 ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਅਲਾਟ ਕੀਤੀਆਂ ਮੰਡੀਆਂ ਵਿੱਚ ਨਾਲ-ਨਾਲ ਹੀ ਕਣਕ ਦੀ ਖਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਖਰੀਦ ਕੀਤੀ ਜਿਣਸ ਦੀ ਅਦਾਇਗੀ ਨਾਲੋਂ-ਨਾਲ ਕਰਨ ਦੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਕਿਸਾਨਾਂ ਨੂੰ ਅਦਾਇਗੀ ਵੀ ਸਮੇਂ ਸਿਰ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਲਿਆਂਦੀ ਜਾ ਰਹੀ ਕਣਕ ਦਾ ਬਿਨਾਂ ਕੋਈ ਕੱਟ ਲਾਇਆਂ ਪੂਰਾ ਭਾਅ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਪ੍ਰਤੀ ਕੁਇੰਟਲ ਦਾ ਘੱਟੋ-ਘੱਟ ਸਮਰਥਨ ਮੁੱਲ 2125 ਰੁਪਏ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਏਜੰਸੀਵਾਰ ਖਰੀਦ ਅੰਕੜਿਆਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਪਨਗ੍ਰੇਨ ਵੱਲੋਂ 18314 ਮੀਟ੍ਰਿਕ ਟਨ, ਮਾਰਕਫ਼ੈਡ ਵੱਲੋਂ 8152 ਮੀਟ੍ਰਿਕ ਟਨ, ਪਨਸਪ ਵੱਲੋਂ 8667 ਮੀਟ੍ਰਿਕ ਟਨ, ਪੰਜਾਬ ਰਾਜ ਗੋਦਾਮ ਨਿਗਮ ਵੱਲੋਂ 8231 ਮੀਟ੍ਰਿਕ ਟਨ ਅਤੇ ਭਾਰਤੀ ਖੁਰਾਕ ਨਿਗਮ ਵੱਲੋਂ 1410 ਮੀਟ੍ਰਿਕ ਟਨ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖਰੀਦੀ ਗਈ ਕਣਕ ਦੀ ਲਿਫਟਿੰਗ ਵੀ ਨਾਲ ਦੀ ਨਾਲ ਹੀ ਕੀਤੀ ਜਾ ਰਹੀ ਹੈ ਜਿਸ ਤਹਿਤ 44189 ਮੀਟ੍ਰਿਕ ਟਨ ਦੀ ਲਿਫਟਿੰਗ ਵੀ ਕਰ ਲਈ ਗਈ ਹੈ। ਡਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਪ੍ਰਕਾਰ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਕਿਸਾਨਾਂ ਦੀ ਫ਼ਸਲ ਪੂਰੇ ਤੋਲ ਅਤੇ ਭਾਅ ਉੱਪਰ ਖਰੀਦੀ ਜਾ ਰਹੀ ਹੈ।

# ਸਿਵਲ ਡਿਫੈਂਸ ਵੱਲੋਂ ਰਿ-ਵੈਮਪਿੰਗ ਕੈਂਪ ਆਯੋਜਨ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)** -ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨਿਰਦੇਸ਼ਾਂ 'ਤੇ ਡੀ ਜੀ ਪੀ ਪੰਜਾਬ ਹੋਮ ਗਾਰਡ ਸੰਜੀਵ ਕਾਲੜਾ ਅਤੇ ਡੀ ਸੀ ਅੰਮ੍ਰਿਤਸਰ ਹਰਪ੍ਰੀਤ ਸਿੰਘ ਸੂਦਨ ਦੀਆਂ ਹਦਾਇਤਾ 'ਤੇ ਅੰਮ੍ਰਿਤਸਰ 'ਚ ਸਿਵਲ ਡਿਫੈਂਸ ਵੱਲੋਂ ਰਿ-ਵੈਮਪਿੰਗ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਦੀ ਜਾਣਕਾਰੀ ਸਿਵਲ ਡਿਫੈਂਸ ਦੇ ਸਟੋਰ ਇੰਚਾਰਜ ਮੋਹਨਜੀਤ ਸਿੰਘ ਨੇ ਦਿੱਤੀ ਇਸ ਮੌਕੇ ਜਸਕਰਨ ਸਿੰਘ ਬਟਾਲੀਅਨ ਕਮਾਂਡਰ ਅਤੇ ਅਨਿਲ ਕੁਮਾਰ ਜਿਲ੍ਹਾ ਕਮਾਂਡਰ ਉਚੇਚੇ ਤੌਰ 'ਤੇ ਪਹੁੰਚੇ ਡਵੀਜ਼ਨ ਨੰਬਰ 4 ਦੇ ਵਾਰਡਨ ਮਨੋਹਰ ਸਿੰਘ ਸੈਣੀ ਉਹਨਾਂ ਦੇ ਸਵਰਗੀ ਪਿਤਾ ਮਹਿੰਗਾ ਸਿੰਘ ਸੈਣੀ ਸਿਵਲ ਡਿਫੈਂਸ ਅੰਮ੍ਰਿਤਸਰ ਨੂੰ 6 ਕੁਰਸੀਆਂ ਤੇ 300 ਮਾਸਕ ਭੇਟ ਕੀਤੇ ਗਏ। ਇਸ ਮੌਕੇ ਮੋਹਨਦੀਪ ਸਿੰਘ ਵੱਲੋਂ ਲੋਕਾਂ ਨੂੰ ਆਉਣ ਵਾਲੀ ਬਿਬਤਾ ਅਤੇ ਕੁਦਰਤੀ ਅਤੇ ਗੈਰ ਕੁਦਰਤੀ ਆਫਤਾਂ ਨਾਲ ਨਜਿੱਠਣ ਦੀ ਅਤੇ ਲੋਕਾਂ ਦੀ ਸਹਾਇਤਾ ਕਿਸ ਤਰ੍ਹਾਂ ਕਰ ਸਕਦੇ ਹਾਂ ਉਸ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਿਪਟੀ ਚੀਫ ਵਾਰਡਨ ਸੁਰਜੀਤ ਸ਼ਰਮਾ, ਚੀਫ ਵਾਰਡਨ ਰਾਜੇਸ ਭਟੋਣ, ਸਹਿਜਪ੍ਰੀਤ ਸਿੰਘ ਸੈਣੀ, ਜਗਜੀਤ ਸਿੰਘ ਖਾਲਸਾ, ਪ੍ਰਭਜੋਤ ਸਿੰਘ ਸੈਣੀ ਸੀ ਡੀ ਆਈ ਜਤਿੰਦਰਪਾਲ ਸਿੰਘ ਫੁਲ, ਸੀ ਡੀ ਆਈ ਜਤਿੰਦਰਜੀਤ ਸਿੰਘ ਢਿੱਲੋਂ, ਸਤਿੰਦਰਪਾਲ ਸਿੰਘ ਜੋਨੀ, ਮਨਪ੍ਰੀਤ ਸਿੰਘ ਵਿੱਕੀ, ਪੱਤਰਕਾਰ ਜਸਬੀਰ ਸਿੰਘ ਟਿੰਕੂ ਅਤੇ ਹੋਰ ਵੀ ਪਤਵੰਤੇ ਹਾਜ਼ਰ ਸਨ।

# ਨਸ਼ਿਆਂ ਦਾ ਕਾਰੋਬਾਰੀ ਗੱਠਜੋੜ ਤੋੜਨ ਲਈ ਮਾਨ ਸਰਕਾਰ ਇਕ ਪੂਣੀ ਵੀ ਨਹੀਂ ਕੱਤ ਸਕੀ: ਬਖਤਪੁਰਾ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੀਪੀਆਈ ਐਮਐਲ ਲਿਬਰੇਸ਼ਨ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਿਆਂ ਅਧਾਰਿਤ ਸਿਟ ਦੀ ਰਿਪੋਰਟ ਅਨੁਸਾਰ ਪੁਲਸ ਅਧਿਕਾਰੀ ਰਾਜਜੀਤ ਸਿੰਘ ਨੂੰ ਡਿਸਮਿਸ ਕਰਨ ਦੀ ਕਾਰਵਾਈ ਨੂੰ ਹਾਂ ਪੱਖੀ ਦੱਸਿਆ ਹੈ। ਇਸ ਸਬੰਧੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਪੰਜਾਬ ਵਿੱਚ ਕੇਵਲ ਇੱਕ ਪੁਲਸ ਅਫਸਰ ਹੀ ਦੋਸ਼ੀ ਨਹੀਂ ਹੈ, ਭਾਵੇਂਕਿ ਜਲੰਧਰ ਜ਼ਿਮਨੀ ਚੋਣ ਸਮੇਂ ਕੀਤੀ ਇਸ ਕਾਰਵਾਈ ਦੇ ਸਿਆਸੀ ਅਰਥ ਵੀ ਹਨ ਕਿਉਂਕਿ ਥੋੜੀ ਵੀ ਸਿਆਸੀ ਸਮਝ ਰੱਖਣ ਵਾਲੇ ਲੋਕ ਜਾਣਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦਾ ਚੱਲ ਰਿਹਾ ਵਿਸ਼ਾਲ ਕਾਰੋਬਾਰ ਰਾਜਨੀਤੀਵਾਨਾਂ, ਪੁਲਸ ਅਫਸਰਸ਼ਾਹੀ ਦੇ ਇੱਕ ਵੱਡੇ ਹਿੱਸੇ ਅਤੇ ਤਸਕਰਾਂ ਦੇ ਗਠਜੋੜ ਤੋਂ ਬਿਨਾਂ ਚੱਲ ਹੀ ਨਹੀਂ ਸਕਦਾ। ਨਸ਼ਿਆਂ ਦੇ ਕਾਰੋਬਾਰੀ ਗੱਠਜੋੜ ਨੂੰ ਤੋੜਨ ਲਈ ਮਾਨ ਸਰਕਾਰ ਆਪਣੇ 13 ਮਹੀਨੇ ਦੇ ਰਾਜ ਦੌਰਾਨ ਇਕ ਪੂਣੀ ਵੀ ਨਹੀਂ ਕੱਤ ਸਕੀ। ਬੱਖਤਪੁਰਾ ਨੇ ਕਿਹਾ ਕਿ ਵੱਡੇ ਵੱਡੇ ਤਸਕਰਾਂ ਵੱਲ ਸਰਕਾਰ ਅਤੇ ਉਸਦੀ ਪੁਲਸ ਮੂੰਹ ਨਹੀਂ ਕਰ ਰਹੀ। ਜ਼ਮੀਨੀ ਪੱਧਰ 'ਤੇ ਰਿਪੋਰਟਾਂ ਹਨ ਕਿ ਜੇਕਰ ਕੋਈ ਹੇਠਲਾ ਇਮਾਨਦਾਰ ਪੁਲਸ ਅਫਸਰ ਕਿਸੇ ਤਸਕਰ ਦੇ ਕਰਿੰਦੇ ਨੂੰ ਹੱਥ ਪਾਉਂਦਾ ਹੈ ਤਾਂ ਤਸਕਰ ਦੀ ਹਦਾਇਤ ਤੇ ਉਚ ਪੁਲਸ ਅਫਸਰ ਉਸ ਨੂੰ ਗੁੱਠੇ ਲਾਇਨ ਕਰ ਦਿੰਦੇ ਹਨ। ਹਾਲਾਤ ਇਹ ਹਨ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਇਕ ਕ੍ਰਾਂਤੀ ਲਿਆਉਣ ਦੀ ਜ਼ਰੂਰਤ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਦੀ ਜੜ੍ਹ ਤੱਕ ਜਾਣ ਲਈ ਹਾਈਕੋਰਟ ਦੇ ਸਿਟਿੰਗ ਜੱਜਾਂ ਅਧਾਰਿਤ ਇਕ ਸਮਾਂਬੱਧ ਕਮਿਸ਼ਨ ਬਨਾਉਣ ਅਤੇ ਉਸਦੀ ਰਿਪੋਰਟ ਨੂੰ ਇੰਨ-ਬਿੰਨ ਲਾਗੂ ਕਰਨ ਦੀ ਜ਼ਰੂਰਤ ਹੈ ਪਰ ਮੌਜੂਦਾ ਸਥਿਤੀ ਵਿੱਚ ਸਰਕਾਰ ਤੋਂ ਆਸ ਕਰਨੀ ਸੰਭਵ ਨਹੀਂ, ਕਿਉਂਕਿ ਨਸ਼ਿਆਂ ਦਾ ਗੱਠਜੋੜ ਬੇਹੱਦ ਤਾਕਤਵਰ ਹੈ।



# ਪੰਝੀ ਸਾਲਾਂ ਤੋਂ ਪਾਣੀ ਨੂੰ ਤਰਸ ਰਹੇ ਲੋਕਾਂ ਲਈ ਡਾ. ਨਿੱਜਰ ਮਸੀਹਾ ਬਣ ਕੇ ਬਹੁੜੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਡਾ. ਇੰਦਰਬੀਰ ਸਿੰਘ ਨਿੱਜਰ, ਮੰਤਰੀ ਸਥਾਨਕ ਸਰਕਾਰਾਂ ਦੇ ਯਤਨਾਂ ਸਦਕਾ ਹਲਕਾ ਦੱਖਣੀ ਅਧੀਨ ਪੈਂਦੇ ਏਰੀਆ ਰਾਧਾ ਕ੍ਰਿਸ਼ਨ ਕਾਲੋਨੀ ਨਜ਼ਦੀਕ ਭਗਤਾਂ ਵਾਲਾ ਦਾਣਾ ਮੰਡੀ ਵਿਖੇ ਲਗਭਗ 25 ਸਾਲਾਂ ਤੋਂ ਸਰਕਾਰੀ ਪਾਣੀ ਨੂੰ ਤਰਸ ਰਹੇ ਲੋਕਾਂ ਲਈ ਡਾ. ਇੰਦਰਬੀਰ ਸਿੰਘ ਨਿੱਜਰ ਮਸੀਹਾ ਸਾਬਤ ਹੋਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਇੰਦਰਬੀਰ ਸਿੰਘ ਨਿੱਜਰ, ਮੰਤਰੀ ਸਥਾਨਕ ਸਰਕਾਰਾਂ ਦੇ ਓਐੱਸਡੀ ਮਨਪ੍ਰੀਤ ਸਿੰਘ ਨੇ ਕੀਤਾ। ਓ. ਐੱਸ. ਡੀ. ਨੇ ਦੱਸਿਆ ਕਿ ਪਿਛਲੇ ਸਮੇਂ ਵਿੱਚ ਸਰਕਾਰਾਂ ਨੇ ਅੰਮ੍ਰਿਤਸਰ ਦੇ ਹਲਕਾ ਦੱਖਣੀ ਵੱਲ ਕੋਈ ਵੀ ਤਵੱਜੋ ਨਹੀਂ ਦਿੱਤੀ ਜਿਸ ਕਾਰਨ ਅੰਮ੍ਰਿਤਸਰ ਹਲਕਾ-ਦੱਖਣੀ ਮੁੱਢਲੀਆਂ ਸਹੂਲਤਾਂ ਤੋਂ ਹਮੇਸ਼ਾ ਸੱਖਣਾ ਰਿਹਾ ਹੈ ਪ੍ਰੰਤੂ ਹੁਣ ਡਾ. ਨਿੱਜਰ ਦੁਆਰਾ ਹਲਕੇ ਦਾ ਸਰਬਪੱਖੀ ਵਿਕਾਸ ਕੀਤਾ ਜਾ ਰਿਹਾ ਹੈ। ਓਐੱਸਡੀ ਨੇ ਦੱਸਿਆ ਕਿ ਮੰਤਰੀ ਡਾ. ਨਿੱਜਰ ਦਿਨ-ਰਾਤ ਲੋਕ ਸੇਵਾ ਵਿੱਚ ਲੱਗੇ ਹੋਏ ਹਨ ਅਤੇ ਹਰ ਘਰ ਤੱਕ ਪੀਣ ਵਾਲਾ ਸਾਫ-ਸੁਥਰਾ ਪਾਣੀ ਪਹੁੰਚਾਉਣਾ ਉਨ੍ਹਾਂ ਦਾ ਮੁੱਖ ਉਦੇਸ਼ਾਂ ਵਿੱਚੋਂ ਇੱਕ ਹੈ ਜਿਸ ਦੇ ਤਹਿਤ ਹੀ ਡਾ. ਨਿੱਜਰ ਦੇ ਹੁਕਮਾਂ ਅਨੁਸਾਰ ਵਾਰਡ ਨੰਬਰ 65 ਰਾਧਾ ਕ੍ਰਿਸ਼ਨ ਕਾਲੋਨੀ ਦੇ ਵਸਨੀਕਾਂ ਦੀ ਮੁਸ਼ਕਿਲ ਨੂੰ ਹੱਲ ਕਰਨ ਲਈ ਇਹ ਟਿਊਬਵੈੱਲ ਬੋਰ ਕੀਤਾ ਜਾ ਰਿਹਾ ਹੈ ਜਿਸ 'ਤੇ ਅੰਦਾਜ਼ਨ ਖਰਚਾ 14 ਲੱਖ ਰੁਪਏ ਆਵੇਗਾ। ਇਸ ਮੌਕੇ ਇਲਾਕਾ ਨਿਵਾਸੀਆਂ ਨੇ ਡਾ. ਨਿੱਜਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੱਚਮੁੱਚ ਹੀ ਆਮ ਲੋਕਾਂ ਲਈ ਕੰਮ ਕਰ ਰਹੀ ਹੈ। ਇਸ ਮੌਕੇ ਡਾ. ਨਿੱਜਰ ਦੀ ਟੀਮ ਵੱਲੋਂ ਨਿਵੇਕਲੀ ਪਹਿਲ ਕਰਦੇ ਹੋਏ ਇਸ ਟਿਊਬਵੈੱਲ ਬੋਰ ਨੂੰ ਸ਼ੁਰੂ ਕਰਨ ਦਾ ਸ਼ੁਭ ਆਰੰਭ ਇਸੇ ਹੀ ਇਲਾਕੇ ਦੇ ਇੱਕ ਬਜ਼ੁਰਗ ਆਮ ਆਦਮੀ ਸਵਰਨ ਸਿੰਘ ਪਾਸੋਂ ਕਰਵਾਇਆ ਗਿਆ ਜਿਸਦੀ ਲੋਕਾਂ ਨੇ ਬਹੁਤ ਹੀ ਸਰਾਹਨਾ ਕੀਤੀ। ਇਸ ਮੌਕੇ ਅਸ਼ੋਕ ਕੁਮਾਰ ਡੀਐੱਸਪੀ., ਜਸਪਾਲ ਸਿੰਘ ਭੁੱਲਰ, ਸੰਜੀਵ ਕੁਮਾਰ, ਸੰਦੀਪ ਕੁਮਾਰ ਅਤੇ ਸਮੂਹ ਇਲਾਕਾ ਨਿਵਾਸੀ ਹਾਜ਼ਰ ਸਨ।

# 'ਵਰਸਿਟੀ 'ਚ ਸਾਇੰਸ ਵਿਭਾਗ ਵੱਲੋਂ ਵਿਦਾਇਗੀ ਪਾਰਟੀ



**ਪੱਟੀ, (ਬਲਦੇਵ ਸਿੰਘ ਸੰਧੂ /ਸਮਸੇਰ ਸਿੰਘ ਯੋਧਾ)** - ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਸਾਇੰਸ ਵਿਭਾਗ ਦੇ ਸਮੈਸਟਰ ਦੂਜੇ ਤੇ ਚੌਥੇ ਦੇ ਵਿਦਿਆਰਥੀਆਂ ਵੱਲੋਂ ਛੇਵੇਂ ਸਮੈਸਟਰ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਆਯੋਜਿਤ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹ ਨੇ ਵਿਦਿਆਰਥੀਆਂ ਨੂੰ ਜਿੰਦਗੀ ਵਿਚ ਸਫਲਤਾ ਹਾਸਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਦੇ ਉਜਵਲ ਭਵਿੱਖ ਲਈ ਸ਼ੁਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਵਿਦਿਆਰਥੀਆਂ ਵੱਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ। ਵਿਨੇ ਕੁਮਾਰ ਨੂੰ ਮਿਸਟਰ ਫੇਅਰਵੈਲ ਅਤੇ ਸੁਖਮਨਜੋਤ ਕੌਰ ਨੂੰ ਮਿਸ ਫੇਅਰਵੈਲ ਦਾ ਖਿਤਾਬ ਦਿੱਤਾ ਗਿਆ। ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਅਨੂੰ ਮਿੱਤਲ, ਡਾ. ਰਮਨਪ੍ਰੀਤ ਕੌਰ ਔਲਖ, ਅਸਿ.ਪ੍ਰੋ. ਹਿਮਾਨੀ, ਅਸਿ. ਪ੍ਰੋ. ਕਾਜਲ ਚੌਪੜਾ, ਅਸਿ. ਪ੍ਰੋ. ਨੀਰਜ, ਅਸਿ. ਪ੍ਰੋ. ਸੁਖਬੀਰ ਕੌਰ, ਗੁਰਵਿੰਦਰ ਸਿੰਘ (ਲੈਬ ਟੈਕਨੀਸ਼ੀਅਨ ) ਦਰਸ਼ਨ ਸਿੰਘ (ਅਕਾਊਂਟ ਕਲਰਕ) , ਜਸਦੇਵ ਸਿੰਘ (ਲਾਇਬ੍ਰੇਰੀਅਨ) ਅਤੇ ਹੋਰ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੇ ਬਲਾਕ ਧਾਰ-1 ਦੇ ਨੀਮ ਪਹਾੜੀ ਖੇਤਰ ਦੇ ਸਕੂਲਾਂ ਦਾ ਕੀਤਾ ਦੌਰਾ

**ਪਠਾਨਕੋਟ, (ਦਵਿੰਦਰ ਸਿੰਘ)**

ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਵੱਲੋਂ ਲਗਾਤਾਰ ਵੱਖ-ਵੱਖ ਬਲਾਕਾਂ ਦੇ ਦੌਰੇ ਕਰ ਕੇ ਅਧਿਆਪਕਾਂ ਨੂੰ ਸਕੂਲਾਂ ਵਿੱਚ ਵੱਧ ਤੋਂ ਵੱਧ ਨਵੇਂ ਦਾਖਲੇ ਕਰਨ ਅਤੇ ਸਕੂਲਾਂ ਦੀ ਦਿੱਖ ਸੁਧਾਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸੇ ਤਹਿਤ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਵੱਲੋਂ ਬਲਾਕ ਧਾਰ-1 ਦੇ ਨੀਮ ਪਹਾੜੀ ਖੇਤਰ ਦੇ ਸਕੂਲਾਂ ਸਰਕਾਰੀ ਪ੍ਰਾਇਮਰੀ ਸਕੂਲ ਡੱਲਾ, ਸਰਕਾਰੀ ਪ੍ਰਾਇਮਰੀ ਸਕੂਲ ਸਾਰਟੀ, ਸਰਕਾਰੀ ਹਾਈ ਸਕੂਲ ਸਾਰਟੀ, ਸਰਕਾਰੀ ਪ੍ਰਾਇਮਰੀ ਸਕੂਲ ਦੁੱਖ ਨਿਆਲੀ, ਸਰਕਾਰੀ ਹਾਈ ਸਕੂਲ ਦੁੱਖ ਨਿਆਲੀ, ਸਰਕਾਰੀ ਪ੍ਰਾਇਮਰੀ ਸਕੂਲ ਭਮਲਾਦਾ, ਸਰਕਾਰੀ ਮਿਡਲ ਸਕੂਲ ਭਮਲਾਦਾ, ਸਰਕਾਰੀ ਪ੍ਰਾਇਮਰੀ ਸਕੂਲ ਲਹਿਰੂਨ, ਸਰਕਾਰੀ ਹਾਈ ਸਕੂਲ ਲਹਿਰੂਨ, ਸਰਕਾਰੀ ਪ੍ਰਾਇਮਰੀ ਸਕੂਲ ਘਾਹਲ, ਸਰਕਾਰੀ ਮਿਡਲ ਸਕੂਲ ਘਾਹਲ, ਸਰਕਾਰੀ ਪ੍ਰਾਇਮਰੀ ਸਕੂਲ ਭਟਵਾਂ, ਸਰਕਾਰੀ ਪ੍ਰਾਇਮਰੀ ਸਕੂਲ ਨਿਆੜੀ, ਸਰਕਾਰੀ ਪ੍ਰਾਇਮਰੀ ਸਕੂਲ ਧਾਰ ਖੁਰਦ ਅਤੇ ਸਰਕਾਰੀ ਮਿਡਲ ਸਕੂਲ ਧਾਰ ਖੁਰਦ ਦਾ ਦੌਰਾ ਕਰ ਜਿਥੇ ਅਧਿਆਪਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਵੱਧ ਤੋਂ ਵੱਧ ਦਾਖਲੇ ਕਰਨ ਅਤੇ ਸਕੂਲਾਂ ਦੀ ਦਿੱਖ ਹੋਰ ਸੋਹਣੀ ਬਣਾਉਣ ਲਈ ਪ੍ਰੇਰਿਤ ਕੀਤਾ, ਉੱਥੇ ਹੀ ਉਨ੍ਹਾਂ ਨੇ ਮਾਪਿਆਂ ਨਾਲ ਰਾਬਤਾ ਕਾਇਮ ਕਰਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਉਪਲੱਬਧੀਆਂ ਗਿਣਾ ਕੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉੱਚ ਕੋਟੀ ਦਾ ਤਜਰਬੇਕਾਰ ਸਟਾਫ ਵਿਦਿਆਰਥੀਆਂ ਨੂੰ ਹਾਣ ਦੀ ਸਿੱਖਿਆ ਦੇ ਰਿਹਾ ਹੈ। ਇਸ ਲਈ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਸਕੂਲ ਮੁਖੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਕੂਲ ਵਿੱਚ ਮਿਡ ਡੇ ਮੀਲ ਮੀਨੂੰ ਅਨੁਸਾਰ ਬਣਾਇਆ ਜਾਵੇ, ਸਕੂਲ ਵਿੱਚ ਦਾਖਲਾ ਸਾਰੇ ਬੱਚਿਆਂ ਨੂੰ ਕਿਤਾਬਾਂ ਜਾਰੀ ਕੀਤੀਆਂ ਜਾਣ ਅਤੇ ਸਕੂਲ ਦਾ ਸਮੁੱਚਾ ਰਿਕਾਰਡ ਵਿਭਾਗ ਦੇ ਈ-ਪੰਜਾਬ ਪੋਰਟਲ 'ਤੇ ਅਪਡੇਟ ਕੀਤਾ ਜਾਵੇ।



# ਪ੍ਰਤੀਕੂਲ ਮੌਸਮ 'ਚ ਵੀ ਮੱਕੀ ਦੀ ਫ਼ਸਲ ਦੀ ਪੈਦਾਵਾਰ ਵਧਾਓ

**ਲੁਧਿਆਣਾ**-ਭਾਰਤ ਦਾ ਖੇਤੀਬਾੜੀ ਸੈਕਟਰ ਮੌਸਮ ਵਿੱਚ ਆ ਰਹੀ ਤਬਦੀਲੀ ਕਾਰਨ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਜ਼ਿਆਦਾਤਰ ਮੌਸਮੀ ਘਟਨਾਵਾਂ ਦੀ ਫਰੀਕੁਐਂਸੀ, ਵਧਦੇ ਤਾਪਮਾਨ ਅਤੇ ਮੌਸਮ ਵਿੱਚ ਤਬਦੀਲੀ ਦੇ ਹੋਰ ਨਤੀਜਿਆਂ ਕਾਰਨ ਫਸਲਾਂ ਦੇ ਉਤਪਾਦਨ ਅਤੇ ਕਿਸਾਨਾਂ ਦੇ ਜੀਵਨ ਉੱਤੇ ਨਕਾਰਾਤਮਕ ਅਸਰ ਪੈ ਰਹੇ ਹਨ। ਖਾਸ ਤੌਰ ਉੱਤੇ ਭਾਰਤ ਵਿੱਚ ਗਰਮੀਆਂ ਦੇ ਮਹੀਨਿਆਂ ਵਿੱਚ ਤਪਦੀ ਧੁੱਪ ਮੱਕੀ ਦੀ ਖੇਤੀ ਉੱਤੇ ਹਾਨੀਕਾਰਕ ਪ੍ਰਭਾਵ ਪਾਉਂਦੀ ਹੈ। ਖੇਤੀਬਾੜੀ ਖੋਜਕਾਰ ਡਾ. ਵੀ. ਕੇ. ਸਚਨ, ਖੇਤੀ ਵਿਭਾਗ, ਦੇ ਉਪ ਨਿਰਦੇਸ਼ਕ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਮੱਕੀ ਦੇ ਕਿਸਾਨ ਇਸ ਗਰਮੀ ਦੇ ਮੌਸਮ ਨਾਲ ਜੂਝ ਰਹੇ ਹਨ, ਜਿਸ ਕਾਰਨ ਬੇਰੋਕ ਗਰਮੀ ਦੇ ਤੂਫਾਨਾਂ ਅਤੇ ਉੱਚ ਤਾਪਮਾਨ ਦੇ ਕਾਰਨ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਦਾ ਸਮਾਂ ਅਪ੍ਰੈਲ ਦੇ ਅੰਤ ਵਿੱਚ ਚਲਾ ਗਿਆ ਹੈ। ਪੌਦੇ ਉੱਗਣ ਤੋਂ ਪਹਿਲਾਂ, ਨਮੀ ਦੀ ਹਾਲਤ ਵਿੱਚ ਸਿੰਚਾਈ ਕਰੋ ਅਤੇ ਫਿਰ ਜ਼ਿਆਦਾ ਤੋਂ ਜ਼ਿਆਦਾ 35 ਤੋਂ 50 ਕਿੱਲੋ ਯੂਰੀਆ ਪ੍ਰਤੀ ਏਕੜ ਉਪਯੋਗ ਕਰੋ ਅਤੇ ਇਸ ਦੇ ਨਾਲ ਹੀ ਦੋ ਜਾਂ ਤਿੰਨ ਦਿਨਾਂ ਦੇ ਬਾਅਦ 20 ਤੋਂ 25 ਕਿੱਲੋ ਪੋਟਾਸ਼ੀਅਮ ਦੀ ਵੀ ਵਰਤੋਂ ਕਰੋ। ਕਿਸਾਨਾਂ ਨੂੰ ਮੌਸਮ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ ਕਿਉਂਕਿ ਮਈ ਇੱਕ ਮਹੱਤਵਪੂਰਨ ਮਹੀਨਾ ਹੈ ਜਦੋਂ ਮੱਕੀ ਦੀ ਗੈਰ-ਜ਼ਰੂਰੀ ਤਣਾਅ-ਮੁਕਤ ਅਨਾਜ ਭਰਨ ਦੀ ਮਿਆਦ ਹੁੰਦੀ ਹੈ, ਜੋ ਮੱਕੀ ਦੇ ਉਤਪਾਦਨ ਦੀ ਸਮਰੱਥਾ ਨੂੰ ਉੱਚੇ ਪੱਧਰ ਤੱਕ ਪਹੁੰਚਾ ਸਕਦੀ ਹੈ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਨੂੰ ਮਨਾਉਣ ਸੰਬੰਧੀ ਮੀਟਿੰਗ



**ਬਟਾਲਾ (ਤਰਲੋਕ ਬੱਗਾ)**

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 5 ਮਈ ਨੂੰ 300 ਸਾਲਾਂ ਜਨਮ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ ਉਲੀਕਣ ਲਈ ਇੱਕ ਭਰਵੀਂ ਮੀਟਿੰਗ ਗੁਰਦੁਆਰਾ ਰਾਮਗੜ੍ਹੀਆ ਕਾਹਨੂੰਵਾਨ ਰੋਡ ਵਿਖੇ ਹੋਈ, ਜਿਸ 'ਚ ਹਾਜ਼ਰ ਵੱਖੋ ਵੱਖ ਮੈਂਬਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ 'ਚ ਹਾਜ਼ਰ ਮੈਂਬਰਾਂ ਨੇ ਫੈਸਲਾ ਕੀਤਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਬਟਾਲੇ ਦੇ ਵੱਖੋ ਵੱਖਰੇ ਗੁਰਦੁਆਰਾ ਸਾਹਿਬਾਨ ਤੇ ਸਕੂਲਾਂ 'ਚ ਲਗਾਤਾਰ 7 ਦਿਨ ਪ੍ਰੋਗਰਾਮ ਕੀਤੇ ਜਾਣ ਤੇ ਉੱਥੇ ਸੰਗਤਾਂ ਅਤੇ ਵਿਦਿਆਰਥੀਆਂ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਸੰਬੰਧੀ ਜਾਣੂ ਕਰਵਾਇਆ ਜਾਵੇ। ਇਸ ਤੋਂ ਉਹਨਾਂ ਦੇ ਜੀਵਨ ਸੰਬੰਧੀ ਸੰਖੇਪ ਇਤਿਹਾਸ ਵੀ ਛਪਵਾ ਕੇ ਵੰਡਿਆ ਜਾਵੇ। ਇਹ 7 ਰੋਜ਼ਾ ਗੁਰਮਤਿ ਸਮਾਗਮਾਂ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ। ਇਹ ਸਮਾਗਮ 1 ਮਈ ਤੋਂ 7 ਮਈ ਤੱਕ ਚੱਲਣਗੇ ਜਿਸ ਤਹਿਤ ਸਕੂਲਾਂ ਵਿੱਚ ਰੋਜ ਇੱਕ ਘੰਟਾ ਵਿਦਿਆਰਥੀਆਂ ਨੂੰ ਇਤਿਹਾਸ ਦੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਰਾਤ ਨੂੰ ਵੱਖੋ ਵੱਖ ਗੁਰਦੁਆਰਿਆਂ ਵਿੱਚ ਕੀਰਤਨ ਦਰਬਾਰ ਸਜਾਏ ਜਾਣਗੇ।

ਇੱਕ ਹੋਰ ਫੈਸਲੇ ਰਾਹੀਂ ਜੂਨ ਮਹੀਨੇ ਦੀਆਂ ਗਰਮੀਆਂ 'ਚ ਬੱਚਿਆਂ ਲਈ ਨੈਤਿਕ ਸਿੱਖਿਆ ਕੈਂਪ ਵੀ ਲਗਾਏ ਜਾਣਗੇ ਅਤੇ ਜਥੇਬੰਦੀ ਦਾ ਵਾਰਡ ਪੱਧਰ 'ਤੇ ਵਿਸਥਾਰ ਵੀ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਦੇ ਸਰਪ੍ਰਸਤ ਗੁਰਦਰਸ਼ਨ ਸਿੰਘ, ਰਣਧੀਰ ਸਿੰਘ ਰਾਣਾ ਜਿਲ੍ਹਾ ਪ੍ਰਧਾਨ, ਭੁਪਿੰਦਰ ਸਿੰਘ ਪ੍ਰਿੰਸ ਸ਼ਹਿਰੀ ਪ੍ਰਧਾਨ, ਉਕਾਰ ਸਿੰਘ ਜਰਨਲ ਸਕੱਤਰ, ਜਤਿੰਦਰ ਸਿੰਘ ਮੀਤ ਪ੍ਰਧਾਨ, ਮਾਸਟਰ ਗੁਰਮੀਤ ਸਿੰਘ, ਨਿਰਵੈਰ ਸਿੰਘ, ਅਵਤਾਰ ਸਿੰਘ, ਗੁਰਪਾਲ ਸਿੰਘ, ਗਿਆਨੀ ਹਰਬੰਸ ਸਿੰਘ ਹੰਸਪਾਲ, ਰਾਜਿੰਦਰ ਸਿੰਘ ਐਡਵੋਕੇਟ, ਮਾਸਟਰ ਪ੍ਰਵੀਨ ਸਿੰਘ, ਬਲਜਿੰਦਰ ਸਿੰਘ, ਸਤਨਾਮ ਸਿੰਘ, ਜਗਤਾਰ ਸਿੰਘ, ਹਰਦੇਵ ਸਿੰਘ ਸੰਧੂ, ਵਜੀਰ ਸਿੰਘ, ਯੁੱਧਬੀਰ ਮਾਲਟੂ, ਸੁਖਦੇਵ ਸਿੰਘ, ਜਗਮੋਹਨ ਸਿੰਘ, ਹਰਵਿੰਦਰ ਸਿੰਘ, ਚਰਨਜੀਤ ਸਿੰਘ, ਹਰਜੀਤ ਸਿੰਘ, ਬਲਜੀਤ ਸਿੰਘ, ਕਰਨੈਲ ਸਿੰਘ, ਰਾਜਿੰਦਰ ਸਿੰਘ, ਪਰਮਜੀਤ ਸਿੰਘ ਤੋਂ ਇਲਾਵਾ ਗੁਰਦੁਆਰਾ ਰਾਮਗੜ੍ਹੀਆ ਦੀ ਸਮੁੱਚੀ ਕਮੇਟੀ ਹਾਜ਼ਰ ਸੀ।

# ਜ਼ਿਲ੍ਹਾ ਪੱਧਰੀ ਦੋ ਰੋਜ਼ਾ ਬਾਕਸਿੰਗ ਚੈਂਪੀਅਨਸ਼ਿਪ ਭਲਕੇ ਤੋਂ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲ ਰਹੇ ਜੀ ਜੀ ਐਸ ਬਾਕਸਿੰਗ ਕਲੱਬ ਵਿੱਚ ਬਾਕਸਿੰਗ ਐਸੋਸੀਏਸ਼ਨ ਗੁਰਦਾਸਪੁਰ ਵੱਲੋਂ 22 ਅਤੇ 23 ਅਪ੍ਰੈਲ ਨੂੰ ਸਬ ਜੂਨੀਅਰ ਲੜਕੇ/ਲੜਕੀਆਂ ਦੀ ਜ਼ਿਲ੍ਹਾ ਪੱਧਰੀ ਬਾਕਸਿੰਗ ਚੈਂਪੀਅਨਸ਼ਿਪ-2023 ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਸਕੂਲ ਦੇ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ ਅਤੇ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਸਾਂਝੇ ਤੌਰ ਤੇ ਦਿੰਦਿਆਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਵੱਖ ਵੱਖ ਭਾਰ ਵਰਗ ਦੇ ਅੰਡਰ 14 ਉਮਰ ਤੱਕ ਦੇ ਲੜਕੇ/ਲੜਕੀਆਂ ਭਾਗ ਲੈ ਸਕਣਗੇ। ਇਹ ਚੈਂਪੀਅਨਸ਼ਿਪ 22 ਅਪਰੈਲ ਨੂੰ ਬਾਕਸਿੰਗ ਕੋਚ ਨਵਤੇਜ਼ ਸਿੰਘ ਅਤੇ ਕੋਚ ਵਰਿਆਮ ਸਿੰਘ ਦੀ ਨਿਗਰਾਨੀ ਹੇਠ ਸਵੇਰੇ 9 ਵਜ਼ੇ ਸ਼ੁਰੂ ਹੋਵੇਗੀ। ਜਿਸ ਵਿੱਚ 22 ਅਪਰੈਲ ਨੂੰ ਲੜਕਿਆਂ ਦੇ ਮੁਕਾਬਲੇ ਕਰਵਾਏ ਜਾਣਗੇ ਅਤੇ 23 ਅਪਰੈਲ ਨੂੰ ਲੜਕੀਆਂ ਦੇ ਬਾਕਸਿੰਗ ਮੁਕਾਬਲੇ ਕਰਵਾਏ ਜਾਣਗੇ।

# ਚਿਹਰੇ 'ਤੇ ਤਿਰੰਗੇ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਗਰਮ

**ਕਲਾਨੌਰ, (ਮਨਦੀਪ ਕੋਹਲੀ)**-ਸ੍ਰੀ ਹਰਿਮੰਦਰ ਸਾਹਿਬ ਵਿਖੇ ਚਿਹਰੇ 'ਤੇ ਤਿਰੰਗਾ ਬਣਾ ਕੇ ਅੰਦਰ ਜਾ ਰਹੀ ਲੜਕੀ ਨੂੰ ਸੇਵਾਦਾਰ ਵੱਲੋਂ ਰੋਕਣ ਕਾਰਨ ਜੋ ਆਪਸੀ ਬਹਿਸ ਦੀ ਸੋਸ਼ਲ ਮੀਡੀਆ ਤੇ ਵੀਡੀਓ ਵਾਇਰਲ ਹੋ ਰਹੀ ਹੈ ਉਸ ਸਬੰਧੀ ਕਲਾਨੌਰ ਵਿੱਚ ਇਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਖਾਲਸਾ ਪੰਚਾਇਤ ਕਲਾਨੌਰ ਦੇ ਪ੍ਰਧਾਨ ਰਜਿੰਦਰ ਸਿੰਘ ਭੰਗੂ ਨੇ ਕੀਤੀ। ਇਸ ਮੌਕੇ ਖਾਲਸਾ ਪੰਚਾਇਤ ਦੇ ਪ੍ਰਧਾਨ ਰਜਿੰਦਰ ਸਿੰਘ ਭੰਗੂ ਨੇ ਕਿਹਾ ਕਿ ਕੋਈ ਵੀ ਧਾਰਮਿਕ ਸਥਾਨ ਜਿਵੇਂ ਗੁਰਦੁਆਰਾ ਸਾਹਿਬ, ਮੰਦਰ, ਮਸਜਿਦ ਜਾਂ ਕੋਈ ਹੋਰ ਉਸ ਅੰਦਰ ਕਿਸੇ ਨੂੰ ਵੀ ਜਾਣ ਲਈ ਕੋਈ ਪਰੰਪਰਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਹ ਤਿਰੰਗਾ ਭਾਰਤ ਦੇਸ਼ ਦੀ ਸ਼ਾਨ ਹੈ ਪਰ ਇਸ ਨੂੰ ਕਦੇ ਵੀ ਕਿਸੇ ਵੀ ਥਾਂ 'ਤੇ ਨਹੀਂ ਲਗਾਇਆ ਜਾ ਸਕਦਾ ਜਿਵੇਂ ਕਿ ਉਸ ਲੜਕੀ ਵੱਲੋਂ ਆਪਣੇ ਚਿਹਰੇ 'ਤੇ ਤਿਰੰਗਾ ਬਣਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾ ਰਹੀ ਸੀ, ਉਹ ਗੁਰਦੁਆਰਾ ਸਾਹਿਬ ਹੈ ਨਾ ਕਿ ਸਟੇਡੀਅਮ। ਦੂਸਰੇ ਪਾਸੇ ਰਜਿੰਦਰ ਸਿੰਘ ਭੰਗੂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਦਿੱਤੇ ਬਿਆਨ 'ਤੇ ਵੀ ਰੋਸ ਪ੍ਰਗਟ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਆਪਣੀ ਸੋਚ ਨਾਲ ਕੋਈ ਵੀ ਬਿਆਨ ਨਹੀਂ ਦਿੰਦੇ ਉਨ੍ਹਾਂ ਨੂੰ ਜੋ ਵੀ ਬਾਦਲ ਪਰਿਵਾਰ ਵੱਲੋਂ ਬੋਲਣ ਲਈ ਕਿਹਾ ਜਾਂਦਾ ਹੈ ਉਹ ਮੀਡੀਆ ਅੱਗੇ ਬੋਲਦੇ ਦਿੰਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਰਜਿੰਦਰ ਸਿੰਘ ਭੰਗੂ, ਭਾਈ ਦਲਵਿੰਦਰ ਸਿੰਘ ਬਿੱਟੂ, ਭਾਈ ਰਣਜੀਤ ਸਿੰਘ ਖਾਲਸਾ, ਭਾਈ ਬਿਕਰਮਜੀਤ ਸਿੰਘ ਭੱਟੀ, ਜਤਿੰਦਰ ਸਿੰਘ ਸਿੱਧੂ, ਕੁਲਦੀਪ ਸਿੰਘ, ਸੁਖਵੰਤ ਸਿੰਘ ਦਲੇਲਪੁਰ, ਕਵਲਦੀਪ ਸਿੰਘ, ਸੁਖਵਿੰਦਰ ਸਿੰਘ ਮੱਲ੍ਹੀ ਅਤੇ ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

# 'ਸਰਪੰਚੀ ਕੀਤੀ ਮਾਧੋ ਨੇ' ਲੋਕ ਅਰਪਿਤ

**ਬਾਬਾ ਬਕਾਲਾ, (ਨਿਰਮਲ ਸਿੰਘ ਸੰਘਾ)**-ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਪੰਜਾਬੀ ਸਾਹਿਤ ਸਭਾ ਤਰਸਿੱਕਾ ਦੇ ਪ੍ਰਧਾਨ ਬਲਜਿੰਦਰ ਮਾਂਗਟ, ਜਨਰਲ ਸਕੱਤਰ ਅਤਰ ਸਿੰਘ ਤਰਸਿੱਕਾ, ਸਰਪ੍ਰਸਤ ਗੁਰਮੀਤ ਸਿੰਘ ਡੇਹਰੀਵਾਲਾ, ਅਮਰਪਾਲ ਸਿੰਘ ਖਹਿਰਾ ਪ੍ਰਧਾਨ ਪੰਜਾਬੀ ਕਲਾ ਅਤੇ ਸਾਹਿਤ ਕਲੱਬ ਗੋਇੰਦਵਾਲ, ਮਨਮੋਹਣ ਸਿੰਘ ਬਾਸਰਕੇ ਪ੍ਰਧਾਨ ਸਰਹੱਦੀ ਸਾਹਿਤ ਸਭਾ ਅੰਮ੍ਰਿਤਸਰ, ਜਨਰਲ ਸਕੱਤਰ ਅਜੀਤ ਸਿੰਘ ਨਬੀਪੁਰੀ, ਸ਼ੁਕਰਗੁਜ਼ਾਰ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ, ਪੰਜਾਬੀ ਸਾਹਿਤ ਸੰਗਮ ਦੇ ਪ੍ਰਧਾਨ ਡਾ: ਮੋਹਨ ਬੇਗੋਵਾਲ, ਜਨਰਲ ਸਕੱਤਰ ਸਰਬਜੀਤ ਸਿੰਘ ਸੰਧੂ, ਜਸਵੰਤ ਧਾਪ, ਸੁਖਦੇਵ ਸਿੰਘ ਭੁੱਲਰ ਸਾ: ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ, ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਅਤੇ ਪ੍ਰਧਾਨ ਸੰਤੋਖ ਸਿੰਘ ਗੁਰਾਇਆ ਆਦਿ ਸੁਸ਼ੋਭਿਤ ਹੋਏ। ਇਸ ਮੌਕੇ ਸ਼ੇਲਿੰਦਰਜੀਤ ਸਿੰਘ ਰਾਜਨ ਅਤੇ ਪ੍ਰਿੰ: ਰਘਬੀਰ ਸਿੰਘ ਸੋਹਲ ਦੀ ਪੇਸ਼ਕਸ਼ ਅਤੇ ਗਾਇਕ ਮੱਖਣ ਭੈਣੀਵਾਲਾ ਦਾ ਸਾਫ ਸੁਥਰੀ ਗਾਇਕੀ ਨੂੰ ਸਮਰਪਿਤ ਗੀਤ 'ਸਰਪੰਚੀ ਕੀਤੀ ਮਾਧੋ ਨੇ' ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਲੋਕ ਸਭਾ ਦੇ ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਸਕੱਤਰ ਜਸਪਾਲ ਸਿੰਘ ਧੂਲਕਾ, ਸਕੱਤਰ ਸਿੰਘ ਪੁਰੇਵਾਲ, ਸਤਨਾਮ ਸਿੰਘ ਜਸਪਾਲ, ਮਾ: ਬਲਬੀਰ ਸਿੰਘ ਬੀਰ, ਗੁਰਮੇਜ ਸਿੰਘ ਸਹੋਤਾ, ਪ੍ਰਧਾਨ ਮਹਿਲਾ ਵਿੰਗ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਗੁਰਦਿਆਲ ਰੁਮਾਣੇ ਚੱਕੀਆਂ ਹਾਜ਼ਰ ਸਨ।

# ਬਟਾਲਾ ਵਿਖੇ ਵਿਕਾਸ ਦੇ ਨਵੇਂ ਯੁੱਗ ਦੀ ਹੋਵੇਗੀ ਸ਼ੁਰੂਆਤ : ਅਰਜੁਨ ਰਾਮ ਮੇਘਵਾਲ

**ਬਟਾਲਾ (ਤਰਲੋਕ ਬੱਗਾ)**

ਭਾਜਪਾ ਦੇ ਸੀਨੀਅਰ ਆਗੂ ਇੰਦਰ ਸੇਖੜੀ ਨੇ ਆਪਣੇ ਦਫਤਰ ਵਿੱਚ ਪ੍ਰੈਸ ਕਾਨਫਰੰਸ ਕੀਤੀ ਜਿਸਦਾ ਮਕਸਦ ਕੇਂਦਰੀ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਦੀ ਫੇਰੀ ਬਾਰੇ ਮੀਡੀਆ ਨੂੰ ਜਾਣਕਾਰੀ ਦੇਣਾ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਪ੍ਰਧਾਨ ਮੰਤਰੀ ਦੇ ਨਾਮਜ਼ਦ ਵਿਅਕਤੀ ਨੇ ਵਿਕਾਸ ਲਈ ਕੇਂਦਰ ਸਰਕਾਰ ਦੇ ਸਹਿਯੋਗ ਦੀ ਲੋੜ ਵਾਲੀਆਂ ਥਾਵਾਂ ਦਾ ਦੌਰਾ ਕੀਤਾ। ਇਨ੍ਹਾਂ ਥਾਵਾਂ 'ਤੇ ਕੇਂਦਰ ਸਰਕਾਰ ਸਿੱਧੀ ਭੂਮਿਕਾ ਨਿਭਾ ਸਕਦੀ ਹੈ। ਇਨ੍ਹਾਂ ਵਿਕਾਸ ਕਾਰਜਾਂ ਵਿੱਚ ਰਾਜ ਸਰਕਾਰ ਦੀ ਕੋਈ ਭੂਮਿਕਾ ਨਹੀਂ ਹੋਵੇਗੀ। ਵੀਐਮਐੱਸ ਪੋਲੀਟੈਕਨਿਕ ਕਾਲਜ ਵਿੱਚ ਭਾਜਪਾ ਅਹੁਦੇਦਾਰਾਂ ਦੀ ਮੀਟਿੰਗ ਹੋਈ। ਮੰਤਰੀ ਵੱਲੋਂ ਮਸਲਿਆਂ ਨੂੰ ਹੱਲ ਕਰਨ ਲਈ ਇੱਕ ਲਾਈਨ ਆਫ ਐਕਸ਼ਨ ਦਾ ਐਲਾਨ ਕੀਤਾ ਗਿਆ। ਉਨ੍ਹਾਂ ਕੇਂਦਰੀ ਰੇਲਵੇ ਸਟੇਸ਼ਨ ਬਟਾਲਾ, ਡੇਰਾ ਰੋਡ ਅੰਡਰ ਪਾਸ ਸਾਈਟ, ਡਿਫੈਂਸ ਰੋਡ ਮੁਰਗੀ ਮੁਹੱਲਾ ਸਾਈਟ ਅਤੇ ਹਜੀਰਾ ਪਾਰਕ ਦਾ ਦੌਰਾ ਕਰਕੇ ਕੇਂਦਰ ਸਰਕਾਰ ਤੋਂ ਸਹਾਇਤਾ ਪ੍ਰਦਾਨ ਕਰਨ ਲਈ ਸਭ ਤੋਂ ਪਹਿਲਾਂ ਜਾਣਕਾਰੀ ਹਾਸਲ ਕੀਤੀ। ਸੁਰੇਸ਼ ਗੋਇਲ, ਪ੍ਰਧਾਨ ਰੇਲਵੇ ਲੋਕਲ ਟਰੈਵਲਰਜ਼ ਐਸੋਸੀਏਸ਼ਨ, ਬਟਾਲਾ ਵੱਲੋਂ ਮੰਤਰੀ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ। ਮੰਤਰੀ ਤੋਂ ਦੂਜੇ ਪਲੇਟਫਾਰਮ, ਓਵਰਬ੍ਰਿਜ, ਅੰਮ੍ਰਿਤਸਰ ਤੋਂ ਬਟਾਲਾ ਦਰਮਿਆਨ ਹਰ ਅੱਧੇ ਘੰਟੇ ਬਾਅਦ ਸਟਲ ਟਰੇਨ ਸੇਵਾ ਦੀ ਮੁੜ ਬਹਾਲੀ ਅਤੇ ਅੰਮ੍ਰਿਤਸਰ ਤੋਂ ਕਟੜਾ ਮਾਤਾ ਵੈਸ਼ਨੋ ਦੇਵੀ ਅਸਥਾਨ ਦਰਮਿਆਨ ਲੰਬੀ ਦੂਰੀ ਦੀਆਂ ਰੇਲ ਗੱਡੀਆਂ ਸ਼ੁਰੂ ਕਰਨ ਦੀ ਮੰਗ ਕੀਤੀ ਗਈ। ਇਹ ਪ੍ਰਵਾਨਗੀਆਂ ਸਾਡੇ ਇਤਿਹਾਸਕ ਸ਼ਹਿਰ ਵਿੱਚ ਸੈਰ-ਸਪਾਟਾ ਉਦਯੋਗ ਨੂੰ ਵਧਾਉਣ ਵਿੱਚ ਮਦਦ ਕਰਨਗੀਆਂ ਅਤੇ ਬਟਾਲਾ ਵਿਖੇ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ। ਅਗਲੇ ਪੜਾਅ ਵਿੱਚ ਉਦਯੋਗਾਂ ਦੀਆਂ ਸਮੱਸਿਆਵਾਂ ਨੂੰ ਵੀ ਮਾਨਯੋਗ ਮੰਤਰੀ ਵੱਲੋਂ ਹੱਲ ਕੀਤਾ ਜਾਵੇਗਾ। ਸਾਰੇ ਸੁਝਾਵਾਂ ਨੂੰ ਲਾਗੂ ਕਰਨ ਨਾਲ ਬਟਾਲਾ ਦੇ ਸਰਬਪੱਖੀ ਵਿਕਾਸ ਵਿੱਚ ਜ਼ਰੂਰ ਮਦਦ ਮਿਲੇਗੀ। ਇਸ ਮੌਕੇ ਫਤਿਹਜੰਗ ਸਿੰਘ ਬਾਜਵਾ, ਨਰੇਸ਼ ਮਹਾਜਨ, ਅੰਬਿਕਾ ਖੰਨਾ, ਰਾਜੇਸ਼ ਮਰਵਾਹਾ, ਪਰਮਜੋਤ ਗਿੱਲ, ਰਾਜੂ ਤ੍ਰੇਹਨ, ਨਰੇਸ਼ ਸਨਨ, ਸੁਸ਼ੀਲ ਅਗਰਵਾਲ, ਹਰਜੀਤ ਸਿੰਘ, ਭਾਰਤ ਭੂਸ਼ਣ ਅਗਰਵਾਲ, ਬਲਦੇਵ ਪੱਡਾ, ਸੰਜੇ ਬਜਾਜ, ਗੁਰਦਿਆਲ ਸਿੰਘ, ਗੁਰਿੰਦਰ ਸਿੰਘ ਸੇਖਵਾਂ, ਮਨਬੀਰ ਸਿੰਘ, ਦੀਪਕ ਅਤੇ ਹੋਰਨਾਂ ਨੇ ਸ਼ਮੂਲੀਅਤ ਕੀਤੀ।



# ਜਲੰਧਰ ਦੀ ਜ਼ਿਮਨੀ ਚੋਣ ਵੱਡੇ ਮਾਰਜਨ ਨਾਲ ਜਿੱਤੇਗੀ ਕਾਂਗਰਸ : ਸੋਨੂੰ ਜੰਡਿਆਲਾ



**ਤਰਨ ਤਾਰਨ ( ਪ੍ਰਿਤਪਾਲ ਸਿੰਘ)**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਜਲੰਧਰ ਦੇ ਲੋਕ ਸਭਾ ਹਲਕੇ ਦੇ ਵੱਖ ਵੱਖ ਪਿੰਡਾਂ 'ਚ ਚੋਣ ਪ੍ਰਚਾਰ ਕਰਦੇ ਹੋਏ ਨੈਸ਼ਨਲ ਕਾਂਗਰਸ ਵਰਕਸ ਕਮੇਟੀ ਦੇ ਪੰਜਾਬ ਪ੍ਰਧਾਨ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਜਲੰਧਰ ਦੀ ਪਾਰਲੀਮੈਂਟ ਚੋਣ ਬੜੇ ਵੱਡੇ ਮਾਰਜਨ ਨਾਲ ਜਿੱਤੇਗੀ ਕਾਂਗਰਸ ਪਾਰਟੀ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਇੱਕ ਕਾਂਗਰਸ ਪਾਰਟੀ ਹੀ ਐਸੀ ਪਾਰਟੀ ਹੈ ਜੋ ਹਰ ਇਕ ਆਪਣੇ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੰਦੀ ਹੈ ਅਤੇ ਆਪਣੇ ਲੋਕਾਂ ਦਾ ਭਲਾ ਮੰਗਦੀ ਹੈ ਤੇ ਅੱਜ ਦੇਸ਼ 'ਚ ਵਧ ਰਹੀ ਮੰਗ ਤੋਂ ਤੰਗ ਆ ਕੇ ਲੋਕਾਂ ਨੇ ਕਾਂਗਰਸ ਨੂੰ ਮੁੜ ਸੱਤਾ ਵਿੱਚ ਲਿਆਉਣ ਦੇ ਲਈ ਮਨ ਬਣਾ ਲਿਆ ਹੈ ਜਿਸ ਦੀ ਸ਼ੁਰੂਆਤ ਜਲੰਧਰ ਦੀ ਲੋਕ ਸਭਾ ਸੀਟ ਤੋਂ ਹੋਵੇਗੀ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜਾ ਵੜਿੰਗ ਤੇ ਸਮੁੱਚੀ ਕਾਂਗਰਸ ਦੀ ਲੀਡਰਸ਼ਿਪ ਦਿਨ ਰਾਤ ਮਿਹਨਤ ਕਰ ਰਹੀ ਹੈ। ਸਾਨੂੰ ਯਕੀਨ ਹੈ ਕਿ ਅਸੀਂ ਇਹ ਲੋਕ ਸਭਾ ਦੀ ਸੀਟ ਵੱਡੇ ਮਾਰਜਨ ਨਾਲ ਜਿੱਤਾਂਗੇ ਇਸ ਮੌਕੇ ਰਣਜੀਤ ਸਿੰਘ, ਬਲਵਿੰਦਰ ਸਿੰਘ, ਹਰਦੀਪ ਸਿੰਘ, ਗੁਰਮੁਖ ਸਿੰਘ, ਸੁਰਜੀਤ ਸਿੰਘ, ਗੁਰਤੇਜ ਸਿੰਘ, ਜੋਬਨਜੀਤ ਸਿੰਘ, ਬਲਜੀਤ ਸਿੰਘ, ਹਰਜੀਤ ਸਿੰਘ, ਹਰਮਨ ਸਿੰਘ ਆਦਿ ਹਾਜ਼ਰ ਸਨ।

**ਉੱਤਰ ਰੇਲਵੇ**

G20 — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਟੈਂਡਰ ਸੂਚਨਾ**

**ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਸਾਮਗਰੀ ਪ੍ਰਬੰਧਕ / ਉੱਤਰ ਰੇਲਵੇ / ਭੰਡਾਰ ਡਿਪੋ / ਯਾਂਤ੍ਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ - ਟੈਂਡਰ ਮੰਗ ਕੀਤੀ ਜਾਂਦੀ ਹੈ।

| ਲ. ਨੰ: | ਟੈਂਡਰ ਨੰਬਰ | ਮਾਲ ਦਾ ਵੇਰਵਾ | ਮਾਤਰਾ | ਟੈਂਡਰ ਖੁਲਣ ਦੀ ਮਿਤੀ |
|---|---|---|---|---|
| 01 | 94235187 | SUPPLY, ERECTION, INSTALLATION AND COMMISSIONING OF AUTOMATIC AXLE BOX TEMPERATURE MONITORING/ RECORDING SYSTEM AT (i) BWZ, GILL & SNL (ii) BDGM, TMJK & SNJP (iii) JK, MOE & LDW AS PER SPECIFICATION ATTACHED | 3+3+3 = 9 Nos. | 17.05.2023 |

**ਟੈਂਡਰ ਸ਼ਰਤਾਂ:**- IREPS ਦੀ ਵੈਬਸਾਈਟ www.ireps.gov.in ਉਤੇ ਉਪਲਬਧ ਹੈ । ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ । ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ । **ਟੈਂਡਰ ਨੋਟਿਸ ਨੰਬਰ : 01/2023-24 ਮਿਤੀ : 18.04.2023**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ    1154/23

21-April-PAGE-4.qxd 4/20/2023 10:17 PM Page 1



# ਕਿਰਤ ਸ਼ਕਤੀ 'ਚ ਘਟਦੀ ਭਾਈਵਾਲੀ

*ਬੇਰੁਜ਼ਗਾਰੀ ਦਰ ਦੇ ਸਰਕਾਰੀ ਤੇ ਨਿੱਜੀ ਅੰਕੜੇ ਦੇਖੀਏ ਤਾਂ ਉਹ ਓਨੀ ਗੰਭੀਰ ਨਜ਼ਰ ਨਹੀਂ ਆਉਂਦੀ, ਜਿੰਨੀ ਹੈ। ਨਿੱਜੀ ਸੰਸਥਾ ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ ਐੱਮ ਆਈ ਈ) ਮੁਤਾਬਕ ਫਰਵਰੀ 2023 'ਚ ਬੇਰੁਜ਼ਗਾਰੀ ਦੀ ਦਰ 7.5 ਫੀਸਦੀ ਸੀ, ਜਿਹੜੀ ਮਾਰਚ ਵਿੱਚ ਵਧ ਕੇ 7.8 ਫੀਸਦੀ ਹੋ ਗਈ। ਸਰਕਾਰ ਤੇ ਉਸ ਦੇ ਚਹੇਤੇ ਵਿਸ਼ਲੇਸ਼ਕ ਇੰਪਲਾਈਜ਼ ਪ੍ਰੋਵੀਡੈਂਡ ਫੰਡ ਆਰਗੇਨਾਈਜ਼ੇਸ਼ਨ (ਈ ਪੀ ਐੱਫ ਓ), ਤਾਂ ਕਦੇ ਇੰਪਲਾਈਜ਼ ਸਟੇਟ ਇੰਸ਼ੋਰੈਂਸ (ਈ ਐੱਸ ਆਈ) ਵਿੱਚ ਨਵੇਂ ਜੁੜੇ ਲੋਕਾਂ ਦੇ ਅੰਕੜੇ ਦਿਖਾ ਕੇ ਦੱਸਦੇ ਹਨ ਕਿ ਰੁਜ਼ਗਾਰ ਸਿਰਜਣ ਤੇਜ਼ੀ ਨਾਲ ਹੋ ਰਿਹਾ ਹੈ। 19 ਅਪ੍ਰੈਲ ਨੂੰ ਪ੍ਰਕਾਸ਼ਤ ਹੋਇਆ ਕਿ ਫਰਵਰੀ ਵਿੱਚ ਈ ਐੱਸ ਆਈ ਨਾਲ 16 ਲੱਖ ਲੋਕ ਨਵੇਂ ਜੁੜੇ। ਕਹਿਣ ਦਾ ਮਤਲਬ ਏਨੇ ਹੋਰ ਲੋਕਾਂ ਨੂੰ ਰੁਜ਼ਗਾਰ ਮਿਲਿਆ। ਬੇਰੁਜ਼ਗਾਰੀ ਦੀ ਅਸਲੀ ਸਥਿਤੀ ਦਾ ਪਤਾ ਲਾਉਣ ਲਈ ਕੰਮ ਕਰਨ ਵਾਲਿਆਂ ਦੀ ਉਮਰ, ਕਿਰਤ ਭਾਈਵਾਲੀ ਦਰ, ਰੁਜ਼ਗਾਰ ਦਰ ਤੇ ਬੇਰੁਜ਼ਗਾਰੀ ਦਰ ਦੇ ਅੰਕੜਿਆਂ ਨੂੰ ਸਮਝਣ ਦੀ ਲੋੜ ਹੈ। 2016 ਵਿੱਚ ਨੋਟਬੰਦੀ ਤੋਂ ਪਹਿਲਾਂ ਭਾਰਤ 'ਚ ਕੰਮ ਕਰਨ ਦੀ ਉਮਰ (15–64 ਸਾਲ) ਵਾਲੀ ਆਬਾਦੀ 100 ਕਰੋੜ ਤੋਂ ਕੁਝ ਘੱਟ ਸੀ। ਇਸ ਵਿੱਚ ਕੰਮ ਕਰਨ ਵਾਲੇ ਤੇ ਲੱਭਣ ਵਾਲਿਆਂ ਦੀ ਗਿਣਤੀ 45 ਕਰੋੜ (ਲਗਭਗ 45 ਫੀਸਦੀ) ਸੀ। 2021 ਵਿੱਚ ਇਹ ਘਟ ਕੇ 42 ਕਰੋੜ (ਲਗਭਗ 37 ਫੀਸਦੀ) ਰਹਿ ਗਏ, ਅਰਥਾਤ ਆਬਾਦੀ ਵਧਦੀ ਰਹੀ, ਪਰ ਤਿੰਨ ਕਰੋੜ ਕੰਮ ਦੇ ਲਾਇਕ ਵਿਅਕਤੀ ਕਿਰਤ ਸ਼ਕਤੀ 'ਚੋਂ ਬਾਹਰ ਹੋ ਗਏ। ਨਿਸਚੇ ਹੀ ਪੂੰਜੀਵਾਦੀ ਆਰਥਕ ਸੰਕਟ ਤੇ ਰੁਜ਼ਗਾਰ ਬਾਰੇ ਮੋਦੀ ਸਰਕਾਰ ਦੀਆਂ ਆਰਥਕ ਨੀਤੀਆਂ ਦੇ ਮਾੜੇ ਪ੍ਰਭਾਵਾਂ ਤੋਂ ਇਲਾਵਾ ਕੋਵਿਡ ਲਾਕਡਾਊਨ ਵੀ ਇਸ ਵੱਡੀ ਗਿਰਾਵਟ ਦਾ ਇੱਕ ਕਾਰਨ ਸੀ। ਮਾਰਚ 2023 ਵਿਚ ਸੀ ਐੱਮ ਆਈ ਈ ਮੁਤਾਬਕ ਕਿਰਤ ਭਾਈਵਾਲੀ ਦਰ 39.8 ਫੀਸਦੀ ਹੋ ਗਈ ਤੇ ਰੁਜ਼ਗਾਰ ਦਰ 36.7 ਫੀਸਦੀ ਹੋ ਗਈ। ਕਿਰਤ ਸ਼ਕਤੀ 44.43 ਕਰੋੜ ਹੈ, ਜਿਸ ਵਿੱਚ 41.01 ਕਰੋੜ ਲੋਕ ਕੰਮ ਕਰ ਰਹੇ ਹਨ ਤੇ ਬੇਰੁਜ਼ਗਾਰ 3.69 ਕਰੋੜ ਹਨ। ਸਾਫ ਹੈ ਕਿ ਲਾਕਡਾਊਨ ਖਤਮ ਹੋਣ ਤੋਂ ਬਾਅਦ ਕੋਈ ਦੋ ਕਰੋੜ ਲੋਕ ਕਿਰਤ ਸ਼ਕਤੀ ਵਿੱਚ ਪਰਤੇ ਹਨ, ਪਰ ਇਹ ਗਿਣਤੀ ਅਜੇ ਵੀ ਨੋਟਬੰਦੀ ਤੋਂ ਪਹਿਲੀ ਦਰ ਤੋਂ ਘੱਟ ਹੈ, ਜਦੋਂਕਿ ਆਬਾਦੀ ਵਧਣ ਨਾਲ ਕੰਮ ਕਰਨ ਲਾਇਕ ਉਮਰ ਦੇ ਨਾਗਰਿਕਾਂ ਦੀ ਗਿਣਤੀ 11 ਕਰੋੜ ਵਧ ਗਈ ਹੈ। ਇਹ ਭਾਰਤ ਵਿੱਚ ਰੁਜ਼ਗਾਰ ਦੀ ਘਾਟ ਦੇ ਭਿਆਨਕ ਸੰਕਟ ਦਾ ਸਭ ਤੋਂ ਵੱਡਾ ਸੰਕੇਤ ਹੈ। ਬੇਰੁਜ਼ਗਾਰਾਂ ਦੀ ਫੌਜ ਹਰ ਪੂੰਜੀਵਾਦੀ ਮੁਲਕ ਵਿਚ ਹੁੰਦੀ ਹੈ, ਪਰ ਭਾਰਤੀ ਪੂੰਜੀਵਾਦੀ ਵਿਵਸਥਾ 'ਚ ਇਸ ਦੀ ਗਿਣਤੀ ਕਿਤੇ ਵੱਧ ਹੈ। ਦੁਨੀਆ ਭਰ ਦੇ ਪੂੰਜੀਵਾਦੀ ਦੇਸ਼ਾਂ ਵਿੱਚ ਔਸਤਨ ਕੰਮ ਯੋਗ ਉਮਰ ਦੇ 100 ਵਿੱਚੋਂ 60 ਵਿਅਕਤੀ ਕੰਮ ਕਰ ਰਹੇ ਹਨ, ਜਦਕਿ ਭਾਰਤ 'ਚ ਇਹ ਗਿਣਤੀ ਮਸਾਂ 40 ਫੀਸਦੀ ਹੈ। ਭਾਰਤੀ ਸਰਮਾਏਦਾਰਾਂ ਨੂੰ ਇਹ ਸਥਿਤੀ ਬਹੁਤ ਰਾਸ ਆ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਘੱਟ ਉਜਰਤ 'ਤੇ ਵੀ ਕੰਮ ਕਰਨ ਵਾਲੇ ਬਥੇਰੇ ਮਿਲ ਜਾਂਦੇ ਹਨ। ਏਨੀ ਬੇਰੁਜ਼ਗਾਰੀ ਕਾਰਨ ਉਹ ਮਜ਼ਦੂਰਾਂ ਤੋਂ 8 ਦੀ ਥਾਂ 10–10, 12–12 ਘੰਟਿਆਂ ਦੀ ਦਿਹਾੜੀ ਲੁਆ ਰਹੇ ਹਨ ਅਤੇ ਕਿਰਤ ਕਾਨੂੰਨਾਂ ਦੀ ਕੋਈ ਪ੍ਰਵਾਹ ਨਹੀਂ ਕਰ ਰਹੇ।*

## ਸਥਾਪਨਾ ਦਿਵਸ 'ਤੇ

# .ਗਦਰ ਪਾਰਟੀ ਦੀ ਸੋਚ ਸੀ ਸਮਾਜ ਨੂੰ ਖੁਸ਼ਹਾਲ ਤੇ ਅਮੀਰ ਬਣਾਉਣਾ

**ਪਿਰਥੀਪਾਲ ਸਿੰਘ ਮਾੜੀਮੇਘਾ**

ਦੇਸ਼ ਦੀ ਅਜੋਕੀ ਪ੍ਰਸਥਿਤੀ ਵਿੱਚ ਗਦਰ ਪਾਰਟੀ ਦੇ 110ਵੇਂ ਸਥਾਪਨਾ ਦਿਵਸ ਦੀ ਬੜੀ ਮਹੱਤਤਾ ਹੈ। ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਤੇ ਜਨਰਲ ਸਕੱਤਰ ਉੱਚ ਕੋਟੀ ਦੇ ਵਿਦਵਾਨ ਲਾਲਾ ਹਰਦਿਆਲ ਸਨ। ਹਰਦਿਆਲ ਨੇ ਆਪਣੀ ਲਿਖਤ 'ਗੁਲਾਮੀ ਦਾ ਜ਼ਹਿਰ' ਵਿੱਚ ਬਾਖੂਬ ਗੁਲਾਮ ਅਵਸਥਾ 'ਤੇ ਚਾਨਣਾ ਪਾਇਆ ਅਤੇ ਖਾਸ ਕਰਕੇ ਔਰਤਾਂ ਦੀ ਗੁਲਾਮੀ ਦਾ ਠੀਕ ਮੁਲਾਂਕਨ ਕੀਤਾ । ਹਰਦਿਆਲ ਦੀਆਂ ਲਿਖਤਾਂ ਨਵਾਂ ਜ਼ਮਾਨਾ, ਬਰਾਬਰੀ ਦਾ ਅਰਥ, ਸਮਾਜਿਕ ਫਤਿਹ ਅਤੇ 'ਹਿੰਦੁਸਤਾਨੀ ਕਿਸਾਨੀ' ਇਹ ਦਰਸਾਉਂਦੀਆਂ ਹਨ ਕਿ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਾ ਕੇ ਗਦਰ ਪਾਰਟੀ ਕਿਸ ਤਰ੍ਹਾਂ ਦੀ ਹਕੂਮਤ ਕਾਇਮ ਕਰਨਾ ਚਾਹੁੰਦੀ ਸੀ।

ਗੁਲਾਮੀ ਦਾ ਜ਼ਹਿਰ ਵਿੱਚ ਲਾਲਾ ਹਰਦਿਆਲ ਇਹ ਲਿਖਦੇ ਹਨ ਕਿ, 'ਜਿਸ ਪਹਿਲੇ ਕਵੀ ਨੇ ਆਪਣੀ ਕਵਿਤਾ ਵਿੱਚ ਰਾਜੇ ਰਾਣੀ ਦੀ ਉਪਮਾ ਕਰਕੇ ਆਪਣੀ ਕਲਮ ਨੂੰ ਕਲੰਕ ਲਾਇਆ ਹੈ, ਉਸ ਨੂੰ ਅਸੀਂ ਮਨੁੱਖ ਜਾਤੀ ਦਾ ਦੁਸ਼ਮਣ ਸਮਝਦੇ ਹਾਂ। ਬਰਾਬਰੀ ਦਾ ਅਸੂਲ ਹਰ ਕੌਮ ਦੇ ਲਈ ਐਸਾ ਹੈ, ਜਿਵੇਂ ਸਰੀਰ ਵਿੱਚ ਖੂਨ। ਜਿਸ ਹੱਦ ਤੱਕ ਇਹ ਅਸੂਲ ਕਮਜ਼ੋਰ ਹੋਊਗਾ, ਓਨਾ ਹੀ ਪਰਜਾ ਨੂੰ ਜ਼ਿਆਦਾ ਦੁੱਖ ਹੋਵੇਗਾ। ਵੇਦਾਂ ਤੇ ਉਪਨਿਸ਼ਦਾਂ ਵਿੱਚ ਰਾਜਿਆਂ ਨੂੰ ਗਿਆਨੀ, ਧਰਮਾਤਮਾ ਤੇ ਰਿਸ਼ੀ ਦੱਸਿਆ ਹੈ। ਭਲਾ ਰਾਜਾ ਕਿਸ ਤਰ੍ਹਾਂ ਰਿਸ਼ੀ ਹੋ ਸਕਦਾ ਹੈ ਜਿਸ ਮਨੁੱਖ ਦੀ ਹਸਤੀ ਹੀ ਬਰਾਬਰੀ ਦੇ ਕੁਦਰਤੀ ਅਸੂਲ ਦੇ ਵਿਰੁੱਧ ਹੈ। ਰਿਸ਼ੀ ਤਾਂ ਮਹਾਨਤਾ ਵਾਲਾ ਸ਼ਬਦ ਹੈ।'

ਮਹਾਂਭਾਰਤ ਤੇ ਰਮਾਇਣ ਵਿੱਚ ਵੀ ਰਾਜੇ ਦੀ ਉਪਮਾ ਖੂਬ ਕੀਤੀ ਗਈ ਤੇ ਔਰਤ ਨੂੰ ਪਤੀ ਦਾ ਗੁਲਾਮ ਦੱਸਿਆ ਗਿਆ ਹੈ, ਜਦੋਂ ਕਿ ਰਾਜੇ ਕੌਮ ਦੇ ਦੁਸ਼ਮਣ ਤੇ ਨਿਖੱਟੂ ਹਨ। ਇਨ੍ਹਾਂ ਦੋਹਾਂ ਗ੍ਰੰਥਾਂ ਨੇ ਗਰੀਬ ਵਸੋਂ ਨੂੰ ਗੁਲਾਮੀ ਦੇ ਪਿੰਜਰੇ ਵਿੱਚ ਨੂੜੀ ਰੱਖਿਆ । ਉਸ ਵਕਤ ਘਰਾਂ ਵੱਲ ਵੇਖਿਆ ਤਾਂ ਗੁਲਾਮੀ ਦੀ ਬਦਬੋ ਨਾਲ ਦਿਮਾਗ ਪ੍ਰੇਸ਼ਾਨ ਹੁੰਦਾ । ਸੀਤਾ ਮਾਤਾ ਦੀ ਗੁਲਾਮੀ ਤਾਂ ਜੱਗ ਜ਼ਾਹਰ ਹੈ। ਸੀਤਾ ਦਾ ਵਜੂਦ ਹੀ ਰਾਮ ਚੰਦਰ ਨੂੰ ਦਰਸਾਇਆ ਗਿਆ । ਸੀਤਾ ਦੀ ਅਲੱਗ ਕੋਈ ਹਸਤੀ ਹੀ ਨਹੀਂ। ਰਾਮ ਚੰਦਰ ਜੀ ਬਿਨਾਂ ਵਜ੍ਹਾ ਹੀ ਕਿਸੇ ਮਗਰ ਲੱਗ ਕੇ ਉਸ ਨੂੰ ਬਣਵਾਸ (ਜੰਗਲ ਵਾਸ) ਦੇ ਦਿੰਦੇ ਹਨ। ਇਸ ਤੋਂ ਇਹ ਪਤਾ ਲਗਦਾ ਹੈ ਕਿ ਔਰਤ ਕੇਵਲ ਮਾਲ ਅਸਬਾਬ ਦੀ ਤਰ੍ਹਾਂ ਹੈ। ਉਸ ਦੇ ਕੋਈ ਹੱਕ ਨਹੀਂ ਹਨ। ਇੱਕ ਪਾਸੇ ਪਤੀ ਨੇ ਠੋਕਰ ਮਾਰੀ, ਦੂਜੇ ਪਾਸੇ ਪ੍ਰਜਾ ਨੇ ਧੱਕ ਦਿੱਤਾ। ਇਤਿਹਾਸ ਵਿੱਚ ਇਹ ਧਰਮ ਅਵਤਾਰ ਰਾਜੇ ਔਰਤਾਂ ਨੂੰ ਜੂਏ ਵਿੱਚ ਹਾਰ ਜਾਂਦੇ ਹਨ। ਇਸ ਤੋਂ ਸਾਫ ਹੈ ਕਿ ਔਰਤ ਨੂੰ ਇਨਸਾਨ ਨਹੀਂ, ਸਗੋਂ ਇੱਕ ਬੇਜਾਨ ਚੀਜ਼ ਦਾ ਦਰਜਾ ਦਿੱਤਾ ਹੈ, ਜਿਸ ਨੂੰ ਜਦੋਂ ਮਰਜ਼ੀ ਪੁਰਸ਼ ਵੇਚ-ਵੱਟ ਸਕਦਾ ਹੈ। ਇਹ ਸੀ ਸਾਡੇ ਰਾਜਿਆਂ ਦੇ ਰਾਜ ਵਿੱਚ ਸਿੱਖਿਆ। ਪਤੀ ਬਰਤ (ਸਮਰਪਿਤ) ਧਰਮ ਦਾ ਤਾਂ ਬੜਾ ਜ਼ਿਕਰ ਹੁੰਦਾ, ਪਰ ਪਤਨੀ ਬਰਤ ਦਾ ਜ਼ਿਕਰ ਨਹੀਂ ਹੁੰਦਾ। ਹੁਣ ਵੀ ਸਾਡੇ ਸਮਾਜ ਵਿੱਚ ਪਤੀ ਪ੍ਰਮੇਸ਼ਰ ਤੇ ਕਿਹਾ ਜਾਂਦਾ, ਪਰ ਪਤਨੀ ਪ੍ਰਮੇਸ਼ਰ ਨਹੀਂ, ਜਦੋਂ ਕਿ ਅਸਲੀਅਤ ਵਿੱਚ ਪਤੀ ਨਹੀਂ, ਪਤਨੀ ਪ੍ਰਮੇਸ਼ਰ ਹੈ। ਪਤੀ ਪ੍ਰਮੇਸ਼ਰ ਦੀ ਪ੍ਰਵਿਰਤੀ ਚੋਂ ਹੀ ਰਾਜਪੂਤਾਨਾਂ ਹੋਂਦ ਵਿੱਚ ਆਇਆ ਜਿੱਥੇ ਰਾਜ ਕੁਮਾਰ ਹੀ ਰਹਿੰਦੇ, ਉਨ੍ਹਾਂ ਨੂੰ ਹੀ ਚੰਗਾ ਪੁਰਸ਼ ਮੰਨਿਆ ਜਾਂਦਾ। ਬਾਕੀ ਸਭ ਚੰਗੇ ਨਹੀਂ ਹਨ। ਸਿੱਖ ਪੰਥ ਵਿੱਚ ਵੀ ਪਹਿਲਾਂ ਗੁਰੂ ਸਾਹਿਬਾਨਾਂ ਨੇ ਬਰਾਬਰੀ ਦਾ ਪ੍ਰਚਾਰ ਕੀਤਾ ਤੇ ਦੀਵਾਨ ਬਣਾਏ ਗਏ, ਪਰ ਮਗਰੋਂ ਫਿਰ ਸਿੱਖ ਵਿਦਵਾਨਾਂ ਨੇ ਉਹੋ ਹੀ ਗੁਲਾਮ ਅਵਸਥਾ ਰੱਖਣ ਵਾਲੇ ਵਿਚਾਰ ਸ਼ੁਰੂ ਕਰ ਦਿੱਤੇ ਅਤੇ ਹੁਣ ਤਾਂ ਬਹੁਤ ਵਧ ਗਏ ਹਨ।

ਗਦਰ ਪਾਰਟੀ ਦਾ ਵਿਚਾਰ ਸੀ ਕਿ ਕਦੀ-ਕਦੀ ਹਿੰਦੂਆਂ ਵੱਲੋਂ ਗਊ ਹੱਤਿਆ ਦੀ ਰਾਖੀ ਦੇ ਨਾਂਅ 'ਤੇ ਫਸਾਦ ਵੀ ਹੁੰਦੇ ਹਨ, ਪਰ ਅੰਗਰੇਜ਼ ਗਾਂ ਦਾ ਮਾਸ ਵੱਢ ਕੇ ਵਿਦੇਸ਼ਾਂ ਵਿੱਚ ਵਪਾਰ ਕਰਦੇ ਤੇ ਕਰੋੜਾਂ ਰੁਪਏ ਕਮਾਉਂਦੇ ਹਨ। ਉਨ੍ਹਾਂ ਵਿਰੁੱਧ ਕੋਈ ਅੰਦੋਲਨ ਨਾ ਹੁੰਦਾ। ਇਸ ਤੋਂ ਸਾਫ ਜ਼ਾਹਰ ਹੈ ਕਿ ਹਿੰਦੂਆਂ ਵੱਲੋਂ ਹਿੰਦ ਵਿੱਚ ਵਸਦੀ ਕਿਸੇ ਹੋਰ ਜਾਤੀ ਵਿਰੁੱਧ ਸ਼ੋਰ ਮਚਾਉਣ ਪਿੱਛੇ ਕੋਈ ਹੋਰ ਮਕਸਦ ਹੈ। ਗਦਰ ਪਾਰਟੀ ਲੋਕਾਂ ਨੂੰ ਪ੍ਰੇਰਦੀ ਸੀ ਕਿ ਅਜਿਹੇ ਮਸਲੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਨਜਿੱਠ ਲਏ ਜਾਣਗੇ ਤੇ ਗਾਂ ਦੀ ਕਦਰ ਹੋਵੇਗੀ। ਹਕੀਕਤ ਇਹ ਹੈ ਕਿ ਅੰਗਰੇਜ਼ਾਂ ਨੇ ਸਾਡੀ ਵਿੱਦਿਆ ਸਾਡੇ ਕੋਲੋਂ ਖੋਹ ਲਈ , ਜਿਸ ਕਰਕੇ ਸਾਡੇ ਆਵਾਮ ਨੂੰ ਜਾਣਕਾਰੀ ਨਹੀਂ ਕਿ ਗਾਂ ਦੀ ਰੱਖਿਆ ਕਰਨ ਦੀ ਲੋੜ ਕਿਉਂ ਪਈ ਤੇ ਕਦੋਂ ਸ਼ੁਰੂ ਹੋਈ ਤੇ ਹੁਣ ਲੋੜ ਹੈ ਕਿ ਨਹੀਂ।

ਗਦਰ ਪਾਰਟੀ ਇਸ ਵਿਚਾਰ ਦੀ ਧਾਰਨੀ ਹੈ ਕਿ ਮਨੁੱਖ ਵਾਸਤੇ ਵਿੱਦਿਆ ਭਾਵ ਗਿਆਨ ਬਹੁਤ ਜ਼ਰੂਰੀ ਹੈ। ਗਿਆਨ ਤੋਂ ਬਗੈਰ ਮਨੁੱਖ ਅੰਨ੍ਹਾ ਤੇ ਲੂਲਾ ਹੈ। ਜੇ ਮਨੁੱਖ ਕੋਲ ਗਿਆਨ ਨਹੀਂ ਤਾਂ ਉਹ ਬਰਾਬਰਤਾ ਵਾਸਤੇ ਲੜਾਈ ਨਹੀਂ ਲੜ ਸਕਦਾ, ਕਿਉਂਕਿ ਗਿਆਨ ਦੀ ਤਲਵਾਰ ਲੋਹੇ ਦੀ ਤਲਵਾਰ ਨਾਲੋਂ ਤਿੱਖੀ ਹੁੰਦੀ ਹੈ। ਸਾਡੇ 10 ਗੁਰੂ ਸਾਹਿਬਾਨਾਂ ਨੇ ਗਿਆਨ ਦੀ ਤਲਵਾਰ ਵਰਤ ਕੇ ਲੋਕਾਂ ਨੂੰ ਮੁਗਲ ਹਾਕਮਾਂ ਵਿਰੁੱਧ ਜਥੇਬੰਦ ਕੀਤਾ ਸੀ। ਸਮੇਂ ਦੇ ਹਾਕਮ ਗਿਆਨ ਆਪਣਾ ਹੀ ਦਿੰਦੇ ਹਨ, ਭਾਵ ਉਹ ਗਿਆਨ ਜਿਸ ਨਾਲ ਉਨ੍ਹਾਂ ਦੇ ਪ੍ਰਬੰਧ ਲਈ ਖਤਰਾ ਨਾ ਪੈਦਾ ਹੋਵੇ। ਗਿਆਨਵਾਨ ਮੌਜੂਦਾ ਪ੍ਰਬੰਧ ਦੀ ਰਜ਼ਾ ਵਿੱਚ ਚਲਦੇ ਹਨ, ਪਰ ਗਿਆਨ ਲੁਕੋਇਆ ਵੀ ਨਹੀਂ ਜਾ ਸਕਦਾ। ਉਸ ਨੂੰ ਬਾਹਰ ਦੀ ਹਵਾ ਲੱਗ ਹੀ ਜਾਂਦੀ ਹੈ ਅਤੇ ਸਮਾਜ ਨੂੰ ਚੰਗੇਰਾ ਬਣਾਉਣ ਵਾਲੇ ਗਿਆਨੀ ਚੋਰੀ ਕਰ ਹੀ ਲੈਂਦੇ ਹਨ। ਜਿਹੜੇ ਪੜ੍ਹ ਭਾਵ ਚੋਰੀ ਕਰ ਲੈਂਦੇ ਹਨ, ਉਹ ਵੀ ਆਪਣੇ ਅੰਦਰ ਲੁਕਾ ਕੇ ਨਹੀਂ ਰੱਖ ਸਕਦੇ। ਉਨ੍ਹਾਂ ਨੂੰ ਅੱਗੇ ਵੰਡਣਾ ਹੀ ਪੈਂਦਾ ਹੈ। ਇਹ ਗਿਆਨੀ ਅੱਗੇ ਦੱਸਦੇ ਹਨ ਕਿ ਝੂਠ, ਫਰੇਬ ਤੇ ਲੁਟੇਰੇ ਪ੍ਰਬੰਧ ਦਾ ਖਾਤਮਾ ਅਤੇ ਨਿਆਂ ਵਾਲਾ ਰਾਜ ਪ੍ਰਬੰਧ ਕਿਸ ਢੰਗ ਨਾਲ ਕਾਇਮ ਕੀਤਾ ਜਾ ਸਕਦਾ ਹੈ। ਉਸ ਲਈ ਲਾਮਬੰਦ ਹੋਵੋ। ਨਿਆਂ ਵਾਲੇ ਪ੍ਰਬੰਧ ਵਿੱਚ ਵਿੱਦਿਆ ਆਜ਼ਾਦ ਹੁੰਦੀ। ਹਰੇਕ ਮਨੁੱਖ ਹਰ ਕਿਸਮ ਦੀ ਵਿੱਦਿਆ ਲੈ ਸਕਦਾ ਹੈ। ਦੇਸ਼ ਦੀ ਆਜ਼ਾਦੀ ਦੇ ਚਾਹਵਾਨਾਂ ਨੇ ਆਪਣਾ ਗਿਆਨ ਦੇਣ ਵਾਸਤੇ ਲਾਹੌਰ ਤੇ ਕਲਕੱਤੇ ਵਿੱਚ ਵਿਦਿਅਕ ਅਦਾਰੇ ਖੋਲ੍ਹੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਜਦੋਂ ਗਿਆਨ ਯੂਨੀਵਰਸਿਟੀਆਂ ਤੇ ਵਿਦਿਅਕ ਅਦਾਰਿਆਂ 'ਚੋਂ ਬਾਹਰ ਨਿਕਲ ਕੇ ਹੇਠਾਂ ਗਲੀਆਂ ਵਿੱਚ ਆ ਗਿਆ ਤਾਂ ਆਪਣੀ ਹਵਾ ਨਾਲ ਸਮਾਜ ਵਿੱਚ ਆਜ਼ਾਦੀ ਦੇ ਚਾਨਣ ਦਾ ਛੱਟਾ ਦੇਵੇਗਾ ਤੇ ਗਿਆਨਵਾਨ ਯੋਧਿਆਂ ਅੱਗੇ ਅੰਗਰੇਜ਼ ਟਿਕ ਨਹੀਂ ਸਕਣਗੇ। ਹਿੰਦੁਸਤਾਨ ਅੰਗਰੇਜ਼ਾਂ ਤੋਂ ਆਜ਼ਾਦ ਹੋ ਜਾਵੇਗਾ। ਇਨ੍ਹਾਂ ਵਿਦਿਅਕ ਅਦਾਰਿਆਂ ਨੇ ਅਨੇਕਾਂ ਕ੍ਰਾਂਤੀਕਾਰੀ ਪੈਦਾ ਕੀਤੇ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਬਦੌਲਤ ਦੇਸ਼ ਆਜ਼ਾਦ ਹੋਇਆ। ਜਿਸ ਦਾ ਪੂਰਾ ਨਹੀਂ, ਅਧੂਰਾ ਨਿੱਘ ਮਾਣ ਰਹੇ ਹਾਂ।

ਗਦਰੀ ਜਾਣਦੇ ਸਨ ਕਿ ਕਿਸੇ ਵੀ ਕੌਮ ਵਾਸਤੇ ਆਪਣੀਆਂ ਮਾਂ ਬੋਲੀਆਂ ਦਾ ਬਹੁਤ ਵੱਡਮੁੱਲਾ ਰੋਲ ਹੁੰਦਾ ਹੈ। ਜਿਸ ਦੀ ਹਕੂਮਤ ਹੋਵੇ, ਉਹ ਆਪਣੀ ਬੋਲੀ ਦਾ ਵਿਸਥਾਰ ਕਰਦਾ ਹੈ। ਜਿਸ ਮਾਤ ਭਾਸ਼ਾ ਰਾਹੀਂ ਹਕੂਮਤ ਵਿਰੁੱਧ ਬਗਾਵਤ ਦਾ ਖਤਰਾ ਹੋਵੇ, ਉਸ ਨੂੰ ਦਬਾਉਣ ਲਈ ਉਹ ਹਕੂਮਤ ਆਪਣੀ ਭਾਸ਼ਾ ਲੋਕਾਂ 'ਤੇ ਥੋਪੀ ਜਾਂਦੀ ਹੈ। ਇਸੇ ਕਰਕੇ ਹੀ ਕਹਾਵਤ ਬਣੀ ਹੈ ਕਿ ਜਿਸ ਦਾ ਰਾਜ, ਉਸ ਦੀ ਬੋਲੀ। ਇਸ ਲਈ ਬੋਲੀ ਦਾ ਵਿਕਾਸ ਵੀ ਗਦਰੀਆਂ ਦੀ ਸੋਚ ਅਨੁਸਾਰ ਨਿਆਂ ਵਾਲੇ ਪ੍ਰਬੰਧ ਵਿੱਚ ਹੀ ਹੋ ਸਕਦਾ ਹੈ।

ਅਸਲੀ ਸਮਾਨਤਾ ਮਨੁੱਖਾਂ ਦਾ ਪੈਦਾਇਸ਼ੀ ਹੱਕ ਹੈ, ਪਰ ਇਹ ਹੱਕ ਮਿਲ ਨਹੀਂ ਰਿਹਾ। ਹਿੰਦੂ ਇਤਿਹਾਸ ਵਿੱਚ ਪਹਿਲਾਂ ਲੋਕਾਂ ਵਿੱਚ ਅਮਲੀ ਤੌਰ 'ਤੇ ਬਰਾਬਰੀ ਸੀ। ਜਿਵੇਂ-ਜਿਵੇਂ ਏਕਾਅਧਿਕਾਰ ਵਧਿਆ ਤੇ ਬਰਾਬਰੀ ਘਟਦੀ-ਘਟਦੀ ਖਤਮ ਹੋ ਗਈ। ਮੌਜੂਦਾ ਪ੍ਰਬੰਧ ਵਿੱਚ ਆਰਥਿਕ ਆਜ਼ਾਦੀ ਉਸ ਨੂੰ ਕਹਿੰਦੇ ਹਨ ਕਿ ਇੱਕ ਮਾਲਕ ਤੇ ਇੱਕ ਉਸ ਦਾ ਨੌਕਰ। ਨੌਕਰ ਤਾਂ ਮਾਲਕ ਦਾ ਗੁਲਾਮ ਹੀ ਰਹਿੰਦਾ ਹੈ, ਫਿਰ ਬਰਾਬਰੀ ਕਿੱਥੇ। ਬਰਾਬਰੀ ਤਾਂ ਨਿਰਭਰ ਦਰੁਸਤ ਆਰਥਿਕ ਪ੍ਰਬੰਧ 'ਤੇ ਹੀ ਹੋ ਸਕਦੀ ਹੈ। ਮਾਲਕ ਤੇ ਨੌਕਰ ਵਿੱਚ ਬਰਾਬਰੀ ਦਾ ਅਸੂਲ ਹੋ ਹੀ ਨਹੀਂ ਸਕਦਾ।

ਹਰਦਿਆਲ ਅਨੁਸਾਰ 'ਭਾਰਤ ਦੀ ਦੌਲਤ ਪੈਦਾ ਕਰਨ ਵਾਲੇ ਵੀ ਤਾਂ ਏਹ ਗਰੀਬ ਮਜ਼ਦੂਰ ਤੇ ਕਿਸਾਨ ਹੀ ਹਨ। ਉਹ ਲਹੂ-ਪਸੀਨਾ ਇੱਕ ਕਰਕੇ ਸਭਨਾਂ ਵਾਸਤੇ ਘਰ, ਸੜਕਾਂ, ਬੱਘੀਆਂ ਆਦਿ ਬਣਾਉਂਦੇ ਤੇ ਸਭ ਨੂੰ ਰੋਟੀ ਦਿੰਦੇ ਹਨ। ਜਿਸ ਨਾਲ ਲੋਕਾਂ ਨੂੰ ਜ਼ਿੰਦਗੀ ਤੇ ਸ਼ਕਤੀ ਮਿਲਦੀ ਹੈ। ਕਿਸਾਨ ਸੂਰਜ ਤੇ ਮਜਦੂਰ ਸਿਤਾਰੇ ਹਨ, ਪਰ ਸਾਮਰਾਜੀ ਪ੍ਰਬੰਧ ਵਿੱਚ ਮਜ਼ਦੂਰ -ਕਿਸਾਨ ਖੁਰਾਕ ਤੋਂ ਵੀ ਵਾਂਝੇ ਰਹਿੰਦੇ ਹਨ।'

ਮੌਜੂਦਾ ਨਿਜ਼ਾਮ ਦੇ ਪ੍ਰਬੰਧਕਾਂ ਨੇ ਗਦਰੀਆਂ ਦੀ ਸੋਚ ਤੇ ਕੁਰਬਾਨੀ ਨੂੰ ਵਿਸਾਰ ਕੇ ਪੂੰਜੀਵਾਦੀ ਪ੍ਰਬੰਧ ਕਾਇਮ ਕੀਤਾ ਹੈ। ਜਿਸ ਸਮਾਜ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਸਿਖਰਾਂ 'ਤੇ ਪਹੁੰਚ ਗਈ ਹੈ। ਇਸ ਪੂੰਜੀਵਾਦੀ ਪ੍ਰਬੰਧ ਨੂੰ ਬਚਾਉਣ ਲਈ ਮੌਜੂਦਾ ਹਕੂਮਤ ਭਾਵ ਭਾਜਪਾ ਹਿਟਲਰ ਦੀ ਫਾਸ਼ੀਵਾਦੀ ਨੀਤੀ 'ਤੇ ਚੱਲ ਰਹੀ ਹੈ। ਜਿਹੜਾ ਵੀ ਸੁਹਿਰਦ ਮਨੁੱਖ ਮੋਦੀ ਸਰਕਾਰ ਦੀ ਹਿਟਲਰਵਾਦੀ ਨੀਤੀ ਦੀ ਆਲੋਚਨਾ ਕਰਦਾ ਹੈ, ਉਸ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਜਾਂਦਾ ਹੈ। ਇਸ ਪ੍ਰਸਥਿਤੀ ਵਿੱਚ ਗਦਰ ਪਾਰਟੀ ਦੇ ਸਥਾਪਨਾ ਦਿਵਸ ਦਾ ਆਵਾਮ ਨੂੰ ਸੁਨੇਹਾ ਹੈ ਕਿ ਅਮੀਰ-ਗਰੀਬ ਦਾ ਪਾੜਾ ਖਤਮ ਕਰਨ ਤੇ ਸਭ ਨੂੰ ਅਮੀਰ ਭਾਵ ਖੁਸ਼ਹਾਲ ਬਣਾਉਣ ਲਈ ਜਥੇਬੰਦ ਹੋਣ।

*ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।*
*ਫੋਨ-9876078731*

# .ਗਦਰ ਪਾਰਟੀ ਦੇ ਝੰਡੇ ਦਾ ਇਤਿਹਾਸ

**ਵਿਜੈ ਬੰਬੇਲੀ**

**ਭਲਾ ! ਸਾਡੇ ਵਿੱਚੋਂ ਕਿੰਨਿਆਂ ਕੁ ਨੂੰ ਪਤਾ ਹੈ ਇਸ ਬਾਰੇ**

ਸੁਤੰਤਰਤਾ ਸੰਗਰਾਮ ਵਿੱਚ ਸਿਰਲੱਥ ਕੁਰਬਾਨੀ ਵਾਲੀ ਗ਼ਦਰ ਪਾਰਟੀ ਦੇ ਝੰਡੇ ਦੇ ਇਤਿਹਾਸ ਬਾਰੇ ਸਾਨੂੰ ਬਹੁਤਿਆਂ ਨੂੰ ਨਹੀਂ ਪਤਾ। ਪਰਾਈਆਂ ਧਰਤੀਆਂ 'ਤੇ ਭਾਰਤੀ ਲੋਕਾਂ ਅਤੇ ਆਜ਼ਾਦੀ ਲਈ ਕਿਸੇ ਨਾ ਕਿਸੇ ਰੂਪ 'ਚ ਸਰਗਰਮ ਸਫ਼ਾਂ ਉਪਰੰਤ ਗ਼ਦਰ ਪਾਰਟੀ ਦੀ ਸਥਾਪਨਾ ਅਪ੍ਰੈਲ 1913 ਨੂੰ ਹੋਈ ਸੀ ਅਤੇ ਹਕੀਕੀ ਰੂਪ 'ਚ "ਗ਼ਦਰ ਪਾਰਟੀ" ਨਾਂਅ ਨਵੰਬਰ 1913 ਨੂੰ ਇਸ ਦੇ ਪਰਚੇ 'ਗ਼ਦਰ' ਤੋਂ ਪ੍ਰਚਲਤ ਹੋਇਆ। ਜਦ ਪਾਰਟੀ ਝੰਡਾ ਬਣਾਉਣ ਦੀ ਗੱਲ ਤੁਰੀ ਤਾਂ ਉਸ ਵਕਤ ਦੇ ਇਸ ਦੇ ਵਧਵੇਂ ਸਿਧਾਂਤਕ ਆਗੂ ਲਾਲਾ ਹਰਦਿਆਲ ਨੇ ਹਾਮੀ ਨਾ ਭਰੀ। ਉਪਰੰਤ ਫ਼ੈਸਲਾ ਪਾਠਕ-ਕਾਰਕੁੰਨਾਂ 'ਤੇ ਸੁੱਟਿਆ ਗਿਆ। ਭਾਰੂ ਰਾਇ, ਜਿਹੜੀ ਗ਼ਦਰ ਦੇ ਜਨਵਰੀ 1914 (ਨੰਬਰ-7) 'ਚ ਛਪੀ, ਇਹ ਸੀ, "ਸਾਨੂੰ ਇਹ ਬਾਤ ਰੱਦੀ ਸੀ ਮਲੂਮ ਹੁੰਦੀ ਹੈ, ਹਿੰਦੋਸਤਾਨੀ ਕੌਮ ਨੂੰ, ਦੁਨੀਆ ਵਿਚ ਕੋਈ ਕੌਮ ਭੀ ਨਹੀਂ ਜਾਣਦੀ ਕਿ ਕਿਹੜੇ ਬਾਗ਼ ਦੀ ਮੂਲੀ ਹੈ। ਨਾ ਸਾਡਾ ਰਾਜ ਹੈ, ਨਾ ਸਾਡਾ ਝੰਡਾ ਹੈ, ਰਾਜ ਤੋਂ ਬਗੈਰ ਝੰਡਾ ਕੈਸਾ। ਗ਼ਦਰ ਕਰਕੇ ਪਹਿਲਾਂ ਆਪਣਾ ਰਾਜ ਲਵੋ ਤਾਂ ਫੇਰ ਆਪੇ ਹੀ ਝੂਲੇਗਾ ਰਾਜ 'ਤੇ। ਪੈਹਲਾ ਝੰਡਾ ਕੈਮ ਕਰਨਾ ਤਾਂ ਐਵੇਂ ਬਾਧੂ ਰੌਲਾ ਹੀ ਹੈ। ਤੰਦ ਨਾ ਤਾਣੀ ਜੁਲਾਹੇ ਨਾਲ ਡਾਂਗੋ ਡਾਂਗੀ ਵਾਲੀ ਗੱਲ ਹੋਵੇਗੀ। ਕੋਈ ਕਹੇਗਾ ਐਸਾ ਝੰਡਾ ਹੋਵੇ ਕੋਈ ਹੋਰ ਕਹੇਗਾ ਵੈਸਾ। ਸਾਡੀ ਸਮਝ ਵਿਚੋਂ ਗ਼ਦਰ ਤੋਂ ਪੈਹਲੇ ਝੰਡਾ ਕੈਮ ਕਰਨਾ ਠੀਕ ਨਹੀਂ ਹੋਵੇਗਾ। ਪੈਹਲੇ ਗ਼ਦਰ ਕਰਕੇ ਅੰਗਰੇਜ਼ਾਂ ਨੂੰ ਕੱਢੋ, ਝੰਡਾ ਤਾ ਫੇਰ ਆਪੇ ਹੀ ਝੁਲੇਗਾ।"

ਦਰ-ਹਕੀਕਤ; ਭਾਰਤ ਵਿੱਚ ਇਨਕਲਾਬੀ ਰਾਸ ਬਿਹਾਰੀ ਬੋਸ ਨੇ ਗ਼ਦਰੀ ਝੰਡੇ ਦੀ ਫੌਰੀ ਲੋੜ, ਗ਼ਦਰ ਦੀ ਤਾਰੀਖ 21 ਫਰਵਰੀ, 1914 ਬੰਨ੍ਹ ਦਿੱਤੇ ਜਾਣ ਉਪਰੰਤ ਮਹਿਸੂਸ ਕੀਤੀ ਸੀ। ਦੱਸਣਾ ਕੁਥਾਵੇਂ ਨਹੀਂ ਰਹੇਗਾ ਕਿ ਇਸ ਤਨਜ਼ੀਮ ਨੇ ਰਾਸ ਬਿਹਾਰੀ ਬੋਸ ਦੀ ਵਧਵੀਂ ਅਗਵਾਈ ਉਦੋਂ ਪ੍ਰਾਪਤ ਕੀਤੀ ਸੀ, ਜਦ ਗ਼ਦਰ ਪਾਰਟੀ ਦੇ ਪ੍ਰਧਾਨ ਸੋਹਨ ਸਿੰਘ ਭਕਨਾ ਜੇਲ੍ਹ ਵਿਚ ਸਨ। ਇਹ ਉਹੋ ਬੋਸ ਸੀ, ਜਿਸ ਨੇ 1912 ਵਿਚ ਲੌਰਡ ਹਾਰਡਿੰਗ 'ਤੇ ਦਿੱਲੀ 'ਚ ਬੰਬ ਸੁੱਟਣ ਵਿਚ ਹਿੱਸਾ ਲਿਆ ਸੀ। ਬੋਸ ਦੀ ਸਰਪ੍ਰਸਤੀ ਹੇਠ ਗ਼ਦਰੀਆਂ ਨੇ ਕਈ ਹੈਰਤਅੰਗੇਜ਼ ਕਾਰਵਾਈਆਂ ਕੀਤੀਆਂ ਅਤੇ ਪੱਕਾ ਵਿਸ਼ਵਾਸ ਹੋਣ/ਇਰਾਦਾ ਕਰਨ ਉਪਰੰਤ ਹੀ ਉਸ ਵੱਲੋਂ ਯੱਕਮੁਸ਼ਤ ਗ਼ਦਰ ਦਾ ਦਿਨ ਤੈਅ ਕਰਨ ਦੀ ਦਲੀਲ-ਯੁਕਤ/ਭਾਰੂ ਰਾਇ ਦਿੱਤੀ ਗਈ ਸੀ।

ਤਾਰੀਖੀ ਗਵਾਹੀ ਮੁਤਾਬਿਕ; ਹਿੰਦੋਸਤਾਨ ਦੀ ਆਜ਼ਾਦੀ ਦੇ ਝੰਡੇ ਦੀ ਪਹਿਲੀ ਰੂਪ-ਰੇਖਾ, ਇਨਕਲਾਬੀ ਕਾਰਕੁੰਨ ਮੈਡਮ ਭੀਖਮ ਜੀ ਕਾਮਾ ਨੇ 22 ਅਗਸਤ 1907 ਨੂੰ ਤਿਆਰ ਕੀਤੀ ਸੀ। ਜਿਸ ਨੂੰ "ਅੰਤਰਰਾਸ਼ਟਰੀ ਸੋਸ਼ਲਿਸਟ ਕਾਨਫ਼ੰਸ", ਸਟੱਟਗਾਰਡ (ਜਰਮਨੀ), ਵਿਚ ਲਹਿਰਾਇਆ ਗਿਆ ਸੀ। ਇਸਦੇ ਤਿੰਨ ਰੰਗ ਹਰਾ, ਪੀਲਾ ਤੇ ਲਾਲ ਸਨ, ਜਿਹੜੇ ਕ੍ਰਮਵਾਰ ਇਸਲਾਮ, ਹਿੰਦੂ ਅਤੇ ਬੋਧ ਧਰਮਾਂ ਦੇ ਸੂਚਕ ਸਨ, ਜਿਹਨਾਂ 'ਤੇ ਡੂੰਘੀ ਰਮਜ਼ ਰੱਖਦੇ ਤਰਤੀਬਵਾਰ ਫੁੱਲ, ਚੰਦ ਅਤੇ ਸੂਰਜ ਤੇ ਵੰਦੇ ਮਾਤਰਮ ਅੰਕਿਤ ਸਨ।

ਅਮਰੀਕਾ ਤੋਂ ਹਿੰਦੋਸਤਾਨ ਨੂੰ ਰਵਾਨਾ ਹੋਣ ਵੇਲੇ ਗ਼ਦਰ ਪਾਰਟੀ ਦਫ਼ਤਰ, ਯੁਗੰਤਰ ਆਸ਼ਰਮ ਉੱਤੇ ਪਾਰਟੀ ਦਾ ਝੰਡਾ ਝੁਲਾਇਆ ਗਿਆ ਸੀ, ਜਿਸ ਦੀ ਰੂਪ-ਰੇਖਾ ਕਰਤਾਰ ਸਿੰਘ ਸਰਾਭਾ ਨੇ ਤਿਆਰ ਕੀਤੀ ਸੀ। ਇਸ ਵਿਚ ਨੀਲੇ ਅਤੇ ਪੀਲੇ ਰੰਗ ਦੀਆਂ ਦੋ ਫਾਂਟਾਂ ਸਨ, ਜਿਹੜੀਆਂ ਮੁਸਲਮਾਨ ਅਤੇ ਹਿੰਦੂ ਭਾਈਚਾਰੇ ਦੀ ਪੀਡੀ ਏਕਤਾ ਤੇ ਉਸਾਰੂ ਸੋਚ ਨੂੰ ਸਮਰਪਤ ਸਨ। ਤੁਰਨ ਵਕਤ ਇਸੇ ਝੰਡੇ ਹੇਠ ਖੜ੍ਹ ਵਤਨ ਪ੍ਰਤੀ ਅਹਿਦ ਲਿਆ ਗਿਆ ਸੀ। ਪ੍ਰੰਤੂ ਇਹ ਝੰਡਾ ਉਸ ਝੰਡੇ ਵਾਂਗ ਉਵੇਂ ਮੁਕੰਮਲ ਮਾਨਤਾ ਪ੍ਰਾਪਤ ਨਹੀਂ ਸੀ, ਜਿਹੜਾ ਦੇਸ਼ ਪਰਤਣ ਉਪਰੰਤ ਹਥਿਆਰਬੰਦ ਗ਼ਦਰ ਦੇ ਦਿਨੀਂ ਬਣਾਇਆ ਗਿਆ ਸੀ। ਪੱਕੀ ਗ਼ਦਰ ਤਾਰੀਖ ਮਿੱਥਣ ਉਪਰੰਤ, ਰਾਸ ਬਿਹਾਰੀ ਬੋਸ ਦੀ ਸਲਾਹ ਤਹਿਤ ਪਾਰਟੀ ਦੇ ਪੱਕੇ ਝੰਡੇ ਬਾਰੇ ਮਤਾ ਪਾਸ ਕੀਤਾ ਗਿਆ ਕਿ ਗ਼ਦਰੀਆਂ ਦੇ ਪੁਰਾਣੇ ਝੰਡੇ ਵਿਚ ਲਾਲ ਰੰਗ (ਲਹੂ-ਵੀਟਵੀਂ ਇਨਕਲਾਬੀ ਕਨਸੋਅ) ਦੀ ਫਾਂਟ ਦਰਜ ਕੀਤੀ ਜਾਵੇ ਤੇ ਉੱਤੇ ਦੋ ਗਲੇ ਮਿਲਦੀਆਂ ਤਲਵਾਰਾਂ (ਹਥਿਆਰਬੰਦ ਜੱਦੋਜਹਿਦ ਦਾ ਚਿੰਨ੍ਹ) ਹੋਣਗੀਆਂ। ਇਸ ਦੇ ਤਿੰਨੋਂ ਰੰਗ ਲਾਲ, ਪੀਲਾ ਅਤੇ ਨੀਲਾ, ਹਿੰਦੂ-ਸਿੱਖ ਅਤੇ ਮੁਸਲਿਮ ਭਾਈਚਾਰੇ ਦੀ ਵੀ ਪ੍ਰਤੀਨਿਧਤਾ ਕਰਦੇ ਸਨ। ਦੇਰ ਮਗਰੋਂ ਨੀਲੇ ਰੰਗ ਦੀ ਥਾਂ ਹਰੇ ਰੰਗ, ਜਿਹੜਾ ਮੁਸਲਿਮ ਭਾਈਚਾਰੇ ਦੀ ਹੀ ਪ੍ਰਤੀਨਿਧਤਾ ਕਰਦਾ ਸੀ, ਨੇ ਲੈ ਲਈ ਅਤੇ ਕਿਤੇ ਮਗਰੋਂ, ਰੂਸੀ ਇਨਕਲਾਬ ਤੋਂ ਪ੍ਰਭਾਵਿਤ ਹੋ ਜਾਂ ਕਿਰਤੀ-ਗ਼ਦਰੀ ਉਥਾਨ ਵੇਲੇ ਲਾਲ ਰੰਗ ਨੂੰ ਇਨਕਲਾਬੀ ਚਿੰਨ੍ਹ ਵਜੋਂ ਵੀ ਵਿਆਖਿਆ ਜਾਣ ਲੱਗਾ, ਪਰ ਤੱਤ ਰੂਪ 'ਚ ਇਹ ਤਿੰਨੋਂ ਰੰਗ ਭਾਈਚਾਰਕ ਕਨਸੋਅ ਦੇ ਹੀ ਲਖਾਇਕ ਰਹੇ।

ਬ੍ਰਿਟਿਸ਼ ਸਰਕਾਰ ਦੇ ਜਾਸੂਸੀ ਮਹਿਕਮੇ ਅਨੁਸਾਰ, "ਰਾਸ ਬਿਹਾਰੀ ਦੀ ਸਲਾਹ ਮੁਜ਼ਬ ਝੰਡੇ ਤਿਆਰ ਕਰ ਲਏ ਗਏ। ਰੰਗਦਾਰ ਕੱਪੜਿਆ ਦੇ ਟੋਟੇ ਕਰਤਾਰ ਸਿੰਘ ਸਰਾਭਾ ਨੇ ਖਰੀਦ ਕੇ ਲਿਆਂਦੇ ਤੇ ਗ਼ਦਰੀਆਂ ਨੇ ਰਲ-ਮਿਲ ਝੰਡੇ ਸੀਤੇ ਸਨ।" ਤਸਦੀਕੀ ਭੇਦ ਅਨੁਸਾਰ, "ਗ਼ਦਰ ਦੀ ਕਾਮਯਾਬੀ ਉਪਰੰਤ ਇਹ ਝੰਡਾ ਪੰਜਾਬ ਦੇ ਲੈਫਟੀਨੈਂਟ ਗਵਰਨਰ, ਮਾਈਕਲ ਓਡਵਾਇਰ ਦੇ ਦਫ਼ਤਰ ਤੇ ਵੀ ਤੁਰਤ-ਫੁਰਤ ਝੁਲਾਇਆ ਜਾਣਾ ਸੀ।"

ਬਿਨਾਂ ਸ਼ੱਕ; ਕਰਤਾਰ ਸਿੰਘ ਸਰਾਭਾ ਨੇ ਜ਼ਿੰਮੇਵਾਰੀ ਓਟਦਿਆਂ ਖੁਦ ਬਾਜ਼ਾਰ ਵਿੱਚੋਂ ਤਿੰਨ ਰੰਗਾਂ ਦੇ ਥਾਨ ਜਾਂ ਟੁਕੜੇ ਖ੍ਰੀਦਣ ਅਤੇ ਮਗਰੋਂ ਬਣਾਉਣ-ਸਿਲਵਾਣ 'ਚ ਮੋਹਰੀ ਰੋਲ ਨਿਭਾਇਆ। ਗਦਾਰ ਕ੍ਰਿਪਾਲ ਸਿੰਘ ਅਤੇ ਵਾਅਦਾ ਮੁਆਫ਼ ਅਮਰ ਸਿੰਘ ਨੇ ਅਦਾਲਤ ਵਿੱਚ ਕਿਹਾ, "ਸਰਾਭਾ ਉਹਨਾਂ ਨੂੰ ਇਸੇ ਕਾਰਜ ਤਹਿਤ ਲਾਹੌਰ ਦੇ ਮੋਚੀ ਗੇਟ ਮਿਲਿਆ ਸੀ।" ਮਗਰੋਂ; ਇਸ ਗੱਲ ਦੀ ਪੁਸ਼ਟੀ ਦੁਕਾਨਦਾਰ ਕਾਹਨ ਚੰਦ ਨੇ ਅਦਾਲਤ 'ਚ ਉਸ ਨੂੰ ਦਿਖਾਏ ਝੰਡੇ ਅਤੇ ਕੱਪੜਾ-ਟੁਕੜੇ ਵੇਖਦਿਆਂ ਕੀਤੀ, "ਧਾਲੀਵਾਲ ਕੱਪੜਾ ਏਜੰਸੀ, ਜਿੱਥੇ ਮੈਂ ਮੁਲਾਜ਼ਮ ਹਾਂ, ਤੋਂ ਹੀ ਸਰਾਭੇ ਨੇ ਪਹਿਲਾਂ 15 ਫਰਵਰੀ ਅਤੇ ਮੁੜ 17 ਫਰਵਰੀ ਨੂੰ ਕੱਪੜਾ ਖ੍ਰੀਦਿਆ ਸੀ।" ਮੁੱਕਦੀ ਗੱਲ; ਹੱਥ ਭਾਵੇਂ ਸਾਰਿਆਂ ਨੇ ਵੰਡਾਇਆ ਸੀ, ਪ੍ਰੰਤੂ ਵਧਵਾਂ ਅਤੇ ਨੱਠ-ਭੱਜ ਵਾਲਾ ਹਿੱਸਾ ਗਭਰੂਟ ਕਰਤਾਰ ਸਿੰਘ ਨੇ ਹੀ ਅਦਾ ਕੀਤਾ, ਭਾਵੇਂ ਕਿ ਅਗਵਾਨੂੰ ਰੋਲ ਰਾਸ ਬਿਹਾਰੀ ਬੋਸ ਦਾ ਸੀ।

ਭਾਈ ਪਰਮਾਨੰਦ ਝਾਂਸੀ ਦੇ ਕਹੇ-ਸੁਣੇ ਮੁਤਾਬਿਕ, "ਪਹਿਲ-ਪਲੱਕੜਾ ਮਿਆਰੀ ਝੰਡਾ ਰਾਮ ਸਰਨ ਜੀ ਦੀ ਪਤਨੀ ਬੀਬੀ ਸੱਤਿਆਵਤੀ ਨੇ ਹੱਥੀਂ ਤਿਆਰ ਕੀਤਾ ਸੀ," ਜਦਕਿ; ਬਹੁਤ ਸਾਰੇ ਪੁਖਤਾ ਸਬੂਤ ਇਸ ਗੱਲ ਦੀ ਵੀ ਗਵਾਹੀ ਭਰਦੇ ਹਨ ਕਿ "ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ ਨੇ ਗ਼ਦਰੀ ਝੰਡੇ ਸਿਓਣ ਵਿੱਚ ਪਹਿਲਾਂ ਲਾਹੌਰ ਅਤੇ ਮਗਰੋਂ ਅੰਮ੍ਰਿਤਸਰ ਵਿੱਚ ਸਿਫ਼ਤੀ ਹਿੱਸਾ ਪਾਇਆ ਸੀ।" ਵਾਅਦਾ-ਮੁਆਫ਼ ਮੂਲਾ ਸਿੰਘ ਅਨੁਸਾਰ, "ਲੀਡਰਸ਼ਿਪ ਦੀ ਹਦਾਇਤ ਅਨੁਸਾਰ, ਅੰਮ੍ਰਿਤਸਰ ਵਿਚ ਵੀ ਝੰਡੇ ਸੀਂਤੇ-ਬਣਾਏ ਗਏ।" ਉਸ ਦੱਸਿਆ ਸੀ, "ਉਸ ਨੇ ਦਰਜ਼ੀ ਨੌਰੰਗ ਸਿੰਘ ਤਾਂਘੀ ਨੂੰ ਕੁੱਝ ਆਲ੍ਹਾ ਕਿਸਮ ਦੇ ਯਾਨੀ ਕਿ ਖੁਸਖਤ ਝੰਡੇ ਤਿਆਰ ਕਰਕੇ ਦੇਣ ਨੂੰ ਕਿਹਾ। ਜਿਹੜੇ ਥੋੜ੍ਹੀ ਨਾਂਹ-ਨੁੱਕਰ ਕਰਨ ਅਤੇ ਕੁੱਝ ਸਪੱਸ਼ਟੀਕਰਨ ਲੈਣ ਉਪਰੰਤ ਸੀਂਅ ਦਿੱਤੇ ਗਏ।"

ਝੰਡੇ ਬਣਾਉਣ ਉਪਰੰਤ, ਲਹਿਰਾਉਣ-ਪ੍ਰਚਾਰਨ ਤੇ ਹੋਰੀਂ ਥਾਂਈਂ ਪਹੁੰਚਾਉਣ ਲਈ ਕਾਰਕੁੰਨਾਂ ਹੱਥ ਦਿੱਤੇ ਗਏ। ਪਰਮਾਨੰਦ ਨੂੰ ਪੇਸ਼ਾਵਰ, ਡਾ. ਮਥਰਾ ਸਿੰਘ ਤੇ ਹਰਨਾਮ ਸਿੰਘ ਟੁੰਡੀ ਲਾਟ ਨੂੰ ਜਿਹਲਮ, ਕਿਰਪਾਲ ਸਿੰਘ ਨੂੰ ਦਦੇਹਰ ਅਤੇ ਸੁੱਚਾ ਸਿੰਘ ਈਸੇਵਾਲ ਨੂੰ ਅੰਬਾਲਾ ਭੇਜਿਆ ਗਿਆ। ਇਸੇ ਸੁੱਚਾ ਸਿੰਘ ਨੇ ਹਦਾਇਤ ਅਨੁਸਾਰ ਇੱਕ ਝੰਡਾ ਸੂਰਤੀ ਸਿੰਘ ਨੂੰ ਅਗਾਂਹ ਮੇਰਠ ਵਿਖੇ ਭਾਈ ਈਸ਼ਰ ਸਿੰਘ ਨੂੰ ਪੁਚਾਉਣ ਲਈ ਦਿੱਤਾ। ਹੋ ਸਕਦਾ ਹੋਰ ਥਾਂਈਂ ਵੀ ਇਹ ਪੁੱਜਦੇ ਕੀਤੇ ਹੋਣ ਜਾਂ ਪੁੱਜਦੇ ਕਰਨ ਦੇ ਯਤਨ ਕੀਤੇ ਹੋਣ। ਮਗਰੋਂ ਕ੍ਰਿਪਾਲ ਸਿੰਘ ਗ਼ਦਾਰੀ ਕਰ ਗਿਆ ਅਤੇ ਅਮਰ ਸਿੰਘ ਵਾਂਗ ਈਸੇਵਾਲ ਵੀ ਵਾਅਦਾ-ਮੁਆਫ਼ ਗਵਾਹ ਬਣ ਗਿਆ। ਫੜੋ-ਫੜੀ ਉਪਰੰਤ ਝੰਡਿਆ ਦਾ ਭੇਤ ਵੀ ਗਦਾਰਾਂ ਵੱਲੋਂ ਖੋਹਲ ਦਿੱਤਾ ਗਿਆ।

ਖੁਫ਼ੀਆ ਵਿਭਾਗ ਅੰਗਰੇਜ਼ ਹਕੂਮਤ ਦੀ ਰਿਪੋਰਟ ਮੁਤਾਬਿਕ, "ਬਹੁਤ ਸਾਰੇ ਝੰਡੇ ਤਿਆਰ ਕੀਤੇ ਗਏ। ਚੰਗੇ ਭਾਗੀਂ, ਉਹ ਵੀ ਲੱਭ ਲਏ ਗਏ, ਜਿਹੜੇ ਵੰਡ-ਵੰਡਾਈ ਉਪਰੰਤ ਵਧ ਗਏ ਸਨ ਅਤੇ ਲੁਕੋਏ ਹੋਏ ਜਾਂ ਦੱਬ-ਦਬਾਏ ਗਏ ਹੋਏ ਸਨ।" ਤੁਸੀਂ ਸ਼ਬਦ 'ਚੰਗੇ ਭਾਗ' ਵੱਲ ਧਿਆਨ ਦਿਓ, ਜਿਹੜਾ ਇਹ ਦਰਸਾਉਂਦਾ ਹੈ ਕਿ ਹਕੂਮਤਾਂ ਲੋਕ-ਹਿੱਤਾਂ ਨੂੰ ਪ੍ਰਣਾਏ ਬਾਗੀ ਝੰਡੇ ਤੋਂ ਕਿੰਨਾ ਤ੍ਰਹਿੰਦੀਆਂ ਹਨ। ਝੰਡੇ ਦੀ ਮਹੱਤਤਾ ਕਿੰਨੀ ਸੀ ਕਿ ਓਡਵਾਇਰ ਨੇ 'ਮਾਈ 25 ਯੀਅਰ'ਜ਼ ਇੰਨ ਇੰਡੀਆ' ਨਾਮੀ ਆਪਣੀ ਲਿਖਤ ਵਿਚ ਉੱਘੜਵਾਂ ਨੋਟ ਦਿੱਤਾ, "ਜਿਸ 23ਵੇਂ ਰਸਾਲੇ ਨੇ ਬਗਾਵਤ ਦੀ ਸ਼ੁਰੂਆਤ ਕਰਨੀ ਸੀ, ਬਦਕਿਸਮਤੀ ਨੂੰ ਉਸ ਦੇ ਬਾਡੀ ਗਾਰਡ ਵੀ ਉਸੇ ਰਸਾਲੇ ਵਿੱਚੋਂ ਸਨ, ਜਿਹਨਾਂ ਵਿਚੋਂ ਕੁੱਝ ਦੀ ਮਦਦ ਨਾਲ ਗਵਰਨਰ ਹਾਊਸ 'ਤੇ ਗ਼ਦਰੀ ਝੰਡਾ ਵੀ ਲਹਿਰਾ ਦਿੱਤਾ ਜਾਣਾ ਸੀ। ਜੇ ਅਜਿਹਾ ਕਰਨ ਵਿਚ ਗ਼ਦਰੀ ਸਫ਼ਲ ਹੋ ਜਾਂਦੇ ਤਾਂ ਸਿੱਟੇ ਬਹੁਤ ਦੂਰਰਸ ਨਿਕਲਣੇ ਸਨ।"

ਗ਼ਦਰ ਪਾਰਟੀ ਦੇ ਝੰਡੇ ਦੀ ਅਹਿਮੀਅਤ ਅਤੇ ਹੋਣੀ ਦੀ ਮੈਂ ਬੜੀ ਸੀਮਤ ਜਿਹੀ ਬਾਤ ਪਾਈ ਹੈ, ਫ਼ੈਸਲਾ ਲੈਣ, ਇਸ ਨੂੰ ਬਣਾਉਣ, ਇਸ ਨੂੰ ਲਹਿਰਾਉਣ ਲਈ ਉੱਦਮ, ਇਸ ਨੂੰ ਜ਼ਬਤ ਕੀਤੇ ਜਾਣ ਅਤੇ ਮਗਰੋਂ ਇਸੇ ਸੰਦਰਭ 'ਚ ਗ਼ਦਰੀਆਂ ਦੀ ਹੋਣੀ ਦੀ ਕਥਾ ਬਹੁਤ ਲੰਬੀ ਅਤੇ ਮਾਰਮਿਕ ਪਰ ਮਾਣਮੱਤੀ ਹੈ, ਜਿਸ ਬਾਰੇ ਗਵਰਨਰ ਮਾਈਕਲ ਓਡਵਾਇਰ ਨੇ ਬੜੇ ਘੁਮੰਡ ਨਾਲ ਕਿਹਾ ਸੀ, "ਸੇਵਾ-ਮੁਕਤੀ ਸਮੇਂ ਮੈਂ ਗ਼ਦਰ ਲਹਿਰ ਦੇ ਝੰਡੇ ਨੂੰ 'ਵਾਰ ਟਰਾਫੀ' ਵਜੋਂ ਆਪਣੇ ਨਾਲ ਇੰਗਲੈਂਡ ਲੈ ਗਿਆ ਸੀ।" 'ਵਾਰ-ਟਰਾਫੀ'; ਗ਼ਦਰ ਲਹਿਰ ਦੇ ਸੰਦਰਭ 'ਚ ਇਹ ਸ਼ਬਦ ਬਹੁਤ ਵੱਡੇ ਮਾਇਨੇ ਰੱਖਦਾ ਹੈ, ਉਹਨਾਂ ਹੀ ਸ਼ਬਦਾਂ ਵਾਂਗ ਜਿਵੇਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਯੁੱਧ ਸਾਥੀਆਂ ਨੇ ਅਦਾਲਤੀ ਕਾਰਵਾਈਆਂ ਸਮੇਂ ਇਸੇ ਝੰਡੇ ਦੇ ਸੰਦਰਭ ਵਿੱਚ ਵਾਹ-ਬੁਲੰਦ ਕਹੇ ਸਨ, "ਹਕੂਮਤ ਭੁਲੇਖੇ ਵਿਚ ਹੈ, ਇਹ ਤਾਂ ਹੁਣ ਵੀ ਸਾਨ ਫਰਾਂਸਿਸਕੋ ਯੁਗਾਂਤਰ ਆਸ਼ਰਮ ਵਿਚ ਝੂਲ ਰਿਹਾ ਹੈ। ਗ਼ਦਰੀ ਝੰਡਾ, ਜਿਹੜਾ ਆਜ਼ਾਦੀ, ਭਾਈਚਾਰੇ ਅਤੇ ਬਰਾਬਰੀ ਤੇ ਹਕੀਕੀ ਕੌਮੀ ਏਕਤਾ ਦਾ ਪ੍ਰਤੀਕ ਹੈ, ਭਾਰਤ ਵਿਚ ਮੁੜ ਝੂਲੇਗਾ।"

***# ਸੰਪਰਕ : 94634-39075***

# ਕਿਸਾਨ ਜਥੇਬੰਦੀਆਂ ਫਿਰ ਲਾਮਬੰਦ ਹੋਣ

**ਜਗੀਰ ਸਿੰਘ ਜਗਤਾਰ**

ਇੱਕ ਵਾਰ ਫਿਰ ਕਿਹਾ ਜਾ ਰਿਹਾ ਹੈ ਕਿ ਬਾਹਰੀ ਤੱਤ ਸਿੱਖੀ ਦੇ ਵਿਕਾਸ ਅਤੇ ਪ੍ਰਚਾਰ ਨੂੰ ਠੇਸ ਪਹੁੰਚਾ ਰਹੇ ਹਨ। ਇਸ ਸਥਿਤੀ ਦਾ ਮੁਕਾਬਲਾ ਕਰਨ ਅਤੇ ਸਿੱਖ ਹਿੱਤਾਂ ਦੀ ਰਾਖੀ ਲਈ ਇੱਕ ਰਾਜ ਇਕਾਈ ਦੀ ਲੋੜ ਹੈ, ਉਹ ਖਾਲਿਸਤਾਨ ਹੋ ਸਕਦਾ ਹੈ। ਇਸ ਵਿਚਾਰ ਨੂੰ ਹਵਾ ਦੇਣ ਲਈ ਕੁਝ ਵਿਅਕਤੀ ਕੇਸਰੀ ਰੰਗ ਦੇ ਕੱਪੜੇ ਉੱਤੇ ਖਾਲਿਸਤਾਨ ਲਿਖ ਕੇ, ਜਿਹੜਾ ਬਹੁਤੀ ਵਾਰ ਅੰਗਰੇਜ਼ੀ ਵਿੱਚ ਹੁੰਦਾ ਹੈ, ਜਿਵੇਂ ਬਰਤਾਨਵੀ ਸਾਮਰਾਜ ਭਾਰਤ ਉੱਤੇ ਰਾਜ ਕਰਨ ਸਮੇਂ ਇੱਥੇ ਪਰੋਸੇ ਗਏ ਸਨ, ਜੋ ਅੱਜ ਵੀ ਸਾਡੇ ਹਾਕਮਾਂ ਦੀ ਜ਼ਹਿਨੀ ਗੁਲਾਮੀ ਉਤੇ ਛਾਈ ਹੋਈ ਹੈ।

ਤੱਥ ਇਹ ਹਨ ਕਿ ਦੇਸ਼ ਦੀ ਆਜ਼ਾਦੀ ਤੋਂ ਮੁੱਢੋਂ, ਰਾਜ ਜੇ ਅੱਠ ਦਹਾਕਿਆਂ ਵਿੱਚ ਜੋ ਵੀ ਸਿੱਖੀ ਦੇ ਗਿਰਧ ਘਨਘੋਰ ਘਟਾਵਾਂ ਮੰਡਰਾਈਆਂ, ਉਹਨਾਂ ਬੱਦਲਾਂ ਦੇ ਮੋਹਰੀ ਸਿੱਖ ਹੀ ਸਨ। ਅੱਜ ਵੀ ਸਿੱਖੀ ਨੂੰ ਪ੍ਰਫੁੱਲਤ ਕਰਨ ਦੇ ਦਾਅਵੇ ਕਰਨ ਵਾਲੇ ਉਹ ਹੀ ਹਨ, ਜਿਹਨਾਂ ਸਤਿਕਾਰ ਕਮੇਟੀ ਦਾ ਗਠਨ ਆਪ ਕੀਤਾ ਹੈ। ਇਸੇ ਤਰ੍ਹਾਂ ਆਪ ਹੀ ਆਪਣੇ ਆਪ ਨੂੰ ਪੰਜਾਬ ਦੇ ਵਾਰਸ ਐਲਾਨ ਲਿਆ ਹੈ। ਇਸ ਕਾਰਕਰਦਗੀ ਦੀ ਬੱਲੇ-ਬੱਲੇ ਉਹ ਕਰ ਰਹੇ ਹਨ, ਜਿਹਨਾਂ ਸਿੱਖਾਂ ਦੇ ਆਗੂ ਹੋਣ ਦੇ ਰੂਪ ਵਿੱਚ ਗੱਦੀਆ ਹਾਸਲ ਕਰਕੇ ਆਪਣੇ ਆਪ ਨੂੰ ਪ੍ਰਫੁੱਲਤ ਕੀਤਾ। ਸਿੱਖ ਸੰਸਥਾਵਾਂ ਦੇ ਪ੍ਰਬੰਧ ਲਈ ਚੁਣੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਰਾਜ ਸਭਾ ਦੇ ਪ੍ਰਬੰਧ ਰਾਹੀਂ ਕਬਜ਼ਾ ਕਰਕੇ ਉਸ ਨੂੰ ਆਪਣੇ ਹਿੱਤਾਂ ਦੀ ਪੂਰਤੀ ਦਾ ਅਦਾਰਾ ਬਣਾ ਦਿੱਤਾ ਹੈ।

ਅੱਜ ਜੋ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਤਿਕਾਰ ਦੇ ਨਾਂਅ ਹੇਠਾਂ ਜਿਸ ਦਾ ਜੀਅ ਕਰਦਾ ਹੈ, ਜਾ ਕੇ ਗੁਰੂ ਗਰੰਥ ਸਾਹਿਬ ਦਾ ਸਰੂਪ ਚੱਕ ਲਿਆਉਂਦੇ ਹਨ, ਉਹ ਸਿੱਖੀ ਨੂੰ ਹੋਰ ਢਾਹ ਲਾਉਣ ਤੋਂ ਬਿਨਾਂ ਕੁਝ ਨਹੀਂ ਕਰ ਰਹੇ। ਇਹ ਗੁਰੂ ਘਰ ਵੱਲੋਂ 'ਘਰਿ ਘਰਿ ਅੰਦਰਿ ਧਰਮਸਾਲ ਹੋਵੇ ਕੀਰਤਨੁ ਸਚ ਵਿਸੋਆ॥' (ਵਾਰ ਭਾਈ ਗੁਰਦਾਸ) ਨੂੰ ਤੋੜ ਕੇ ਸਿਰਫ ਤੇ ਸਿਰਫ ਗੁਰਦੁਆਰਿਆਂ ਤੱਕ ਸੀਮਤ ਕਰਨ ਦੀ ਸੇਵਾ ਕਰਨ ਤੁਰੇ ਹਨ। ਪਿਛਲੇ ਦਿਨੀਂ ਇਹ ਢਾਣੀ ਸਿੰਧੀ ਪਰਵਾਰਾਂ ਦੇ ਜਾ ਕੇ ਉਥੋਂ ਗੁਰੂ ਗਰੰਥ ਸਾਹਿਬ ਦੇ ਸਰੂਪ ਚੁੱਕ ਲਿਆਏ ਸੀ। ਇਹਨਾਂ ਨੂੰ ਪਤਾ ਨਹੀਂ ਸਿੰਪੀ ਜੋ ਦਾੜ੍ਹੀ, ਕੇਸਾਂ ਪੱਖੋਂ ਮੋਨੇ ਹਨ, ਉਹ ਗੁਰੂ ਸਾਹਿਬ ਅਤੇ ਗੁਰਬਾਣੀ ਦਾ ਅਥਾਹ ਸਤਿਕਾਰ ਕਰਦੇ ਹਨ। ਇਹਨਾਂ ਸਤਰਾਂ ਦੇ ਲੇਖਕ ਨੇ ਸੂਬਾ ਸਿੰਧ ਵਿੱਚ ਰਹਿ ਕੇ ਵੇਖਿਆ ਹੈ। ਸਿੰਧੀਆਂ ਦੇ ਆਪਣੇ ਵੱਖਰੇ ਗੁਰਦੁਆਰੇ ਹਨ, ਜਿਹਨਾਂ ਨੂੰ ਸਿੰਧੀ ਭਾਸ਼ਾ ਵਿੱਚ ਟਿਕਾਣਾ ਕਹਿੰਦੇ ਹਨ। ਉਹਨਾਂ ਵਿੱਚ ਬਕਾਇਦਾ ਮੋਨੇ ਗਰੰਥੀ ਸੇਵਾ ਸੰਭਾਲ ਕਰਦੇ ਹਨ। ਸਿਰ ਉਤੇ ਹਰ ਸਮੇਂ ਟੋਪੀ ਪਹਿਨ ਕੇ ਰੱਖਦੇ ਹਨ। ਗੁਰਬਾਣੀ ਦਾ ਸ਼ੁੱਧ ਉਚਾਰਨ ਅਤੇ ਵਧੀਆ ਕੀਰਤਨ ਕਰਦੇ ਹਨ। ਇਸੇ ਤਰ੍ਹਾਂ ਨਿਰਮਲਿਆਂ ਦੀ ਆਪਣੀ ਰਹਿਣੀ -ਬਹਿਨੀ ਹੈ, ਕਿਰਪਾਨਾਂ ਵਾਲੇ ਨਹੀਂ, ਪਰ ਗੁਰੂ ਗਰੰਥ ਸਾਹਿਬ ਅਤੇ ਬਾਣੀ ਦਾ ਪੂਰਾ ਸਤਿਕਾਰ ਕਰਦੇ ਹਨ। ਸਿੰਘ ਤਾਂ ਲੰਮਾ ਸਮਾਂ ਜੰਗਾਂ-ਯੁੱਧਾਂ ਵਿੱਚ ਰਹੇ ਅਤੇ ਜੰਗਲਾਂ ਵਿੱਚ ਰਹੇ, ਗੁਰੂ ਗਰੰਥ ਸਾਹਿਬ ਦੇ ਬਹੁਤੇ ਸਰੂਪ ਨਿਰਮਲਿਆਂ ਦੇ ਡੇਰਿਆਂ ਤੋਂ ਹੀ ਸਿੱਖਾਂ ਤੱਕ ਪਹੁੰਚੇ।

ਇਤਿਹਾਸ ਦਾ ਇਹ ਤੱਥ ਵੀ ਜੰਗਲਾਂ ਵਿੱਚ ਰਹਿਣ ਵਾਲੇ ਘੋੜਿਆਂ ਦੀਆਂ ਖੁਰਲੀਆਂ ਵਿੱਚ ਗੁਰੂ ਗਰੰਥ ਸਾਹਿਬ ਦੇ ਸਰੂਪ ਪਾ ਕੇ ਆਪਣੇ ਨਾਲ ਰੱਖਦੇ ਅਤੇ ਪਾਠ ਕਰਦੇ ਰਹੇ ਹਨ। ਸਤਿਕਾਰ ਕਮੇਟੀ ਵਾਲੇ ਜੋ ਸਤਿਕਾਰ ਦੇ ਢੰਗ-ਤਰੀਕੇ ਦੱਸਦੇ ਹਨ, ਉਹ ਕਿਥੇ ਅਤੇ ਕਿਸ ਨੇ ਤਿਆਰ ਕੀਤਾ ਹੈ। ਉਹਨਾਂ ਦੀ ਕਿਸੇ ਨੇ ਜ਼ੁੰਮੇਵਾਰੀ ਲਈ ਹੈ ਕਿ ਜੋ ਸਰੂਪ ਗੁਰਦੁਆਰਿਆਂ ਵਿੱਚ ਨਹੀਂ ਉਹ ਚੁੱਕ ਲਿਆਉਣ। ਇਸੇ ਤਰ੍ਹਾਂ ਪੰਜਾਬ ਦੇ ਆਪੇ ਬਣੇ ਵਾਰਸਾਂ ਨੇ ਆਪਣੇ ਰੌਲੇ-ਗੌਲੀ ਦੀ ਮੁਹਿੰਮ ਦਾ ਆਰੰਭ ਇੱਕ ਗੁਰਦੁਆਰਾ ਸਾਹਿਬ, ਬਿਰਧਾਂ, ਬਿਮਾਰਾਂ ਦੇ ਬੈਠਣ ਲਈ ਰੱਖੀਆਂ ਕੁਰਸੀਆਂ ਨੂੰ ਤੋੜਨ ਤੋਂ ਸ਼ੁਰੂ ਕੀਤਾ ਸੀ, ਉਸ ਦਾ ਦੇਸ਼-ਵਿਦੇਸ਼ ਵਿੱਚ ਵਿਰੋਧ ਹੋਇਆ ਤਾਂ ਉਸ ਪਾਸਿਓਂ ਮੋੜਾ ਕੱਟ ਕੇ ਰਾਜਨੀਤਕ ਅਖਾੜੇ ਵੱਲ ਮੂੰਹ ਕਰ ਲਿਆ। ਇਹ ਸਰਗਰਮੀਆਂ, ਕਿਉਂਕਿ ਹਾਕਮਾਂ ਨੂੰ ਰਾਸ ਆਉਂਦੀਆਂ ਹਨ, ਇਸੇ ਕਰਕੇ ਗਿਰਫਤਾਰੀ ਤੇ ਛਾਪੇ ਉਪਰੰਤ ਜਿਸ ਤਰ੍ਹਾਂ ਪਰਚਾਰਿਆ ਜਾ ਰਿਹਾ ਹੈ, ਉਹ ਅੱਜ ਇਥੇ ਸੀ, ਉਥੇ ਸੀ, ਇਸ ਭੇਸ ਵਿੱਚ ਸੀ, ਇਹੋ ਜਿਹਾ ਸੀ, ਇਸ ਸੂਬੇ ਦੀ ਪੁਲਸ ਨੇ ਛਾਪੇ ਮਾਰੇ, ਉਸ ਸੂਬੇ ਦੀ ਪੁਲਸ ਨੇ ਖੇਤ, ਘਰ ਗਾਹੇ , ਅਜਿਹੀਆਂ ਖਬਰਾਂ ਗੋਦੀ ਮੀਡੀਆ ਰਾਹੀਂ ਚਲਾਈਆਂ ਜਾ ਰਹੀਆਂ ਹਨ। ਉਸ ਦਾ ਇਕੋ ਇੱਕ ਉਦੇਸ਼ ਉਸ ਨੂੰ ਹੀਰੋ ਬਣਾਉਣਾ ਅਤੇ ਫਿਰ ਉਸ ਨੂੰ ਨੱਥਣ ਦੇ ਨਾਂਅ ਉੱਤੇ ਪੰਜਾਬ ਦੇ ਹਾਲਾਤ ਵਿਗਾੜਨਾ ਹਾਕਮਾਂ ਦਾ ਅਸਲ ਟੀਚਾ ਹੈ।

ਅੱਜ ਪੰਜਾਬ ਦਾ ਮੁੱਖ ਮਸਲਾ ਮੌਸਮ ਕਾਰਨ ਫਸਲਾਂ ਦੇ ਖਰਾਬੇ ਕਾਰਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਪਈ ਸੱਟ ਤੋਂ ਉਭਾਰਨ ਦਾ ਹੈ। ਉਸ ਲਈ ਕੇਂਦਰ ਸਰਕਾਰ ਪੱਖੀ ਪਾਰਟੀਆਂ ਤੇ ਉਹਨਾਂ ਦੇ ਆਗੂ ਸੂਬੇ ਨੂੰ ਮੁਆਵਜ਼ਾ ਦੇਣ ਲਈ ਕਹਿ ਰਹੇ ਹਨ। ਸੂਬੇ ਵਾਲੇ ਕੇਂਦਰ ਵੱਲ ਹੱਥ ਕਰ ਰਹੇ ਹਨ, ਜਦ ਕਿ ਕੇਂਦਰ ਸਰਕਾਰ, ਜੋ ਧਨ ਕੁਬੇਰਾਂ ਨੂੰ ਅਰਬਾਂ-ਖਰਬਾਂ ਦੇ ਲਾਭ ਦੇ ਰਹੀ ਹੈ, ਉਸ ਨੂੰ ਤੁਰੰਤ ਖਰਾਬੇ ਦੇ ਮੁਆਵਜ਼ੇ ਵਾਸਤੇ ਹਾਕਮ ਭੇਜਣਾ ਅਤੇ ਕਿਸਾਨਾਂ, ਖੇਤ ਮਜ਼ਦੂਰਾਂ ਦੇ ਘਰ ਦੇ ਕਰਜ਼ੇ ਉਤੇ ਲੀਕ ਫੇਰਨੀ ਚਾਹੀਦੀ ਹੈ। ਲੰਮੇ-ਲੰਮੇ ਭਾਸ਼ਣ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਸਲੇ 'ਤੇ ਚੁੱਪ ਹਨ। ਅਜਿਹਾ ਇਸ ਲਈ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨੂੰ ਸਬਕ ਸਿਖਾਉਣਾ ਚਾਹੁੰਦੀ ਹੈ। ਉਹ ਦੇਸ਼ ਦੇ ਕਿਸਾਨਾਂ ਦੇ ਅੱਗੇ ਲੱਗ ਕੇ ਸਰਕਾਰ ਦੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਦਾ ਬਦਲਾ ਲੈਣ ਦੀ ਇਛੁੱਕ ਹੈ। ਸਿੱਖੀ ਦਾ ਪਰਚਾਰ ਅਤੇ ਪਰਸਾਰ ਕਰਨ ਦੇ ਦਾਅਵੇਦਾਰ ਹਾਕਮਾਂ ਨੂੰ ਆਪਣੀਆਂ ਮਨਮਾਨੀਆਂ ਕਰਨ ਦੇ ਹਾਲਾਤ ਪਰੋਸਣ ਵਿੱਚ ਹੱਥ ਵਟਾਉਣ ਲਈ ਸਰਗਰਮ ਹਨ। ਇਸੇ ਤਰ੍ਹਾਂ ਰਵਾਇਤੀ ਅਕਾਲੀ ਆਗੂ ਪੰਜਾਬ ਸਰਕਾਰ ਦੀ ਅਲੋਚਨਾ ਕਰ ਰਹੇ ਹਨ, ਜਦ ਕਿ ਸ਼ਰੋਮਣੀ ਗੁਰਦੁਆਰਾ ਪਰੰਬਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਾਹੀਂ ਸਿੱਖੀ ਜਜ਼ਬਾਤਾਂ ਨੂੰ ਉਭਾਰਨ ਲਈ ਸਰਗਰਮ ਹਨ। ਖੱਬੇ ਪੱਖੀ ਧਿਰਾਂ ਤਾਂ ਕਹੀ ਜਾ ਰਹੀਆਂ ਹਨ ਕਿ ਦੇਸ਼ ਵਿੱਚ ਇੱਕ ਅਧਿਕਾਰਵਾਦ, ਫਾਸ਼ੀਵਾਦ ਵੱਲ ਵਧਣ ਦੇ ਹਾਲਾਤ ਬਣ ਰਹੇ ਹਨ। ਫਿਰ ਤੋਂ 1980-90 ਦੇ ਦਹਾਕੇ ਦੇ ਹਾਲਾਤ ਬਣਾਏ ਜਾਣ ਦਾ ਸੰਦੇਹ ਪ੍ਰਗਟਾ ਰਹੀਆਂ ਹਨ, ਪਰ ਇਕੱਠੇ ਹੋ ਕੇ ਸੂਬੇ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਨੂੰ ਸੁਚੇਤ ਕਰਨ ਦਾ ਮਾਰਗ ਨਹੀਂ ਅਪਣਾ ਰਹੀਆਂ। ਹਰ ਇੱਕ ਧੜਾ ਆਪੋ ਆਪਣੀ ਢਾਈ ਪਾ ਦੀ ਰਸੋਈ ਨੂੰ ਹਿੱਕ ਨਾਲ ਲਾਈ ਰੱਖਣ ਨੂੰ ਵਡੱਪਣ ਸਮਝ ਰਿਹਾ ਹੈ।

ਵਿਦੇਸ਼ਾਂ ਵਿੱਚ ਰੋਜ਼ੀ ਰੋਟੀ ਲਈ ਗਏ ਪੰਜਾਬੀ ਅਤੇ ਹੋਰ ਭਾਰਤੀ ਆਪਣਾ ਜੀਵਨ ਸੁੱਖ-ਸ਼ਾਂਤੀ ਲੰਘਾਉਣ ਦੇ ਆਹਰੇ ਲੱਗੇ ਹੋਏ ਹਨ। ਇਹਨਾਂ ਵਿੱਚੋਂ ਮੁੱਠੀ ਭਰ ਸਿੱਖ ਝੰਡੇ ਚੁੱਕ ਕੇ ਵਿਖਾਵੇ ਕਰਕੇ ਦੇਸ਼ ਦੇ ਹਾਕਮਾਂ ਦੇ ਇਰਾਦਿਆਂ ਨੂੰ ਮਜ਼ਬੂਤ ਕਰਨ ਵਿੱਚ ਰੁਝੇ ਹੋਏ ਹਨ। ਇਹਨਾਂ ਨੂੰ ਹੱਲਾਸ਼ੇਰੀ ਵਿਦੇਸ਼ਾਂ ਵਿੱਚ ਬਹਿ ਕੇ ਆਪਣੇ ਆਪ ਨੂੰ ਖਾਲਿਸਤਾਨੀ ਆਗੂ ਕਹਾਉਣ ਵਾਲੇ ਸਰਕਾਰੀ ਏਜੰਸੀਆਂ ਨਾਲ ਮਿਲ ਕੇ ਚਲਾ ਰਹੇ ਹਨ। ਭਾਈਚਾਰਕ ਸਾਂਝ ਨੂੰ ਠੇਸ ਪਹੁੰਚਾਉਣ ਹਿੱਤ ਇਹ ਟੋਲਾ ਦੂਜੇ ਧਾਰਮਕ ਥਾਵਾਂ ਉਤੇ ਨਾਅਰੇ ਲਿਖਣ ਅਤੇ ਭੰਨਤੋੜ ਕਰਦੇ ਹਨ, ਜਦ ਕਿ ਇਸ ਵਰਤਾਰੇ ਦਾ ਸਿੱਖੀ ਅਸੂਲਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ। ਵਿਦੇਸ਼ਾਂ ਵਿੱਚ ਰਹਿ ਰਹੇ 10-15 ਨੌਜਵਾਨ ਗੈਂਗਸਟਰ ਹਨ ਅਤੇ ਮੁੱਠੀਭਰ ਖਾਲਿਸਤਾਨੀਆਂ ਸਦਕਾ ਵਿਦੇਸ਼ਾਂ ਵਿੱਚ ਰਹੇ ਰਹਿ ਲੱਖਾਂ ਸਿੱਖਾਂ ਲਈ ਮੁਸ਼ਕਲਾਂ ਪੈਦਾ ਕਰ ਰਹੇ ਹਨ। ਇਥੇ ਇਹ ਤੱਥ ਵਾਚਣ ਵਾਲੇ ਹਨ ਕਿ ਪੰਜਾਬ, ਜੋ ਸਿੱਖਾਂ ਦੀ ਵਧੇਰੇ ਵਸੋਂ ਵਾਲਾ ਭੂਗੋਲਿਕ ਖਿੱਤਾ ਹੈ, ਇਥੋਂ ਸਮੂਹਿਕ ਰੂਪ ਵਿੱਚ ਕਦੇ ਵੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਗਈ। ਬਾਹਰ ਰਹਿੰਦੇ ਝੰਡੇ ਲਹਿਰਾ ਕੇ ਆਪਣੇ ਆਪ ਨੂੰ ਸਿਪਾਸਲਾਰ ਸਿੱਧ ਕਰਨ ਦਾ ਯਤਨ ਕਰ ਰਹੇ ਹਨ। ਉਹਨਾਂ ਦੇ ਪਰਵਾਸ ਨਾਲ ਇਸ ਧਰਤੀ ਤੋਂ ਸਿੱਖਾਂ ਦੀ ਗਿਣਤੀ ਘਟ ਗਈ ਹੈ ਅਤੇ ਦਿਨੋਂ-ਦਿਨ ਹੋਰ ਘਟ ਰਹੀ ਹੈ।

ਇਸ ਸਥਿਤੀ ਵਿੱਚ ਫੇਰ ਤੋਂ ਕਿਸਾਨ ਜਥੇਬੰਦੀਆਂ ਨੂੰ ਅੱਗੇ ਆ ਕੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਹੋਰ ਪੇਂਡੂ ਕਾਮਿਆਂ ਅਤੇ ਖਾਸ ਕਰਕੇ ਨੌਜਵਾਨ ਵਰਗ ਨੂੰ ਚੇਤੰਨ ਕਰਨਾ ਚਾਹੀਦਾ ਹੈ ਕਿ ਇਹ ਫਿਰ ਤੋਂ ਜ਼ਮੀਨਾਂ ਖੋਹ ਕੇ ਪੰਜਾਬ ਦੇ ਮਿਹਨਤਕਸ਼ਾਂ ਨੂੰ ਘਸਿਆਰੇ ਬਣਾਉਣ ਦੀਆਂ ਚਾਲਾਂ ਹਨ। ਉਹਨਾਂ ਨੂੰ ਇਹ ਵੀ ਦੱਸਣ ਦੀ ਲੋੜ ਹੈ ਕਿ ਦੂਜੀਆਂ ਪਾਰਟੀਆਂ ਦੇ ਆਗੂ ਖਾਸ ਕਰਕੇ ਸਿੱਖ ਚਿਹਰੇ ਕੇਂਦਰ ਸਰਕਾਰ ਦੀਆਂ ਈ.ਡੀ, ਸੀ.ਬੀ.ਆਈ ਏਜੰਸੀਆਂ ਦੇ ਦਬਾਅ ਕਾਰਨ ਜਾਂ ਰਾਜਸੀ ਚੌਧਰ ਲਈ ਭਾਜਪਾ ਵਿੱਚ ਜਾ ਰਹੇ ਹਨ। ਇਹਨਾਂ ਪੰਜਾਬ ਇਸ ਦੇ ਕਿਸਾਨਾਂ, ਸਿੱਖਾਂ ਸਮੇਤ ਸਮੂਹ ਪੰਜਾਬੀਆਂ ਦਾ ਕੁਝ ਨਹੀਂ ਸੰਵਾਰਨਾ। ਦੇਸ਼ ਲਈ ਹਾਕਮ ਧਿਰ ਦੀਆਂ ਫੁੱਟਪਾਊ ਚਾਲਾਂ ਅਤੇ ਵਕਤੀ ਮਾਮੂਲੀ ਛੋਟਾਂ ਤੋਂ ਉੱਪਰ ਉੱਠ ਕੇ ਸੋਚਣ ਤੇ ਸਮਝਣ ਦੀ ਲੋੜ ਹੈ। ਅਜੋਕੀ ਸਥਿਤੀ ਵਿੱਚ ਇਹ ਕਾਰਜ ਕਿਸਾਨ ਜਥੇਬੰਦੀਆਂ ਨੂੰ ਵੀ ਨੇਪਰੇ ਚਾੜ੍ਹਨਾ ਮੁਸ਼ਕਲ ਵਿਖਾਈ ਦੇ ਰਿਹਾ ਹੈ, ਕਿਉਂਕਿ ਉਹਨਾਂ ਦਾ ਵਖਰੇਵਾਂ 2020 ਨਾਲੋਂ ਕਿਤੇ ਜ਼ਿਆਦਾ ਹੋ ਗਿਆ ਹੈ। ਕਿਸਾਨ ਅੰਦੋਲਨ ਸਮੇਂ ਜੋ 38 ਯੂਨੀਅਨਾਂ ਸਨ, ਹੁਣ 48 ਹੋ ਗਈਆਂ ਹਨ। ਉਸ ਸਮੇਂ ਸਾਂਝੇ ਸੰਗਠਨ ਦੇ ਐਕਸ਼ਨ ਨੂੰ ਆਗੂ ਸਹਿ ਲੈਂਦੇ ਸਨ, ਹੁਣ ਆਪਣੀ ਜਥੇਬੰਦੀ ਵਿੱਚ ਸਾਲਾਂ ਤੋਂ ਨਾਲ ਚੱਲ ਰਹੇ ਸਾਥੀ ਦੀ ਗੱਲ ਮੁੱਖ ਆਗੂ ਸੁਣਨ ਲਈ ਤਿਆਰ ਨਹੀਂ ਹਨ। ਆਉਣ ਵਾਲਾ ਸਮਾਂ ਦੱਸੇਗਾ ਕਿ ਕਿਹੜੀਆਂ ਜਥੇਬੰਦੀਆਂ ਨਿਰਣੇ ਲੈ ਕੇ ਪੰਜਾਬ ਅਤੇ ਉਸ ਦੀ ਕਿਸਾਨੀ ਦੇ ਹਿੱਤਾਂ ਦੀਆਂ ਪਹਿਰੇਦਾਰ ਬਣਦੀਆਂ ਹਨ, ਕੌਣ-ਕੌਣ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹਾਕਮਾਂ ਦੇ ਹੱਥਾਂ ਦੇ ਖਿਡੌਣੇ ਬਣ ਕੇ ਪਾਹੜਾ ਸਿੰਘ ਦੀ ਕਤਾਰ ਵਿੱਚ ਸ਼ਾਮਲ ਹੁੰਦੇ ਹਨ।

**ਸੰਪਰਕ - 94179-71600**

CMYK

# ਲਿਫਟਿੰਗ ਨਾ ਹੋਣ ਕਾਰਨ ਮੰਡੀ ’ਚ ਲੱਗੇ ਅੰਬਾਰ

## ਆੜ੍ਹਤੀਆ ਐਸੋਸੀਏਸ਼ਨ ਨੇ ਲਿਫਟਿੰਗ ਨਾ ਹੋਣ ’ਤੇ ਸਕੱਤਰ ਨੂੰ ਲਿਖਿਆ ਪੱਤਰ



**ਤਪਾ ਮੰਡੀ (ਅਰੁਣ ਗੋਇਲ)**

ਖਰੀਦ ਕੇਂਦਰਾਂ ’ਚ ਕਣਕ ਦੀਆਂ ਬੋਰੀਆਂ ਦੇ ਅੰਬਾਰ ਲੱਗ ਗਏ ਹਨ। ਲਿਫਟਿੰਗ ਨਾ ਹੋਣ ਕਾਰਨ ਬੋਰੀਆਂ ਨੂੰ ਸਿਉਂਕ ਲੱਗਣ ਤੋਂ ਡਰ ਵਜੋਂ ਆੜ੍ਹਤੀਆ ਐਸੋਸੀਏਸ਼ਨ ਤਪਾ ਨੇ ਸਕੱਤਰ ਮਾਰਕੀਟ ਕਮੇਟੀ ਤਪਾ ਨੂੰ ਲਿਖ ਕੇ ਜਾਣੂ ਕਰਵਾਏ ਜਾਣ ਦਾ ਡਰ ਸਤਾਉਣ ਲੱਗ ਪਿਆ ਹੈ। ਇਸ ਸੰਬੰਧੀ ਆੜ੍ਹਤੀਆ ਐਸੋਸੀਏਸ਼ਨ ਤਪਾ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ ਤਾਜੋ ਨੇ ਮਾਰਕੀਟ ਕਮੇਟੀ ਸਕੱਤਰ ਤਪਾ ਨੂੰ ਲਿਖੇ ਪੱਤਰ ’ਚ ਦੱਸਿਆ ਹੈ ਕਿ ਖਰੀਦ ਕੇਂਦਰਾਂ ’ਚ ਖਰੀਦ ਏਜੰਸੀਆਂ ਵੱਲੋਂ ਖਰੀਦ ਕੀਤੀ ਕਣਕ ਦੀ ਲਿਫਟਿੰਗ ਸਮੇਂ ਸਿਰ ਨਾ ਹੋਣ ਕਾਰਨ ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਕਣਕ ਉਤਾਰਨ ਸਮੇਂ ਜਗ੍ਹਾ ਦੀ ਭਾਰੀ ਮੁਸ਼ਕਲ ਆ ਰਹੀ ਹੈ ਅਤੇ ਭਰੀਆਂ ਪਈਆਂ ਬੋਰੀਆਂ ਨੂੰ ਹੇਠੋਂ ਸਿਉਂਕ ਲੱਗਣ ਕਾਰਨ ਬਾਰਦਾਨਾ ਦਾ ਨੁਕਸਾਨ ਹੋ ਸਕਦਾ ਹੈ। ਬੇਮੌਸਮੀ ਵਰਖਾ ਪੈਣ ਨਾਲ ਵੀ ਬੋਰੀਆਂ ਭਿੱਜ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਲਿਫਟਿੰਗ ਨਾ ਹੋਣ ਕਾਰਨ ਬੋਰੀਆਂ ’ਚ ਵਜ਼ਨ ਕਟੌਤੀ ਤੇ ਮਾਲ ਖਰੀਦ ਹੋਣ ਦੀ ਆੜ੍ਹਤੀਏ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਕੁਝ ਆੜ੍ਹਤੀਆਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ’ਤੇ ਦੱਸਿਆ ਕਿ ਟਰੱਕ ਚਾਲਕ 200-400 ਪ੍ਰਤੀ ਟਰੱਕ ਲੈ ਕੇ ਪਹਿਲਾਂ ਭਰ ਕੇ ਲਿਜਾਣ ਤੇ ਆੜ੍ਹਤੀਆਂ ਦੀ ਲੁੱਟ ਹੋ ਰਹੀ ਹੈ, ਵੱਲ ਧਿਆਨ ਦੇਣ ਦੀ ਲੋੜ ਹੈ। ਇਸ ਲਿਫਟਿੰਗ ਦੀ ਆ ਰਹੀ ਸਮੱਸਿਆ ਸੰਬੰਧੀ ਡੀ ਸੀ ਬਰਨਾਲਾ, ਜ਼ਿਲ੍ਹਾ ਖੁਰਾਕ ਸਪਲਾਈਜ਼ ਕੰਟਰੋਲਰ, ਜ਼ਿਲ੍ਹਾ ਪਨਸਪ, ਜ਼ਿਲ੍ਹਾ ਮਾਰਕਫੈੱਡ, ਜ਼ਿਲ੍ਹਾ ਵੇਅਰਹਾਊਸ ਤੇ ਡੀ.ਐੱਮ.ਐੱਫ.ਸੀ.ਆਈ. ਸੰਗਰੂਰ ਨੂੰ ਵੀ ਲਿਖ ਕੇ ਜਾਣੂ ਕਰਵਾਇਆ ਗਿਆ ਹੈ।

ਲਿਫਟਿੰਗ ਨਾ ਹੋਣ ਸੰਬੰਧੀ ਜਦ ਟਰੱਕ ਯੂਨੀਅਨ ਦੇ ਪ੍ਰਧਾਨ ਤੇਜਿੰਦਰ ਢਿੱਲਵਾਂ ਨਾਲ ਮੋਬਾਇਲ ’ਤੇ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਇਹ ਸਭ ਕੁਝ ਠੇਕੇਦਾਰ ਦੀ ਅਣਗਹਿਲੀ ਕਾਰਨ ਹੋ ਰਿਹਾ ਹੈ, ਗੋਦਾਮਾਂ ’ਚ ਭਰੇ ਟਰੱਕ ਖੜੇ ਰਹਿੰਦੇ ਹਨ ਅਤੇ ਲੇਬਰ ਨਾ ਹੋਣ ਦਾ ਕਾਰਨ ਦੱਸਿਆ। ਟਰੱਕ ਚਾਲਕਾਂ ਵੱਲੋਂ ਲਏ ਜਾਂਦੇ 200-400 ਰੁਪੈ ਸੰਬੰਧੀ ਉਨ੍ਹਾਂ ਦੇ ਕੋਈ ਧਿਆਨ ’ਚ ਨਹੀਂ ਹੈ, ਜੇਕਰ ਅਜਿਹੀ ਕੋਈ ਗੱਲ ਹੈ ਤਾਂ ਦੱਸਿਆ ਜਾਵੇ ਕਿ ਟਰੱਕ ਚਾਲਕ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਲਿਫਟਿੰਗ ਦੀ ਧੀਮੀ ਰਫਤਾਰ ਤੋਂ ਦੁਖੀ ਮਜ਼ਦੂਰਾਂ ਵੱਲੋਂ ਧਰਨਾ

- ਪੰਜਾਬ ਸਰਕਾਰ ਖਿਲਾਫ ਕੀਤੀ ਨਾਅਰੇਬਾਜ਼ੀ
- ਐੱਮ ਡੀ ਮਾਰਕਫੈੱਡ ਨੇ ਮੌਕੇ ’ਤੇ ਹੀ ਰੱਦ ਕੀਤਾ ਦੌਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਣਕ ਦੇ ਸੀਜ਼ਨ ਦੌਰਾਨ ਮਾਰਕੀਟ ਕਮੇਟੀ ਮਹਿਲ ਕਲਾਂ ਅਧੀਨ ਪੈਂਦੇ ਵੱਖ-ਵੱਖ ਖਰੀਦ ਕੇਂਦਰਾਂ ’ਤੇ ਚੁਕਾਈ ਦਾ ਕੰਮ ਬਹੁਤ ਧੀਮੀ ਗਤੀ ਨਾਲ ਹੋਣ ਤੋਂ ਦੁਖੀ ਮਜ਼ਦੂਰਾਂ ਵੱਲੋਂ ਅੱਜ ਮਾਰਕੀਟ ਕਮੇਟੀ ਮਹਿਲ ਕਲਾਂ ਦਫਤਰ ਮੂਹਰੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਹ ਮਜ਼ਦੂਰ ਤੇ ਆੜ੍ਹਤੀਆ ਐਸੋਸੀਏਸ਼ਨ ਦੇ ਆਗੂ ਅੱਜ ਮਾਰਕਫੈੱਡ ਦੇ ਐੱਮ. ਡੀ. ਦੀ ਮਹਿਲ ਕਲਾਂ ਆਮਦ ਮੌਕੇ ਉਨ੍ਹਾਂ ਕੋਲ ਦੁੱਖ ਸੁਣਾਉਣ ਲਈ ਇਕੱਠੇ ਹੋਏ ਸਨ, ਪਰ ਮਜ਼ਦੂਰਾਂ ਦੇ ਨਾਅਰੇਬਾਜ਼ੀ ਕਰਨ ਬਾਰੇ ਪਤਾ ਲੱਗਦਿਆਂ ਹੀ ਉਨ੍ਹਾਂ ਨੇ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ। ਇਸ ਮੌਕੇ ਬੋਲਿਦਆਂ ਮਜ਼ਦੂਰ ਆਗੂ ਰਾਜ ਸਿੰਘ ਭਾਂਬੜ ਨੇ ਕਿਹਾ ਕਿ ਅਨਾਜ ਮੰਡੀ ਮਹਿਲ ਕਲਾਂ ਵਿਖੇ 13 ਅਪ੍ਰੈਲ ਤੋਂ ਖਰੀਦ ਸ਼ੁਰੂ ਹੋਈ ਹੈ, ਪਰ ਅੱਜ ਤੱਕ ਚੁਕਾਈ ਦਾ ਕੰਮ ਤੇਜ਼ ਰਫਤਾਰ ਨਾਲ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਚੁਕਾਈ ਦੀ ਕਦੇ ਕੋਈ ਮੁਸ਼ਕਲ ਪੇਸ਼ ਨਹੀਂ ਸੀ ਆਈ, ਕਿਉਂਕਿ ਉਦੋਂ ਖਰੀਦੀ ਜਾਂਦੀ ਸਾਰੀ ਫਸਲ ਗੁਦਾਮਾਂ ’ਚ ਸਟੋਰ ਕੀਤੀ ਜਾਂਦੀ ਸੀ, ਪਰ ਹੁਣ ਕੇਂਦਰ ਸਰਕਾਰ ਵੱਲੋਂ ਮੰਡੀ ’ਚੋਂ ਫਸਲ ਸਿੱਧੀ ਸਪੈਸ਼ਲ ਗੱਡੀਆਂ ਰਾਹੀਂ ਟਰੇਨਾਂ ’ਚ ਲੋਡ ਕੀਤੇ ਜਾਣ ਦੀ ਤਜਵੀਜ਼ ਹੈ, ਇਸ ਲਈ ਢੋਆ ਢੁਆਈ ਦੇ ਸਾਧਨਾਂ ਦੀ ਵੱਡੀ ਘਾਟ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਤਾਂ ਆਪਣੀ ਫਸਲ ਤੁਲਵਾਉਣ ਉਪਰੰਤ ਮੰਡੀ ’ਚੋਂ ਵਿਹਲਾ ਹੋ ਜਾਂਦਾ ਹੈ, ਪਰ ਮਜ਼ਦੂਰ ਚੁਕਾਈ ਨਾ ਹੋਣ ਕਾਰਨ ਕਾਰਨ ਕਸੂਤੀ ਸਥਿਤੀ ’ਚ ਫਸੇ ਹੋਏ ਹਨ, ਕਿਉਂਕਿ ਪਿਛਲੇ ਇਕ ਹਫਤੇ ਤੋਂ ਬੋਰੀਆਂ ’ਚ ਭਰੀ ਕਣਕ ਦੀ ਫਸਲ ਦਾ ਜਿੱਥੇ ਵਜ਼ਨ ਘਟ ਰਿਹਾ ਹੈ, ਉੱਥੇ ਹੀ ਮੀਂਹ ਪੈਣ ਨਾਲ ਬੋਰੀਆਂ ਹੇਠਾਂ ਤੋਂ ਸਲ੍ਹਾਬ ਚੜ੍ਹਨ ਨਾਲ ਗਲਣ ਲੱਗੀਆਂ ਹਨ, ਜੇਕਰ ਆਉਂਦੇ ਕੁਝ ਦਿਨਾਂ ’ਚ ਚੁਕਾਈ ਨਾ ਹੋਈ ਤਾਂ ਬੋਰੀਆਂ ਹੇਠਾਂ ਸਿਉਂਕ ਪੈ ਜਾਵੇਗੀ। ਆੜ੍ਹਤੀਆ ਰੂਬਲ ਗਿੱਲ ਕੈਨੇਡਾ, ਸਰਬਜੀਤ ਸਿੰਘ ਸਰਬੀ, ਰਾਕੇਸ਼ਪਾਲ ਪਾਲੀ ਨੇ ਕਿਹਾ ਕਿ ਚੁਕਾਈ ਨਾ ਹੋਣ ਕਾਰਨ ਮੁਖ ਅਨਾਜ ਮੰਡੀ ਮਹਿਲ ਕਲਾਂ ਨੱਕੋ ਨੱਕ ਭਰ ਚੁੱਕੀ ਹੈ, ਜਦੋਂ ਉਹ ਇਸ ਮੁਸ਼ਕਲ ਸਬੰਧੀ ਸਬੰਧਤ ਅਧਿਕਾਰੀਆਂ ਨਾਲ ਗੱਲ ਕਰਦੇ ਤਾਂ ਅੱਗਿਓਂ ਕੋਈ ਠੋਸ ਜਵਾਬ ਨਹੀਂ ਮਿਲਦਾ। ਕਿਸਾਨ ਮਹਿੰਦਰ ਸਿੰਘ, ਅਮਰੀਕ ਸਿੰਘ, ਹਰਨੇਕ ਸਿੰਘ ਆਦਿ ਨੇ ਕਿਹਾ ਕਿ ਮੰਡੀਆਂ ’ਚ ਕਿਸਾਨਾਂ ਦੇ ਬੈਠਣ ਤੇ ਪਖਾਨਿਆਂ ਦਾ ਕੋਈ ਪੁਖਤਾ ਪ੍ਰਬੰਧ ਨਹੀਂ ਹੈ।

ਸਾਰੀ ਮੰਡੀ ’ਚ ਸਿਰਫ ਤਿੰਨ ਹੀ ਪਖਾਨੇ ਬਣਾਏ ਗਏ ਹਨ, ਜਦਕਿ ਇੱਥੇ ਕੰਮ ਕਰਦੇ ਮਜ਼ਦੂਰਾਂ ਤੇ ਫਸਲ ਵੇਚਣ ਆਏ ਕਿਸਾਨਾਂ ਦੀ ਗਿਣਤੀ ਸੈਂਕੜਿਆਂ ’ਚ ਹੈ। ਮਜ਼ਦੂਰਾਂ ਨੇ ਚੇਤਾਵਨੀ ਸੁਰ ’ਚ ਕਿਹਾ ਕਿ ਜੇਕਰ ਚੁਕਾਈ ਦਾ ਕੰਮ, ਪਖਾਨਿਆਂ ਤੇ ਹੋਰ ਲੋੜੀਂਦੇ ਪ੍ਰਬੰਧ ਤੁਰੰਤ ਨਾ ਕੀਤੇ ਗਏ ਤਾਂ ਉਨ੍ਹਾਂ ਵੱਲੋਂ ਲੁਧਿਆਣਾ-ਬਠਿੰਡਾ ਮੁੱਖ ਮਾਰਗ ਜਾਮ ਕਰਕੇ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਸਮੇਂ ਮੇਹਰ ਸਿੰਘ, ਰੂਪ ਸਿੰਘ, ਜਸਵੀਰ ਸਿੰਘ, ਸੁਖਦੀਪ ਸਿੰਘ, ਬੂਟਾ ਸਿੰਘ, ਕੁਲਦੀਪ ਸਿੰਘ, ਬਹਾਦਰ ਸਿੰਘ, ਹਰਮੇਸ਼ ਕੁਮਾਰ, ਪਵਨ ਕੁਮਾਰ ਆਦਿ ਹਾਜ਼ਰ ਸਨ।

# ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਵੱਲੋਂ ਮੈਡੀਕਲ ਸੁਪਰਡੈਂਟ ਖਿਲਾਫ ਰੋਸ ਪ੍ਰਦਰਸ਼ਨ

## ਭਲਕੇ ਸਿਹਤ ਮੰਤਰੀ ਦਫਤਰ ਅੱਗੇ ਦੇਵਾਂਗੇ ਧਰਨਾ : ਦਰਸ਼ਨ ਲੁਬਾਣਾ



**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਜ਼ਿਲ੍ਹਾ ਸ਼ਾਖਾ ਵੱਲੋਂ ਸਰਕਾਰੀ ਮਾਤਾ ਕੁਸ਼ਲਿਆ ਹਸਪਤਾਲ ਵਿਖੇ ਮੈਡੀਕਲ ਸੁਪਰਡੈਂਟ ਵੱਲੋਂ ਕੰਟਰੈਕਟ/ਆਊਟ ਸੋਰਸ ਚੌਥਾ ਦਰਜਾ ਕਰਮਚਾਰੀਆਂ ਦੀਆਂ ਮੰਗਾਂ ਨੂੰ ਅੱਖੋਂ ਓਹਲੇ ਕਰਨ ਤੇ ਠੇਕੇਦਾਰਾਂ ਦੀ ਲੁੱਟ ਖਸੁੱਟ ਨੂੰ ਬਚਾਉਣ ਲਈ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ ਤੇ ਸੰਘਰਸ਼ 10 ਅਪ੍ਰੈਲ ਤੋਂ ਪੜਾਅਵਾਰ ਜਾਰੀ ਹੈ। ਇੱਥੇ ਮੈਡੀਕਲ ਸੁਪਰਡੈਂਟ ਦਫਤਰ ਅੱਗੇ ਰੋਸਮਈ ਧਰਨਾ ਦੇ ਮੁੜ ਕੀਤਾ ਪਿੱਟ ਸਿਆਪਾ ਕੀਤਾ, ਪ੍ਰੰਤੂ ਮੈਡੀਕਲ ਸੁਪਰਡੈਂਟ ਹਸਪਤਾਲ ਛੱਡ ਕੇ ਚਲੇ ਗਏ। ਹਸਪਤਾਲ ਕੰਪਲੈਕਸ ਵਿਖੇ ਰੈਲੀ ਕਰਕੇ ਆਗੂਆਂ ਵੱਲੋਂ ਐਲਾਨ ਕੀਤਾ ਗਿਆ ਕਿ ਸਿਹਤ ਮੰਤਰੀ ਦਾ ਧਿਆਨ ਮੁੜ ਦਿਵਾਉਣ ਲਈ 22 ਅਪ੍ਰੈਲ ਨੂੰ ਉਨ੍ਹਾਂ ਦੇ ਦਫਤਰ ਪੰਚਾਇਤ ਭਵਨ ਵਿਖੇ ਧਰਨਾ ਦੇ ਕੇ ਨਿੱਜੀ ਰਿਹਾਇਸ਼ੀ ਵੱਲ ਝੰਡਾ ਮਾਰਚ ਕੀਤਾ ਜਾਵੇਗਾ। ਇਸ ਮੌਕੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਦੱਸਿਆ ਕਿ 15 ਅਪ੍ਰੈਲ ਨੂੰ ਮੰਤਰੀ ਜੀ ਨਾਲ ਟੈਲੀਫੋਨ ’ਤੇ ਹੋਈ ਗੱਲਬਾਤ ਦੌਰਾਨ ਭਰੋਸਾ ਦਿੱਤਾ ਗਿਆ ਸੀ ਕਿ ਮੈਡੀਕਲ ਸੁਪਰਡੈਂਟ ਨੂੰ ਕਿਹਾ ਗਿਆ ਹੈ ਕਿ ਮੰਗਾਂ ’ਤੇ ਗੱਲਬਾਤ ਕਰਕੇ ਨਿਪਟਾਰਾ ਕੀਤਾ ਜਾਵੇ, ਪ੍ਰੰਤੂ ਮੈਡੀਕਲ ਸੁਪਰਡੈਂਟ ਨੇ ਮੰਤਰੀ ਜੀ ਦੇ ਆਦੇਸ਼ਾਂ ਨੂੰ ਵੀ ਅੱਖੋਂ ਪਰੋਖੇ ਕਰ ਦਿੱਤਾ ਹੈ। ਇਸ ਲਈ ਦਫਤਰ ਤੇ ਰਿਹਾਇਸ਼ ਅੱਗੇ ਰੋਸ ਪ੍ਰਗਟ ਕਰਕੇ ਮਾਮਲਾ ਮੁੜ ਧਿਆਨ ਵਿੱਚ ਲਿਆਂਦਾ ਜਾਵੇਗਾ। ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਦੀਪ ਚੰਦ ਹੰਸ, ਬਲਜਿੰਦਰ ਸਿੰਘ, ਜਗਮੋਹਨ ਸਿੰਘ ਨੋਲੱਖਾ, ਮਾਧੋ ਲਾਲ ਰਾਹੀ, ਰਾਮ ਲਾਲ ਰਾਮਾ, ਅਨਿਲ ਗਾਗਟ, ਜਗਤਾਰ ਬਾਬਾ, ਹਰਬੰਸ ਸਿੰਘ, ਦਰਸ਼ਨ ਮਲੇਵਾਲ, ਅਜੈ ਸਿੱਪਾ, ਅਰੁਣ ਕੁਮਾਰ, ਕਿਰਨ ਪਾਲ, ਸ਼ਾਮ ਸਿੰਘ, ਇੰਦਰਪਾਲ ਵਾਲਿਆ, ਪ੍ਰਕਾਸ਼ ਸਿੰਘ ਲੁਬਾਣਾ, ਸਤਿਨਰਾਇਣ ਗੋਨੀ, ਧਰਮਿੰਦਰ, ਤਰਲੋਚਨ ਮਾੜੂ, ਮਮਤਾਜ, ਸੁਨੀਤਾ, ਮੀਨੂੰ, ਤਰਲੋਚਨ ਮੰਡੋਲੀ, ਹਰਜੀਤ ਕੌਰ ਆਦਿ ਹਾਜ਼ਰ ਸਨ।

## ਕਾਤਰਾਂ

### ਟਿਕਟ ਚੈਕਿੰਗ ਸਟਾਫ਼ ਨੇ ਗੱਡੀ ’ਚ ਗੁੰਮ ਹੋਇਆ ਮੋਬਾਈਲ ਯਾਤਰੀ ਨੂੰ ਸੌਂਪਿਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀਤੀ 18 ਅਪ੍ਰੈਲ 2023 ਨੂੰ ਟਰੇਨ ਨੰਬਰ 19223 (ਜੰਮੂ ਤਵੀ ਐਕਸਪ੍ਰੈਸ) ਜੋ ਕਿ ਅਹਿਮਦਾਬਾਦ ਤੋਂ ਜੰਮੂ ਤਵੀ ਜਾ ਰਹੀ ਸੀ, ਫ਼ਿਰੋਜ਼ਪੁਰ ਕੈਂਟ ਵਿਖੇ ਟੀਟੀਆਈ ਕੁਲਦੀਪ ਸਿੰਘ ਮੁੱਖ ਦਫ਼ਤਰ ਨੂੰ ਟਿਕਟ ਚੈਕਿੰਗ ਦੌਰਾਨ ਇੱਕ ਯਾਤਰੀ ਦਾ ਮੋਬਾਇਲ ਫੋਨ ਮਿਲਿਆ। ਟੀਟੀਆਈ ਕੁਲਦੀਪ ਸਿੰਘ ਨੇ ਕਾਫੀ ਕੋਸ਼ਿਸ਼ ਕਰਕੇ ਯਾਤਰੀ ਦਾ ਮੋਬਾਈਲ ਨੰਬਰ ਉਪਲਬੱਧ ਕੀਤਾ, ਫਿਰ ਉਸ ਮੋਬਾਈਲ ਦੇ ਮਾਲਕ ਨਾਲ ਸੰਪਰਕ ਕੀਤਾ ਤਾਂ ਉਸ ਨੇ ਦੱਸਿਆ ਕਿ ਗਲਤੀ ਨਾਲ ਜਲਦਬਾਜ਼ੀ ’ਚ ਟਰੇਨ ’ਚੋਂ ਉਤਰਦੇ ਸਮੇਂ ਉਸ ਦਾ ਮੋਬਾਇਲ ਟਰੇਨ ’ਚ ਹੀ ਰਹਿ ਗਿਆ ਸੀ।ਵਾਪਸੀ ਵਿੱਚ ਟੀਟੀਆਈ ਕੁਲਦੀਪ ਸਿੰਘ ਨੇ 19 ਅਪ੍ਰੈਲ 2023 ਨੂੰ ਰੇਲ ਗੱਡੀ ਨੰਬਰ 19224 (ਅਹਿਮਦਾਬਾਦ ਐਕਸਪ੍ਰੈਸ) ਵਿਚ ਬਠਿੰਡਾ ਜਾ ਕੇ ਉਸ ਯਾਤਰੀ ਨੂੰ ਮੋਬਾਈਲ ਵਾਪਸ ਕਰ ਦਿੱਤਾ। ਮੋਬਾਈਲ ਮਿਲਣ ਤੋਂ ਬਾਅਦ ਯਾਤਰੀ ਨੇ ਟੀਟੀਆਈ ਕੁਲਦੀਪ ਸਿੰਘ ਤੇ ਰੇਲਵੇ ਵਿਭਾਗ ਦੀ ਪ੍ਰਸੰਸਾ ਕੀਤੀ ਅਤੇ ਧੰਨਵਾਦ ਕੀਤਾ।ਇਸ ਸ਼ਲਾਘਾਯੋਗ ਕੰਮ ਲਈ ਸੀਨੀਅਰ ਡਿਵੀਜ਼ਨਲ ਕਮਰਸ਼ੀਅਲ ਮੈਨੇਜਰ ਸ਼ੁਭਮ ਕੁਮਾਰ ਨੇ ਟੀਟੀਆਈ ਨੂੰ ਸਨਮਾਨਤ ਤੇ ਪ੍ਰਸੰਸਾ ਪੱਤਰ ਦਿੱਤਾ।

### ਐੱਸ ਡੀ ਐੱਮ ਵੱਲੋਂ ਚੈਕਿੰਗ ਮੁਹਿੰਮ ਦੇ ਨਿਰਦੇਸ਼

**ਬਰਨਾਲਾ (ਰਾਜਿੰਦਰ ਬਰਾੜ, ਰਾਕੇਸ਼ ਨੀਟਾ)**-ਉਪ ਮੰਡਲ ਮੈਜਿਸਟ੍ਰੇਟ ਬਰਨਾਲਾ ਗੋਪਾਲ ਸਿੰਘ ਵੱਲੋਂ ਇੱਥੇ ਆਪਣੇ ਦਫ਼ਤਰ ਵਿਖੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਟ੍ਰੈਫਿਕ ਪੁਲਸ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਐੱਸ ਡੀ ਐੱਮ ਨੇ ਆਖਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਚਿਆਂ ਦੇ ਵਾਹਨਾਂ ਦੇ ਲੋੜੀਂਦੇ ਮਾਪਦੰਡ ਯਕੀਨੀ ਬਣਾਏ ਜਾਣ ਤਾਂ ਜੋ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸਕੂਲ ਵਾਹਨਾਂ ਦੀ ਚੈਕਿੰਗ ਲਈ ਆਉਂਦੇ ਦਿਨੀਂ ਟ੍ਰੈਫਿਕ ਪੁਲਸ ਤੇ ਡੀ.ਸੀ.ਪੀ.ਓ. ਅਫਸਰ ਦੀ ਟੀਮ ਵੱਲੋਂ ਸਾਂਝੀ ਚੈਕਿੰਗ ਮੁਹਿੰਮ ਵਿੱਢੀ ਜਾਵੇ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਅਭਿਸ਼ੇਕ ਸਿੰਗਲਾ ਤੇ ਟ੍ਰੈਫਿਕ ਇੰਚਾਰਜ ਹਰਵਿੰਦਰ ਸਿੰਘ ਹਾਜ਼ਰ ਸਨ।

### ਡੇਅਰੀ ਸਿਖਲਾਈ ਦਾ ਪਲੇਠਾ ਬੈਚ ਪਹਿਲੀ ਤੋਂ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਸਹਾਇਕ ਧੰਦਿਆਂ ਨੂੰ ਉਤਸ਼ਾਹਤ ਕਰਨ ਦੇ ਮੰਤਵ ਨਾਲ ਸੂਬੇ ਦੇ ਦੁੱਧ ਉਤਪਾਦਕਾਂ ਤੇ ਡੇਅਰੀ ਫਾਰਮਰਾਂ ਲਈ ਪਹਿਲੀ ਮਈ ਤੋਂ ਡੇਅਰੀ ਸਿਖਲਾਈ ਦੇਣ ਲਈ ਬੈਚ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਰਣਦੀਪ ਸਿੰਘ ਹਾਂਡਾ ਨੇ ਦੱਸਿਆ ਕਿ ਡੇਅਰੀ ਉੱਦਮ ਸਿਖਲਾਈ ਪ੍ਰੋਗਰਾਮ ਦੀ ਕਾਊਂਸਲਿੰਗ 26 ਅਪ੍ਰੈਲ 2023 ਨੂੰ ਦਫਤਰ ਡੇਅਰੀ ਸਿਖਲਾਈ ਕੇਂਦਰ ਅਬੁੱਲਖੁਰਾਣਾ ਵਿਖੇ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਟ੍ਰੇਨਿੰਗ ਵਿੱਚ ਭਾਗ ਲੈਣ ਵਾਲਾ ਸਿਖਿਆਰਥੀ ਘੱਟੋਂ-ਘੱਟ ਦਸਵੀਂ ਪਾਸ ਹੋਵੇ, ਉਮਰ 18 ਸਾਲ ਤੋਂ ਵੱਧ ਤੇ 50 ਸਾਲ ਤੋਂ ਘੱਟ ਹੋਵੇ ਤੇ ਦਿਹਾਤੀ ਖੇਤਰ ਦਾ ਵਸਨੀਕ ਹੋਵੇ। ਉਨ੍ਹਾਂ ਦੱਸਿਆ ਕਿ ਚਾਹਵਾਨ ਸਿਖਿਆਰਥੀ ਆਪਣੇ ਦਸਤਾਵੇਜ਼ ਜਿਵੇਂ ਯੋਗਤਾ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਤੇ ਇੱਕ ਪਾਸਪੋਰਟ ਸਾਈਜ਼ ਫੋਟੋ ਨਾਲ ਦਫਤਰ ਵਿਖੇ ਸੰਪਰਕ ਕਰਨ ਤੇ ਪ੍ਰਾਸਪੈਕਟਸ ਲੈ ਕੇ ਫਾਰਮ ਭਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਮੋਬਾਈਲ ਨੰਬਰ 84274-60101 (ਮਨਪ੍ਰੀਤ ਸਿੰਘ) ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮੁੱਖ ਮੰਤਰੀ ਦੇ ਐਲਾਨਾਂ ਦੀਆਂ ਪਨਗ੍ਰੇਨ ਅਧਿਕਾਰੀਆਂ ਉਡਾਈਆਂ ਧੱਜੀਆਂ !

- 10-15 ਸਾਲ ਦੀ ਸਰਵਿਸ ਵਾਲੇ ਸਕਿਊਰਿਟੀ ਗਾਰਡਾਂ ਦੀ ਕੀਤੀ ਛਾਂਟੀ
- ਜਥੇਬੰਦੀ ਵੱਲੋਂ ਛਾਂਟੀ ਕੀਤੇ ਕਿਰਤੀਆਂ ਦੀ ਤੁਰੰਤ ਬਹਾਲੀ ਦੀ ਮੰਗ

**ਧੂਰੀ (ਬਿੰਨੀ ਗਰਗ, ਰਜੇਸ਼ਵਰ ਪਿੰਟੂ, ਸੁਖਦੇਵ ਧੂਰੀ)**-ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (ਖੁਰਾਕ ਤੇ ਸਪਲਾਈਜ਼ ਵਿਭਾਗ ਸਟੇਟ ਸਬ ਕਮੇਟੀ ਪੰਜਾਬ) ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਸੀਨੀ: ਵਾਈਸ ਪ੍ਰਧਾਨ ਪ੍ਰਵੀਨ ਕੁਮਾਰ ਫਿਰੋਜ਼ਪੁਰ, ਮੀਤ ਪ੍ਰਧਾਨ ਗੁਰਮੀਤ ਸਿੰਘ ਮਿੱਡਾ, ਜਨਰਲ ਸਕੱਤਰ ਬਲਜਿੰਦਰ ਸਿੰਘ ਪਟਿਆਲਾ, ਐਡੀ: ਜਨਰਲ ਸਕੱਤਰ ਸੋਹਣ ਲਾਲ ਪੰਛੀ, ਜਾਇੰਟ ਸਕੱਤਰ ਹੰਸ ਰਾਜ ਦੀਦਾਰਗੜ੍ਹ, ਵਿੱਤ ਸਕੱਤਰ ਸੌਦਾਨ ਸਿੰਘ ਯਾਦਵ ਤੇ ਚੇਅਰਮੈਨ ਹਰਭਗਵਾਨ ਮੁਕਤਸਰ ਨੇ ਦੱਸਿਆ ਕਿ ਇੱਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਊਟ ਸੋਰਸ ਮੁਲਾਜ਼ਮਾਂ ਨੂੰ ਵਿਭਾਗ ਅੰਦਰ ਲਿਆ ਕੇ ਪੱਕਾ ਕਰਨ ਦੇ ਬਿਆਨ ਜਾਰੀ ਕਰ ਰਹੇ ਹਨ, ਦੂਜੇ ਪਾਸੇ ਪਨਗ੍ਰੇਨ ਦੇ ਅਧਿਕਾਰੀਆਂ ਵੱਲੋਂ 10-15 ਸਾਲ ਦੀ ਸਰਵਿਸਜ਼ ਵਾਲੇ ਸਕਿਊਰਿਟੀ ਗਾਰਡਾਂ ਦੀ ਛਾਂਟੀ ਕਰਕੇ ਅਪਣਾ ਉੱਲੂ ਸਿੱਧਾ ਕਰਨ ਲਈ ਨਵੀਂ ਭਰਤੀ ਕੀਤੀ ਜਾ ਰਹੀ ਹੈ, ਜੋ ਕਿ ਕਿਰਤ ਕਾਨੂੰਨਾਂ ਦੀ ਉਲੰਘਣਾ ਹੈ। ਸਾਥੀ ਰਣਜੀਤ ਸਿੰਘ ਰਾਣਵਾਂ, ਬਲਜਿੰਦਰ ਸਿੰਘ ਤੇ ਹਰਭਗਵਾਨ ਮੁਕਤਸਰ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪੱਕਾ ਕਰਨ ਦੇ ਕੀਤੇ ਵਾਅਦੇ ਨੂੰ ਪੂਰਾ ਕਰਨ ਦੀ ਉਡੀਕ ਕਰਦੇ ਇਨ੍ਹਾਂ ਪੁਰਾਣੇ ਸੈਂਕੜੇ ਸਕਿਊਰਿਟੀ ਗਾਰਡਾਂ ਦੀ ਪਨਗ੍ਰੇਨ ਅਧਿਕਾਰੀਆਂ ਵੱਲੋਂ ਛਾਂਟੀ ਕਰਕੇ ਜਿੱਥੇ ਕਿਰਤ ਕਾਨੂੰਨਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ, ਓਥੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਸੋਸ਼ਲ ਮੀਡੀਆ ’ਤੇ ਘੁੰਮ ਰਹੀਆਂ ਵੀਡੀਓ ’ਚ ਕੱਚੇ, ਠੇਕਾ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਕੀਤੇ ਐਲਾਨਾਂ ਦੀਆਂ ਵੀ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਆਗੂਆਂ ਨੇ ਕਿਹਾ ਕਿ ਕਿਰਤੀਆਂ ਦੀ ਇਸ ਗੈਰ-ਕਾਨੂੰਨੀ ਛਾਂਟੀ ਨਾਲ ਸੈਂਕੜਿਆਂ ਦੀ ਗਿਣਤੀ ਵਿੱਚ ਗਰੀਬ ਪ੍ਰਵਾਰਾਂ ਦੇ ਢਿੱਡ ’ਤੇ ਲੱਤ ਵੱਜ ਗਈ ਹੈ, ਇਸ ਲਈ ਪੰਜਾਬ ਦੇ ਮੁੱਖ ਮੰਤਰੀ ਤੇ ਖੁਰਾਕ ਸਪਲਾਈ ਮੰਤਰੀ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਸ ਗੈਰ-ਕਾਨੂੰਨੀ ਛਾਂਟੀ ਨੂੰ ਤੁਰੰਤ ਰੋਕਿਆ ਜਾਵੇ ਤੇ ਰਾਜ ਭਰ ਵਿੱਚ ਪਨਗ੍ਰੇਨ ਦੇ ਛਾਂਟੀ ਕੀਤੇ ਸੀਨੀਅਰ (10-15 ਸਾਲ ਦੀ ਸਰਵਿਸ ਵਾਲੇ) ਸਕਿਊਰਿਟੀ ਗਾਰਡਾਂ ਨੂੰ ਤੁਰੰਤ ਡਿਊਟੀ ’ਤੇ ਲਿਆ ਜਾਵੇ ਅਤੇ ਕਣਕ ਡਿਸਪੈਚ ਹੋਣ ਤੇ ਲਾਸਟ ਇੰਨ ਫਾਸਟ ਗੋਅ ਦੀ ਨੀਤੀ ਅਪਣਾਈ ਜਾਵੇ ਸਕਿਊਰਿਟੀ ਗਾਰਡਾਂ ਤੋਂ ਲੇਬਰ ਦਾ ਕੰਮ ਲੈਣਾ ਤੁਰੰਤ ਬੰਦ ਕੀਤਾ ਜਾਵੇ, ਮਾਰਚ 2020 ਤੋਂ ਵਧੀਆਂ ਉਜ਼ਰਤਾਂ ਦਾ ਬਕਾਇਆ ਤੁਰੰਤ ਦਿੱਤਾ ਜਾਵੇ, ਕਿਰਤ ਕਾਨੂੰਨਾਂ ਮੁਤਾਬਕ ਬਣਦੀਆਂ ਸਹੂਲਤਾਂ ਯਕੀਨੀ ਬਣਾਈਆਂ ਜਾਣ, ਠੇਕਾ ਕੰਪਨੀਆਂ ਬਦਲਣ ਤੇ ਕਿਰਤੀਆਂ ਨੂੰ ਬਦਲਣ ਦੀ ਨੀਤੀ ਤੁਰੰਤ ਬੰਦ ਕੀਤੀ ਜਾਵੇ। ਰਾਣਵਾਂ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਤੁਰੰਤ ਨੋਟਿਸ ਲੈਂਦਿਆਂ ਛਾਂਟੀ ਕੀਤੇ ਸਾਰੇ ਪੁਰਾਣੇ ਸਕਿਊਰਿਟੀ ਗਾਰਡਾਂ ਨੂੰ ਕੰਮ ’ਤੇ ਨਾ ਲਿਆ ਤਾਂ ਜਥੇਬੰਦੀ ਨੂੰ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਣਾ ਪਵੇਗਾ।

# ਸ਼ਰਾਰਤੀ ਅਨਸਰਾਂ ਵੱਲੋਂ ਡੀ ਏ ਵੀ ਸਕੂਲ ’ਚ ਹੰਗਾਮਾ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡੀ ਏ ਵੀ ਸਕੂਲ ਸਮਾਣਾ ਵਿੱਚ ਇੱਕ ਮੈਡਮ ਤੇ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਕੁਝ ਬਾਹਰੀ ਸ਼ਰਾਰਤੀ ਅਨਸਰਾਂ ਨਾਲ ਮਿਲ ਕੇ ਸਕੂਲ ਵਿੱਚ ਹੰਗਾਮਾ ਕੀਤਾ ਗਿਆ। ਸਕੂਲ ਵਿੱਚ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਦੀ ਗੈਰ-ਹਾਜ਼ਰੀ ਵਿੱਚ ਸੋਚੀ ਸਮਝੀ ਸਾਜ਼ਿਸ਼ ਤਹਿਤ ਸਕੂਲ ਦੇ ਮਾਹੌਲ ਨੂੰ ਖਰਾਬ ਕਰਨ ਲਈ ਇਹ ਸਾਰਾ ਡਰਾਮਾ ਰਚਿਆ ਗਿਆ। ਸਕੂਲ ਦੇ ਪ੍ਰਿੰਸੀਪਲ ਤੇ ਅਧਿਆਪਕਾਂ ਖਿਲਾਫ਼ ਮੁਰਦਾਬਾਦ ਦੇ ਨਾਅਰੇ ਲਗਾਏ ਗਏ ਅਤੇ ਗਾਲੀ-ਗਲੋਚ ਕੀਤਾ ਗਿਆ। ਇਹ ਮੈਡਮ ਸਕੂਲ ਵਿੱਚ ਕਾਫ਼ੀ ਸਮੇਂ ਤੋਂ ਗੈਰ-ਹਾਜ਼ਰ ਹੈ, ਜਿਸ ਕਾਰਨ ਸਕੂਲ ਦੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਜਦੋਂ ਸਕੂਲ ਵਿੱਚ ਪੁਲਸ ਤੇ ਪੱਤਰਕਾਰ ਪਹੁੰਚੇ ਤਾਂ ਉਨ੍ਹਾਂ ਨੇ ਸੀ ਸੀ ਟੀ ਵੀ ਦੀ ਫੁਟੇਜ ਦੇਖੀ ਤਾਂ ਪਰਦਾਫਾਸ਼ ਹੋਇਆ ਕਿ ਕਿਸ ਤਰ੍ਹਾਂ ਉਕਤ ਮੈਡਮ ਤੇ ਅਣਪਛਾਤੇ ਲੋਕਾਂ ਵੱਲੋਂ ਇਹ ਸਾਰਾ ਡਰਾਮਾ ਰਚਿਆ ਗਿਆ, ਜੋ ਇਹ ਵੀਡੀਓ ਉਨ੍ਹਾਂ ਵੱਲੋਂ ਸੋਸ਼ਲ ਮੀਡੀਆ ’ਤੇ ਸ਼ੇਅਰ ਕੀਤੀ ਗਈ ਹੈ, ਇਹ ਸਭ ਕੁਝ ਝੂਠ ਹੈ। ਇਹ ਸਿਰਫ ਸੰਸਥਾ ਤੇ ਸਕੂਲ ਪ੍ਰਿੰਸੀਪਲ ਨੂੰ ਬਦਨਾਮ ਕਰਨ ਲਈ ਸੋਚ ਸਮਝ ਕੇ ਰਚੀ ਗਈ ਸਾਜ਼ਿਸ਼ ਹੈ। ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਨੇ ਕਿਹਾ ਕਿ ਅੱਜ ਮੈਂ ਸਕੂਲ ਵਿੱਚੋਂ ਛੁੱਟੀ ਲਈ ਹੋਈ ਸੀ ਤੇ ਪਿੱਛੋਂ ਸਾਜ਼ਿਸ਼ ਦੇ ਤਹਿਤ ਮੈਨੂੰ ਬਦਨਾਮ ਕਰਨ ਲਈ ਇਹ ਸਾਰਾ ਝੂਠਾ ਡਰਾਮਾ ਰਚਿਆ ਗਿਆ।

ਮੌਕੇ ’ਤੇ ਪਹੁੰਚੀ ਪੁਲਸ ਤੇ ਪੱਤਰਕਾਰਾਂ ਨੂੰ ਸਾਰੇ ਪੁਖਤਾ ਸਬੂਤ, ਜੋ ਸੀ ਸੀ ਟੀ ਵੀ ਵਿੱਚ ਕੈਦ ਸੀ, ਦਿੱਤੇ ਗਏ ਹਨ। ਉਨ੍ਹਾ ਕਿਹਾ ਕਿ ਮੇਰੇ ਤੇ ਮੇਰੇ ਸਕੂਲ ਸਟਾਫ਼ ਵੱਲੋਂ ਪ੍ਰਸ਼ਾਸਨ ਨੂੰ ਬੇਨਤੀ ਹੈ ਕਿ ਇਸ ਅਧਿਆਪਕਾ ਤੇ ਲੋਕਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

# ਪੀ ਐੱਸ ਯੂ ਨੇ ਕੇਂਦਰ ਤੇ ਯੂ ਪੀ ਸਰਕਾਰ ਦਾ ਪੁਤਲਾ ਫੂਕਿਆ

## ਸਿਲੇਬਸ ਤਬਦੀਲੀ ਖਿਲਾਫ ਵਿਦਿਆਰਥੀਆਂ ਨੇ ਕੀਤੀ ਨਾਅਰੇਬਾਜ਼ੀ




ਵਿਦਿਆਰਥੀ ਕੇਂਦਰ ਤੇ ਯੂ ਪੀ ਸਰਕਾਰ ਦਾ ਪੁਤਲਾ ਫੂਕਦੇ ਹੋਏ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪੰਜਾਬ ਸਟੂਡੈਂਟਸ ਯੂਨੀਅਨ ਨੇ ਯੂ ਪੀ ਸਰਕਾਰ ਵੱਲੋਂ ਸਿਲੇਬਸ ਤਬਦੀਲ ਕੀਤੇ ਜਾਣ ਦੇ ਖਿਲਾਫ ਸੂਬਾ ਪੱਧਰੀ ਸੱਦੇ ਤਹਿਤ ਸਰਕਾਰੀ ਕਿਰਤੀ ਕਾਲਜ ਨਿਆਲ (ਪਾਤੜਾਂ) ਵਿਖੇ ਕੇਂਦਰ ਤੇ ਯੂ ਪੀ ਸਰਕਾਰ ਦਾ ਪੁਤਲਾ ਫੂਕਿਆ। ਇਕੱਤਰ ਹੋਏ ਵਿਦਿਆਰਥੀਆਂ ਨੇ ਕੇਂਦਰ ਤੇ ਯੂ ਪੀ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਪੀ ਐੱਸ ਯੂ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਨਾਈਵਾਲਾ ਤੇ ਕਾਲਜ ਕਮੇਟੀ ਇੰਚਾਰਜ ਗੁਰਜੰਟ ਨਾਈਵਾਲਾ ਨੇ ਕਿਹਾ ਹੈ ਕਿ ਕੇਂਦਰ ਤੇ ਯੂ ਪੀ ਦੀ ਭਾਜਪਾ ਸਰਕਾਰ ਆਰ ਐੱਸ ਐੱਸ ਤੇ ਕਾਰਪੋਰੇਟ ਦੇ ਇਸ਼ਾਰੇ ਤੇ ਚੱਲ ਕੇ ਸਿੱਖਿਆ ਦਾ ਭਗਵਾਂਕਰਨ ਕਰ ਰਹੀ ਹੈ। ਉਨ੍ਹਾਂ ਕਿਹਾ ਹੈ ਕਿ ਪਿਛਲੇ ਸਮੇਂ ਦੌਰਾਨ ਕੰਨੜ ਦੀਆਂ ਪਾਠ ਪੁਸਤਕਾਂ ਵਿੱਚੋਂ ਸਿਲੇਬਸ ਤਬਦੀਲ ਕਰਨ ਤੋਂ ਬਾਅਦ ਹੁਣ ਯੂ ਪੀ ਸਰਕਾਰ ਅਪਣੇ ਏਜੰਡੇ ਨੂੰ ਲਾਗੂ ਕਰ ਰਹੀ ਹੈ। ਐੱਨ ਸੀ ਈ ਆਰ ਟੀ ਵੱਲੋਂ 12ਵੀਂ ਜਮਾਤ ਦੀ ਇਤਿਹਾਸ ਦੀ ਪਾਠ ਪੁਸਤਕ ਵਿੱਚੋਂ ਮੁਗ਼ਲ ਕਾਲ ਨਾਲ ਸਬੰਧਤ ਅਧਿਆਏ ਨੂੰ ਹਟਾਇਆ ਗਿਆ ਹੈ। ਗਿਆਰਵੀਂ ਜਮਾਤ ਦੇ ਸਿਲੇਬਸ ਵਿੱਚ ਇਸਲਾਮ ਦੇ ਉਭਾਰ, ਉਦਯੋਗਿਕ ਕ੍ਰਾਂਤੀ ਆਦਿ ਵਿਸ਼ਿਆਂ ਨੂੰ ਹਟਾਇਆ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਵਿਦਿਆਰਥੀਆਂ ਦਾ ਕੰਮ ਸਿਰਫ ਅਪਣੇ ਸਲੇਬਸ ਨੂੰ ਪੜ੍ਹਨਾ ਹੀ ਨਹੀਂ ਜਾਂ ਸਿਰਫ ਵਿੱਦਿਅਕ ਸੰਸਥਾਵਾਂ ਵਿੱਚ ਹਾਜ਼ਰੀ ਪੂਰੀ ਕਰਨਾ ਹੀ ਨਹੀਂ। ਜੇਕਰ ਸਮਾਜ ਦੇ ਵਿੱਚ ਕੋਈ ਧੱਕਾ ਹੁੰਦਾ ਹੈ ਤਾਂ ਉਸ ਦੇ ਖਿਲਾਫ ਅਵਾਜ਼ ਉਠਾਉਣਾ ਵੀ ਵਿਦਿਆਰਥੀਆਂ ਦਾ ਫਰਜ਼ ਹੈ। ਯੂ ਪੀ ਸਰਕਾਰ ਨੇ ਉਕਤ ਫੈਸਲੇ ਨੂੰ ਵਾਪਸ ਨਾ ਲਿਆ ਤਾਂ ਵਿਦਿਆਰਥੀ ਵਰਗ ਵੱਲੋਂ ਜ਼ੋਰਦਾਰ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਰਵੀ, ਹਰਪ੍ਰੀਤ, ਰੱਜੀ, ਪ੍ਰਿਤਪਾਲ, ਬਿੰਦੂ, ਪ੍ਰੀਤ, ਹਨੀ, ਪਿੰਕੀ, ਵਿੱਕੀ, ਮਨਪ੍ਰੀਤ, ਰਾਜਦੀਪ ਆਦਿ ਹਾਜ਼ਰ ਸਨ।

# ਚੋਰੀ ਦੇ 3 ਮੋਟਰਸਾਈਕਲਾਂ ਤੇ 2 ਮੋਬਾਇਲਾਂ ਸਣੇ 3 ਕਾਬੂ



ਪੁਲਸ ਵੱਲੋਂ ਕਾਬੂ ਮੁਲਜ਼ਮ, ਬਰਾਮਦ ਮੋਟਰਸਾਈਕਲ ਤੇ ਮੋਬਾਇਲਾਂ ਸਣੇ ਪੁਲਸ ਪਾਰਟੀ ਨਾਲ।

**ਤਪਾ ਮੰਡੀ (ਅਰੁਣ ਗੋਇਲ)**-ਤਪਾ ਪੁਲਸ ਨੇ ਤਿੰਨ ਚੋਰਾਂ ਨੂੰ ਤਿੰਨ ਮੋਟਰਸਾਈਕਲਾਂ ਤੇ 2 ਮੋਬਾਇਲਾਂ ਸਣੇ ਕਾਬੂ ਕਰਨ ’ਚ ਸਫਲਤਾ ਹਾਸਲ ਕੀਤੀ ਹੈ। ਡੀ.ਐੱਸ.ਪੀ. ਤਪਾ ਰਵਿੰਦਰ ਸਿੰਘ ਰੰਧਾਵਾ ਨੇ ਅਪਣੇ ਦਫਤਰ ’ਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਐੱਸ.ਐੱਸ.ਪੀ. ਬਰਨਾਲਾ ਸ੍ਰੀ ਸੰਦੀਪ ਮਲਿਕ ਦੇ ਨਿਰਦੇਸ਼ਾਂ ’ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਮੁਹਿੰਮ ਦੌਰਾਨ ਚੌਕੀ ਇੰਚਾਰਜ ਗੁਰਪਾਲ ਸਿੰਘ ਦੀ ਅਗਵਾਈ ’ਚ ਸ਼ੱਕੀ ਪੁਰਸ਼ਾਂ ਤੇ ਵਹੀਕਲਾਂ ਦੇ ਸੰਬੰਧ ਦਰਾਜ ਫਾਟਕ ਤਪਾ ਮੌਜੂਦ ਸੀ, ਕਿਸੇ ਨੇ ਇਤਲਾਹ ਦਿੱਤੀ ਕਿ ਗੁਰਪ੍ਰੀਤ ਸਿੰਘ ਪੁੱਤਰ ਬੂਟਾ ਸਿੰਘ, ਕਮਲਪ੍ਰੀਤ ਸਿੰਘ ਉਰਫ ਰੂਬੀ ਵਾਸੀਆਨ ਮੰਡੀ ਕਲਾਂ ਤੇ ਲਵਪ੍ਰੀਤ ਸਿੰਘ ਉਰਫ ਲਵੀ ਪੁੱਤਰ ਜਸਵੀਰ ਸਿੰਘ ਵਾਸੀ ਮਹਿਰਾਜ ਬਸਤੀ ਰਾਮਪੁਰਾ ਫੂਲ ਜੋ ਵਾਰ-ਵਾਰ ਚੋਰੀਆਂ ਕਰਨ ਦੇ ਆਦੀ ਹਨ, ਜਿਨ੍ਹਾਂ ਤੇ ਪਹਿਲਾਂ ਵੀ ਚੋਰੀ ਦੇ ਮੁਕੱਦਮੇ ਦਰਜ ਹਨ, ਜੋ ਤਿੰਨੋਂ ਅੱਜ ਉਕਤਾਨ ਵਿਅਕਤੀ ਚੋਰੀ ਦੇ ਮੋਟਰਸਾਈਕਲਾਂ ’ਤੇ ਇਲਾਕੇ ’ਚ ਘੁੰਮ ਰਹੇ ਹਨ ਅਤੇ ਚੋਰੀ ਕੀਤੇ ਮੋਟਰਸਾਈਕਲ ਵੇਚਣ ਦੀ ਤਾਕ ’ਚ ਹਨ, ਜੇਕਰ ਹੁਣੇ ਹੀ ਜੇਠੂਕੇ ਰੋਡ ਤਪਾ, ਆਲੀਕੇ ਰੋਡ ਤੇ ਤਪਾ ਸ਼ਹਿਰ ’ਚ ਚੈਕਿੰਗ ਕੀਤੀ ਜਾਵੇ ਤਾਂ ਉਕਤਾਨ ਚੋਰ ਕਾਬੂ ਆ ਸਕਦੇ ਹਨ। ਐੱਸ.ਐੱਚ.ਓ. ਨਿਰਮਲਜੀਤ ਸਿੰਘ ਸੰਧੂ ਤੇ ਚੌਕੀ ਇੰਚਾਰਜ ਗੁਰਪਾਲ ਸਿੰਘ ਸਮੇਤ ਪੁਲਸ ਪਾਰਟੀ ਨੇ ਦੌਰਾਨੇ ਚੈਕਿੰਗ ਉਕਤ ਤਿੰਨਾਂ ਚੋਰਾਂ ਨੂੰ ਤਿੰਨ ਮੋਟਰਸਾਈਕਲਾਂ ਤੇ 2 ਮੋਬਾਇਲਾਂ ਸਣੇ ਕਾਬੂ ਕਰਕੇ ਮੁਕੱਦਮਾ ਦਰਜ ਕਰਕੇ ਅੱਜ ਮਾਣਯੋਗ ਬਰਨਾਲਾ ਕੋਰਟ ’ਚ ਪੇਸ਼ ਕਰਕੇ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ। ਇਸ ਮੌਕੇ ਰੀਡਰ ਡੀ.ਐੱਸ.ਪੀ ਜਗਤਾਰ ਸਿੰਘ, ਧਰਮਿੰਦਰ ਸਿੰਘ, ਅਮਨਿੰਦਰ ਸਿੰਘ ਆਦਿ ਪੁਲਸ ਕਰਮਚਾਰੀ ਹਾਜ਼ਰ ਸਨ।

# ਭੁੱਕੀ ਦਾ ਭਰਿਆ ਟਰਾਲਾ ਫੜਿਆ, ਡਰੱਗ ਮਨੀ ਵੀ ਬਰਾਮਦ

## ਮੁਲਜ਼ਮਾਂ ’ਚੋਂ ਇੱਕ ਖਿਲਾਫ ਪਹਿਲਾਂ ਵੀ ਦਰਜ ਨੇ ਨਸ਼ਾ ਤਸਕਰੀ ਦੇ 2 ਪਰਚੇ



**ਬਰਨਾਲਾ (ਰਾਜਿੰਦਰ ਬਰਾੜ/ਰਾਕੇਸ਼ ਨੀਟਾ)**-ਭੁੱਕੀ (ਚੂਰਾ ਪੋਸਤ) ਦੀ ਵੱਡੀ ਖੇਪ ਫੜਨ ਵਾਲੇ ਪੁਲਸ ਅਧਿਕਾਰੀਆਂ ਦੀ ਪਿੱਠ ਥਪਥਪਾਉਂਦਿਆਂ ਸੰਦੀਪ ਕੁਮਾਰ ਮਲਿਕ ਆਈ ਪੀ ਐੱਸ, ਸੀਨੀਅਰ ਕਪਤਾਨ ਪੁਲਸ ਬਰਨਾਲਾ ਨੇ ਪ੍ਰੈੱਸ ਕਾਨਫਰੰਸ ਕਰਕੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਤੇ ਮਾਨਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਬਰਨਾਲਾ ਪੁਲਸ ਵੱਲੋਂ ਨਸ਼ਿਆਂ ਤੇ ਮਾੜੇ ਅਨਸਰਾਂ ਖਿਲਾਫ ਵਿੱਢੀ ਗਈ ਵਿਸ਼ੇਸ਼ ਮੁਹਿੰਮ ਤਹਿਤ ਰਮਨੀਸ਼ ਕੁਮਾਰ ਚੌਧਰੀ, ਕਪਤਾਨ ਪੁਲਸ (ਡੀ) ਬਰਨਾਲਾ ਤੇ ਸਤਵੀਰ ਸਿੰਘ, ਉੱਪ ਕਪਤਾਨ ਪੁਲਸ ਸਬ ਡਵੀਜ਼ਨ ਬਰਨਾਲਾ ਦੀ ਯੋਗ ਰਹਿਨੁਮਾਈ ਹੇਠ ਥਾਣੇਦਾਰ ਲਖਵਿੰਦਰ ਸਿੰਘ, ਮੁੱਖ ਅਫਸਰ ਥਾਣਾ ਧਨੌਲਾ ਦੀ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ, ਜਦ ਬੀਤੀ 17 ਅਪ੍ਰੈਲ ਨੂੰ ਬਰਨਾਲਾ-ਸੰਗਰੂਰ ਮੁੱਖ ਮਾਰਗ ’ਤੇ ਸਥਿਤ ਪੁਲ ਹਰੀਗੜ੍ਹ ਤੋਂ ਇੱਕ ਟਰਾਲੇ ਵਿੱਚ ਲੱਦ ਕੇ ਲਿਜਾਈ ਜਾ ਰਹੀ 1200 ਕਿੱਲੋ (12 ਕੁਇੰਟਲ) ਭੁੱਕੀ ਤੇ 1.50 ਲੱਖ ਰੁਪਏ ਡਰੱਗ ਮਨੀ ਸਮੇਤ 3 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਮਲਿਕ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਗੁਰਪਾਲ ਸਿੰਘ ਪੁੱਤਰ ਦਰਬਾਰਾ ਸਿੰਘ, ਜੱਗਾ ਸਿੰਘ ਪੁੱਤਰ ਜੀਤ ਸਿੰਘ ਦੋਵੇਂ ਵਾਸੀ ਅਸਪਾਲ ਕਲਾਂ ਤੇ ਹਰਜੋਤ ਸਿੰਘ ਮਨੀ ਪੁੱਤਰ ਜਸਵੀਰ ਸਿੰਘ ਵਾਸੀ ਅਸਪਾਲ ਖੁਰਦ ਖਿਲਾਫ ਮੁਕੱਦਮਾ 59 ਮਿਤੀ 17-4-2023 ਅ/ਧ 15,25/61/85 ਥਾਣਾ ਧਨੌਲਾ ਦਰਜ ਰਜਿਸਟਰਡ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਐੱਸ.ਐੱਸ.ਪੀ. ਮਲਿਕ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮ ਗੁਰਪਾਲ ਸਿੰਘ ਅਪਰਾਧਿਕ ਕਿਸਮ ਦਾ ਵਿਅਕਤੀ ਹੈ, ਇਸ ਦੇ ਖਿਲਾਫ ਪਹਿਲਾਂ ਵੀ ਥਾਣਾ ਧਨੌਲਾ ਤੇ ਪਠਾਨਕੋਟ ਵਿਖੇ ਨਸ਼ਾ ਤਸਕਰੀ ਦੇ ਦੋ ਅਤੇ ਥਾਣਾ ਧਨੌਲਾ ਵਿਖੇ ਵੀ ਲੜਾਈ ਝਗੜੇ ਸਬੰਧੀ ਇੱਕ ਕੇਸ ਵੱਖਰਾ ਵੀ ਦਰਜ ਹੈ। ਐੱਸ.ਐੱਸ.ਪੀ. ਸੰਦੀਪ ਮਲਿਕ ਨੇ ਕਿਹਾ ਕਿ ਪੁਲਸ ਡੂੰਘਾਈ ਨਾਲ ਪੜਤਾਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਅਪਰਾਧੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

# ਨਗਰ ਕੌਂਸਲ ਫਰੀਦਕੋਟ ਦੀ ਮਨਮਾਨੀ ਨੂੰ ਲੱਗੀ ਬ੍ਰੇਕ : ਢੋਸੀਵਾਲ

## ਜਾਇਜ਼ ਕੂੜਾ ਕੁਲੈਕਸ਼ਨ ਚਾਰਜ ਲੈਣਾ ਸ਼ੁਰੂ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਥਾਨਕ ਨਗਰ ਕੌਂਸਲ ਨੇ ਸਰਕਾਰੀ ਨਿਯਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਮਨਮਾਨੇ ਤਰੀਕੇ ਨਾਲ ਕੂੜਾ ਕੁਲੈਕਸ਼ਨ ਚਾਰਜ ਵਿੱਚ ਕਰੀਬ 70 ਪ੍ਰਤੀਸ਼ਤ ਦਾ ਵਾਧਾ ਕਰਕੇ 60/- ਰੁਪਏ ਤੋਂ ਵਧਾ ਕੇ 100/- ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਸੀ। ਨਗਰ ਕੌਂਸਲ ਦੀ ਹਦੂਦ ਅੰਦਰ ਸਥਿਤ ਮੈਡੀਕਲ ਕੈਂਪਸ ਦੇ ਸਾਰੇ ਘਰਾਂ ਤੋਂ 100/- ਰੁਪਏ ਪ੍ਰਤੀ ਮਹੀਨਾ ਦੀ ਉਗਰਾਹੀ ਸ਼ੁਰੂ ਕਰ ਦਿੱਤੀ ਗਈ ਸੀ। ਐੱਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਚੇਅਰਮੈਨ ਤੇ ਆਲ ਇੰਡੀਆ ਐੱਸ.ਸੀ./ਬੀ.ਸੀ./ਐੱਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਵੱਲੋਂ ਸੂਚਨਾ ਦੇ ਅਧਿਕਾਰ ਐਕਟ ਅਧੀਨ ਕੂੜਾ ਕੁਲੈਕਸ਼ਨ ਚਾਰਜ ਦੇ ਸਹੀ ਰੇਟ ਪਤਾ ਕਰਨ ਉਪਰੰਤ ਸਾਰਾ ਮਾਮਲਾ ਨਗਰ ਕੌਂਸਲ ਦੇ ਕਾਰਜ ਸਾਧਰ ਅਫਸਰ ਰਵੀ ਕਪੂਰ ਦੇ ਲਿਖਤੀ ਰੂਪ ’ਚ ਧਿਆਨ ਵਿੱਚ ਲਿਆਂਦਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸ੍ਰੀ ਕਪੂਰ ਨੇ ਇਸ ਬੇਨਿਯਮੀ ਦੀ ਇਨਕੁਆਰੀ ਲਗਾ ਦਿੱਤੀ। ਸਿੱਟੇ ਵਜੋਂ ਨਗਰ ਕੌਂਸਲ ਦੀ ਮਨਮਾਨੀ ਨੂੰ ਰੋਕ ਲੱਗ ਗਈ ਤੇ ਮੈਡੀਕਲ ਕੈਂਪਸ ਵਿੱਚੋਂ ਬਕਾਇਦਾ ਤੌਰ ’ਤੇ ਕੂੜਾ ਕੁਲੈਕਸ਼ਨ ਚਾਰਜ ਦੇ ਸੱਠ ਰੁਪਏ ਲੈਣੇ ਸ਼ੁਰੂ ਕਰ ਦਿੱਤੇ ਹਨ। ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਮੈਡੀਕਲ ਕੈਂਪਸ ਵਿੱਚੋਂ ਸੱਠ ਰੁਪਏ ਵਸੂਲ ਕੀਤੀ ਰਾਸ਼ੀ ਦੀ ਬੁੱਕ ਨੰ: 130 ਰਸੀਦ ਨੰ: 050 ਮਿਤੀ 20/04/2023 ਕੱਟ ਕੇ ਵੀ ਦੇ ਦਿੱਤੀ ਗਈ ਹੈ। ਮਿਸ਼ਨ ਪ੍ਰਧਾਨ ਢੋਸੀਵਾਲ ਨੇ ਨਗਰ ਕੌਂਸਲ ਦੀ ਉਕਤ ਮਨਮਾਨੀ ਨੂੰ ਬ੍ਰੇਕ ਲਾਉਣ ਲਈ ਕਾਰਜ ਸਾਧਕ ਅਫਸਰ ਰਵੀ ਕੁਮਾਰ ਦਾ ਧੰਨਵਾਦ ਕੀਤਾ ਹੈ। ਢੋਸੀਵਾਲ ਨੇ ਕਾਰਜ ਸਾਧਕ ਅਫਸਰ ਤੋਂ ਮੰਗ ਕੀਤੀ ਹੈ ਕਿ ਸਰਕਾਰੀ ਨਿਯਮਾਂ ਦੀ ਧੱਜੀਆਂ ਉਡਾਉਣ ਵਾਲੇ ਤੇ ਆਪਣੀ ਮਰਜ਼ੀ ਨਾਲ ਹੀ ਕੂੜਾ ਕੁਲੈਕਸ਼ਨ ਚਾਰਜ ਦੇ ਰੇਟ ਵਿੱਚ ਵਾਧਾ ਕਰਨ ਵਾਲੇ ਜ਼ਿੰਮੇਵਾਰ ਕਰਮਚਾਰੀਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਅਪਹੁਦਰੀਆਂ ਕਰਨ ਵਾਲੇ ਕਰਮਚਾਰੀਆਂ ਨੂੰ ਨੱਥ ਪੈ ਸਕੇ।

# ਅਣ-ਅਧਿਕਾਰਤ ਕਲੋਨੀ ਗਰੀਨ ਟਾਊਨ ਨੂੰ ਸਰਕਾਰੀ ਸਹੂਲਤਾਂ ਦੇਣ ਦੀ ਉੱਚ ਪੱਧਰੀ ਜਾਂਚ ਦੀ ਮੰਗ

- ਕਲੋਨੀ ਪ੍ਰਧਾਨ, ਨਗਰ ਕੌਂਸਲ ਪ੍ਰਧਾਨ ਤੇ ਕਾਰਜ ਸਾਧਕ ਅਫਸਰ ਆਪਣਾ ਪੱਖ ਦੱਸਣ ਲਈ ਫੋਨ ਅਟੈਂਡ ਨਹੀਂ ਕਰ ਰਹੇ




**ਸਮਾਣਾ (ਇਕਬਾਲ ਸਿੰਘ ਬੱਲ)**-ਸਮਾਣਾ ਸ਼ਹਿਰ ਅੰਦਰ ਭੂ-ਮਾਫੀਆ ਗਰੋਹ ਤੇ ਕਾਲੋਨਾਈਜ਼ਰਾਂ ਨੇ ਸ਼ਹਿਰ ਦੇ ਆਲੇ-ਦੁਆਲੇ ਲੋਕਾਂ ਤੋਂ ਸਸਤੇ ਭਾਅ ’ਤੇ ਜ਼ਮੀਨਾਂ ਖਰੀਦ ਕੇ ਅਨੇਕਾਂ ਕਲੋਨੀਆਂ ਕੱਟੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਕਲੋਨੀਆਂ ਪੁੱਡਾ ਪਾਸੋਂ ਅਪਰੂਵਡ ਵੀ ਨਹੀਂ ਹਨ, ਫੇਰ ਵੀ ਉਨ੍ਹਾਂ ਕਲੋਨੀਆਂ ਨੂੰ ਕਾਨੂੰਨ ਨੂੰ ਛਿੱਕੇ ਟੰਗ ਵੀ ਆਈ ਪੀ ਕਾਲੋਨੀਆਂ ਵਾਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਕਲੋਨੀਆਂ ਵਿੱਚ ਪਲਾਟਾਂ ਦੀਆਂ ਰਜਿਸਟਰੀਆਂ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਬਿਨਾਂ ਐੱਨ ਓ ਸੀ ਤੋਂ ਹੋ ਰਹੀਆਂ ਹਨ। ਕਲੋਨਾਈਜ਼ਰਾਂ ਤੇ ਭੂ ਮਾਫੀਆ ਗਰੋਹ ਵਾਲੇ ਸ਼ਹਿਰ ਅੰਦਰ ਵਕਫ ਬੋਰਡ ਤੇ ਕਸਟੋਡੀਅਨ ਮਹਿਕਮੇ ਦੀਆਂ ਜ਼ਮੀਨਾਂ ਦੀਆਂ ਰਜਿਸਟਰੀਆਂ ਕਲੋਨੀਆਂ ਵਿੱਚ ਛੱਡੇ ਸੜਕਾਂ ਦੇ ਰਸਤਿਆਂ ਦੇ ਨੰਬਰ ਪਾ ਕੇ ਰਜਿਸਟਰੀਆਂ ਕਰਵਾ ਦਿੰਦੇ ਹਨ। ਉਨ੍ਹਾਂ ਪਲਾਟਾਂ ਦੇ ਮਾਲਕਾਂ ਨੂੰ ਉਦੋਂ ਪਤਾ ਚਲਦਾ ਹੈ, ਜਦੋਂ ਉਹ ਖਰੀਦੇਗਾ ਪਲਾਟ ਤੇ ਬੈਂਕ ਲੋਨ ਕਰਵਾਉਣ ਲਈ ਬੈਂਕ ਜਾਂਦੇ ਹਨ। ਬੈਂਕ ਅਧਿਕਾਰੀ ਉਨ੍ਹਾਂ ਪਾਸੋਂ ਇੰਤਕਾਲ ਤੇ ਪਲਾਟ ਦੇ ਤਕੀਮੇ ਦੀ ਨਕਲ ਮੰਗਦੇ ਹਨ। ਸਮਾਣਾ ਸ਼ਹਿਰ ਦੀ ਗਰੀਨ ਟਾਊਨ ਕਲੋਨੀ, ਜੋ ਪੌਸ਼ ਕਲੋਨੀ ਵਜੋਂ ਜਾਣੀ ਜਾਂਦੀ ਹੈ, ਇਹ ਕਲੋਨੀ ਪੁੱਡਾ ਤੋਂ ਮਨਜ਼ੂਰ ਨਹੀਂ ਹੈ। ਇਸ ਕਲੋਨੀ ਵਿੱਚ ਬਹੁਤ ਸੋਹਣੀਆਂ ਸੋਹਣੀਆਂ ਕੋਠੀਆਂ ਬਣੀਆਂ ਹੋਈਆਂ ਹਨ ਤੇ ਇਸ ਕਲੋਨੀ ਵਿੱਚ ਸਾਰੇ ਪਲਾਟ ਵਿਕ ਚੁੱਕੇ ਹਨ। ਪੁੱਡਾ ਮਹਿਕਮੇ ਦੀ ਮਨਜ਼ੂਰੀ ਤੋਂ ਬਿਨਾਂ ਇਹ ਕਲੋਨੀ ਕਿਵੇਂ ਕੱਟੀ ਗਈ ਤੇ ਇਸ ਕਲੋਨੀ ਨੂੰ ਵੀ ਆਈ ਪੀ ਕਲੋਨੀ ਵਾਲੀਆਂ ਸਹੂਲਤਾਂ ਕਿਵੇਂ ਮਿਲੀਆਂ? ਇਸ ਗਰੀਨ ਟਾਊਨ ਕਲੋਨੀ ਦੀਆਂ ਸਾਰੀਆਂ ਸੜਕਾਂ ਵੀ ਪੱਕੀਆਂ ਹਨ, ਜਿਨ੍ਹਾਂ ਵਿੱਚ ਨਗਰ ਕੌਂਸਲ ਦੇ ਮੌਜੂਦਾ ਪ੍ਰਧਾਨ ਨੇ ਐੱਮ ਸੀ ਦੀਆਂ ਚੋਣਾਂ ਜਿੱਤਣ ਲਈ ਕਲੋਨੀ ਵਾਸੀਆਂ ਦੀਆਂ ਵੋਟਾਂ ਹਾਸਲ ਕਰਨ ਲਈ ਕਲੋਨੀ ਦੀਆਂ ਸਾਰੀਆਂ ਸੜਕਾਂ ਪੱਕੀਆਂ ਕਰਨ ਦਾ ਵਾਅਦਾ ਕੀਤਾ ਸੀ ਤੇ ਨਗਰ ਕੌਂਸਲ ਦਾ ਪ੍ਰਧਾਨ ਬਣਨ ਉਪਰੰਤ ਸਾਰੇ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਪੁੱਡਾ ਦੀ ਮਨਜ਼ੂਰੀ ਲਏ ਬਿਨਾਂ ਇਸ ਕਲੋਨੀ ਦੀਆਂ ਸਾਰੀਆਂ ਸੜਕਾਂ ’ਤੇ ਇੰਟਰਲਾਕਿੰਗ ਟਾਇਲਾਂ ਲਗਵਾ ਕੇ ਪੱਕੀਆਂ ਕਰਵਾ ਦਿੱਤੀਆਂ ਹਨ। ਜ਼ਿਕਰਯੋਗ ਹੈ ਕਿ ਗਰੀਨ ਟਾਊਨ ਕਲੋਨੀ ਵਾਸੀਆਂ ਨੂੰ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਜਿਵੇਂ ਵਾਟਰ ਸਪਲਾਈ, ਸੀਵਰੇਜ, ਸਟਰੀਟ ਲਾਈਟਾਂ ਤੇ ਪੱਕੀਆਂ ਸੜਕਾਂ ਵਰਗੀਆਂ ਸਹੂਲਤਾਂ ਮਿਲ ਰਹੀਆਂ ਹਨ, ਅਜਿਹੀਆਂ ਕਲੋਨੀਆਂ ਵਿੱਚ ਨਗਰ ਕੌਂਸਲ ਵੱਲੋਂ ਐੱਨ ਓ ਸੀ ਲਏ ਬਿਨਾਂ ਪਲਾਟਾਂ ਦੀਆਂ ਰਜਿਸਟਰੀਆਂ ਨਹੀਂ ਹੋ ਸਕਦੀਆਂ, ਪਰ ਫਿਰ ਵੀ ਇਸ ਕਲੋਨੀ ਦੇ ਸਾਰੇ ਪਲਾਟਾਂ ਦੀਆਂ ਰਜਿਸਟਰੀਆਂ ਐੱਨ ਓ ਸੀ ਜਾਂ ਬਿਨਾਂ ਐੱਨ ਸੀ ਓ ਤੋਂ ਹੋਈਆਂ ਹਨ, ਇਸ ਬਾਰੇ ਤਾਂ ਉੱਚ ਪੱਧਰੀ ਜਾਂਚ ਹੋਣੀ ਉਪਰੰਤ ਹੈ, ਤਾਂ ਹੀ ਪਤਾ ਚੱਲੇਗਾ? ਪੁੱਡਾ ਮਹਿਕਮੇ ਦੇ ਅਧਿਕਾਰੀਆਂ ਨੇ ਇਨ੍ਹਾਂ ਨਜਾਇਜ਼ ਬਣ ਰਹੀਆਂ ਕਲੋਨੀਆਂ ਵੱਲ ਧਿਆਨ ਹੀ ਨਹੀਂ ਦਿੱਤਾ। ਰੈਵੀਨਿਊ ਅਧਿਕਾਰੀਆਂ ਵੱਲੋਂ ਇਨ੍ਹਾਂ ਕਲੋਨੀਆਂ ਦੇ ਪਲਾਟਾਂ ਦੀਆਂ ਰਜਿਸਟਰੀਆਂ ਕਰਨ ਮੌਕੇ ਸਹੀ ਦਸਤਾਵੇਜ਼ਾਂ ਦੀ ਪਰਖ ਕੀਤੇ ਬਿਨਾਂ ਰਜਿਸਟਰੀਆਂ ਕਰ ਦਿੱਤੀਆਂ ਜਾਂਦੀਆਂ ਹਨ ਪੁੱਡਾ ਤੋਂ ਨਾ ਮਨਜ਼ੂਰ ਗਰੀਨ ਟਾਊਨ ਕਲੋਨੀ ਤੇ ਹੋਰ ਗੈਰ-ਕਾਨੂੰਨੀ ਅਣ-ਅਧਿਕਾਰਤ ਕਲੋਨੀਆਂ ਦੀ ਕਿਸੇ ਨਿਰਪੱਖ ਏਜੰਸੀ ਪਾਸੋਂ ਪੜਤਾਲ ਕਰਵਾਈ ਜਾਵੇ ਤਾਂ ਜੋ ਇਨ੍ਹਾਂ ਗੈਰ-ਕਾਨੂੰਨੀ ਕਲੋਨੀਆਂ ਵਾਲੇ ਭੂ-ਮਾਫੀਆ ਕਲੋਨਾਈਜ਼ਰ ਨਗਰ ਕੌਂਸਲ ਤੇ ਰੈਵੀਨਿਊ ਅਧਿਕਾਰੀਆਂ ਦੀ ਮਿਲੀਭੁਗਤ ਦਾ ਨਤੀਜਾ ਸਾਹਮਣੇ ਆ ਜਾਵੇਗਾ।

ਭਰੋਸੇਯੋਗ ਸੂਤਰਾਂ ਤੋਂ ਪਤਾ ਚੱਲਿਆ ਹੈ ਕਿ ਗਰੀਨ ਟਾਊਨ ਕਲੋਨੀ ਨੂੰ ਕਨੂੰਨ ਛਿੱਕੇ ਟੰਗ ਕੇ ਮਿਲੀਆਂ ਸਹੂਲਤਾਂ ਦੀ ਜਾਂਚ ਇਕ ਏਜੰਸੀ ਵੱਲੋਂ ਕੀਤੀ ਗਈ ਹੈ, ਜਿਸ ਨੇ ਇਸ ਕਲੋਨੀ ਨੂੰ ਮਿਲੀਆਂ ਸਾਰੀਆਂ ਸਹੂਲਤਾਂ ਨੂੰ ਗੈਰ-ਕਾਨੂੰਨੀ ਦੱਸਿਆ ਹੈ। ਸਬੰਧਤ ਵਿਅਕਤੀ/ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਜਾਂਚ ਨੂੰ ਠੰਢੇ ਬਸਤੇ ਪਾਉਣ ਦੀ ਗੱਲ ਚੱਲ ਰਹੀ ਹੈ। ਗਰੀਨ ਟਾਊਨ ਕਲੋਨੀ ਦੇ ਪ੍ਰਧਾਨ ਹਰਿੰਦਰ ਭੁਟੇਜਾ ਨੇ ਆਪਣੀ ਪ੍ਰਧਾਨਗੀ ਦੀ ਸ਼ਾਖ ਕਾਈਮ ਰੱਖਣ ਲਈ ਇਸ ਕਲੋਨੀ ਦਾ ਕੰਮ ਅਕਾਲੀ ਸਰਕਾਰ ਵੱਲੋਂ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਕਰਵਾਇਆ ਸੀ ਤੇ ਬਾਕੀ ਕੰਮ ਪਿਛਲੀ ਕਾਂਗਰਸ ਸਰਕਾਰ ਵੇਲੇ ਕਰਵਾਏ ਸਨ। ਜ਼ਿਕਰਯੋਗ ਹੈ ਕਿ ਇਹ ਕਲੋਨੀ ਵਾਰਡ ਨੰਬਰ 21 ’ਚ ਪੈਂਦੀ ਹੈ ਤੇ ਇਥੋਂ ਕਾਂਗਰਸੀ ਉਮੀਦਵਾਰ, ਜੋ ਮੌਜੂਦਾ ਨਗਰ ਕੌਂਸਲ ਪ੍ਰਧਾਨ ਹੈ, ਨੇ ਚੋਣ ਲੜੀ ਸੀ। ਇਸ ਕਲੋਨੀ ਦੇ ਵੋਟਰਾਂ ਨੇ ਕਲੋਨੀ ਦੇ ਪ੍ਰਧਾਨ ਹਰਿੰਦਰ ਭੁਟੇਜਾ ਦੇ ਕਹਿਣ ’ਤੇ ਵੋਟਾਂ ਕਾਂਗਰਸੀ ਉਮੀਦਵਾਰ ਨੂੰ ਇਸ ਸ਼ਰਤ ’ਤੇ ਪਾਈਆਂ ਸੀ ਕਿ ਇਸ ਕਲੋਨੀ ਦੇ ਕੰਮ ਪਹਿਲ ਦੇ ਆਧਾਰ ’ਤੇ ਕਰਵਾਏ ਜਾਣਗੇ। ਇਸ ਕਲੋਨੀ ਵਿੱਚੋਂ ਜਿੱਤੇ ਕਾਂਗਰਸੀ ਉਮੀਦਵਾਰ, ਜੋ ਮੌਜੂਦਾ ਨਗਰ ਕੌਂਸਲ ਪ੍ਰਧਾਨ ਹੈ, ਨੇ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਇਸ ਕਲੋਨੀ ਦੇ ਅਧੂਰੇ ਕੰਮ ਪੂਰੇ ਕਰਵਾ ਕਰਾ ਕੇ ਇਸ ਨੂੰ ਸ਼ਹਿਰ ਦੀ ਸਭ ਤੋਂ ਸੁੰਦਰ ਕਲੋਨੀ ਬਣਾ ਦਿੱਤਾ ਹੈ। ਇਸ ਕਲੋਨੀ ਦੇ ਪ੍ਰਧਾਨ ਹਰਿੰਦਰ ਭੁਟੇਜਾ ਦਾ ਪੱਖ ਜਨਣ ਲਈ ਉਸ ਦੇ ਮੋਬਾਇਲ ਨੰਬਰ 98140-25017 ’ਤੇ ਵਾਰ ਵਾਰ ਸੰਪਰਕ ਕੀਤਾ ਗਿਆ, ਪਰ ਉਸ ਨੇ ਫੋਨ ਨਹੀਂ ਚੁੱਕਿਆ। ਨਗਰ ਕੌਂਸਲ ਦੇ ਪ੍ਰਧਾਨ ਅਸ਼ਵਨੀ ਗੁਪਤਾ ਦਾ ਸਰਕਾਰੀ ਨਿਯਮਾਂ ਨੂੰ ਅੱਖੋਂ ਪਰੋਖੇ ਕਰਕੇ ਗਰੀਨ ਟਾਊਨ ਨੂੰ ਦਿੱਤੀਆਂ ਸਹੂਲਤਾਂ ਬਾਰੇ ਪੱਖ ਜਾਨਣ ਲਈ ਫੋਨ ਕੀਤਾ ਗਿਆ, ਪਰ ਉਨ੍ਹਾਂ ਨੇ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ। ਕਾਰਜਸਾਧਕ ਅਫਸਰ ਬਲਜਿੰਦਰ ਸਿੰਘ ਦਾ ਪੱਖ ਜਾਣਨ ਲਈ ਨਗਰ ਕੌਂਸਲ ਦਫਤਰ ਗਏ ਜਿੱਥੇ ਕਾਰਜਸਾਧਕ ਅਫਸਰ ਮੌਜੂਦ ਨਹੀਂ ਸਨ। ਮੋਬਾਈਲ ਨੰਬਰ 98885-18255 ’ਤੇ ਸੰਪਰਕ ਕੀਤਾ ਤਾਂ ਉਨ੍ਹਾ ਨੇ ਪੱਤਰਕਾਰ ਦਾ ਮੋਬਾਇਲ ਨੰਬਰ ਬਲੈਕ ਲਿਸਟ ਵਿੱਚ ਪਾ ਦਿੱਤਾ। ਐੱਸ ਡੀ ਐੱਮ ਚਰਨਜੀਤ ਸਿੰਘ ਨਾਲ ਇਸ ਮਸਲੇ ਸਬੰਧੀ ਉਨ੍ਹਾ ਦੇ ਦਫਤਰ ਪਹੁੰਚ ਕੀਤੀ ਤੇ ਪਤਾ ਲੱਗਾ ਕਿ ਉਹ ਛੁੱਟੀ ’ਤੇ ਚੱਲ ਰਹੇ ਹਨ।

ਗਰੀਨ ਟਾਊਨ ਕਲੋਨੀ ਜੋ ਪੁੱਡਾ ਤੋਂ ਮਾਨਤਾ ਪ੍ਰਾਪਤ ਨਹੀਂ ਹੈ, ਉਸ ਨੂੰ ਸਰਕਾਰੀ ਸਹੂਲਤਾਂ ਕਿਵੇਂ ਮਿਲਿਆਂ, ਇਸ ਸਬੰਧੀ ਕਲੋਨੀ ਪ੍ਰਧਾਨ ਹਰਿੰਦਰ ਭਟੇਜਾ, ਨਗਰ ਕੌਂਸਲ ਪ੍ਰਧਾਨ ਤੇ ਕਾਰਜਸਾਧਕ ਅਫਸਰ ਕੋਈ ਵੀ ਜਾਣਕਾਰੀ ਦੇਣ ਲਈ ਸਾਹਮਣੇ ਨਹੀਂ ਆਇਆ। ਹੁਣ ਦੇਖਣਾ ਹੈ ਕਿ ਪੰਜਾਬ ਸਰਕਾਰ ਇਸ ਨਾਜਾਇਜ਼ ਕਲੋਨੀ ਨੂੰ ਸਰਕਾਰੀ ਨਿਯਮਾਂ ਨੂੰ ਅੱਖੋਂ ਪ੍ਰੋਖੇ ਕਰਕੇ ਮਿਲੀਆਂ ਸਹੂਲਤਾਂ ਦੀ ਜਾਂਚ ਕਰਵਾ ਕੇ ਕਾਰਵਾਈ ਅਮਲ ਵਿੱਚ ਲਿਆਉਂਦੀ ਹੈ? ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

# ਐੱਸ ਐੱਸ ਪੀ ਵੱਲੋਂ ਸਾਂਝ ਕੇਂਦਰਾਂ ਦੀ ਕਾਰਗੁਜ਼ਾਰੀ ਬਾਰੇ ਸਮੀਖਿਆ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**

ਪੁਲਸ ਲਾਈਨ ਸੰਗਰੂਰ ਵਿਖੇ ਜ਼ਿਲ੍ਹਾ ਪੁਲਸ ਮੁਖੀ ਸ੍ਰੀ ਸੁਰੇਂਦਰ ਲਾਂਬਾ ਵੱਲੋਂ ਜ਼ਿਲ੍ਹੇ ਦੇ ਸਮੂਹ ਸਾਂਝ ਕੇਂਦਰਾਂ ਵਿੱਚ ਤਾਇਨਾਤ ਪਾਸਪੋਰਟ ਪੜਤਾਲ (ਵੈਰੀਫਿਕੇਸ਼ਨ) ਅਫਸਰਾਂ ਤੇ ਥਾਣਿਆਂ ਵਿੱਚ ਤਾਇਨਾਤ ਪੰਜਾਬ ਪੁਲਸ ਮਹਿਲਾ ਮਿੱਤਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੇ ਕੰਮ ਦੀ ਸਮੀਖਿਆ ਕੀਤੀ ਗਈ। ਮੀਟਿੰਗ ਦੌਰਾਨ ਐੱਸ ਐੱਸ ਪੀ ਸੁਰੇਂਦਰ ਲਾਂਬਾ ਨੇ ਹਦਾਇਤ ਕੀਤੀ ਕਿ ਸਾਂਝ ਕੇਂਦਰਾਂ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਨਿਰਧਾਰਤ ਸਮਾਂ ਸੀਮਾ ਅੰਦਰ ਲੋਕਾਂ ਨੂੰ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਲੋਕਾਂ ਨਾਲ ਵਧੀਆ ਸਬੰਧ ਸਥਾਪਤ ਕਰਨ ਦੀ ਲੋੜ ਉਤੇ ਵੀ ਜ਼ੋਰ ਦਿੱਤਾ। ਮੀਟਿੰਗ ਦੌਰਾਨ ਐੱਸ ਪੀ ਜਸਬੀਰ ਸਿੰਘ ਵੀ ਮੌਜੂਦ ਸਨ। ਜ਼ਿਲ੍ਹਾ ਪੁਲਸ ਮੁਖੀ ਵੱਲੋਂ ਇੰਚਾਰਜ ਮਹਿਲਾ ਮਿੱਤਰ ਨੂੰ ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਨਾਲ ਸਬੰਧਤ ਦਰਖਾਸਤਾਂ ਦਾ ਨਿਪਟਾਰਾ ਕਾਨੂੰਨ ਅਨੁਸਾਰ ਸਮੇਂ ਸਿਰ ਕਰਨ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਇਸ ਤੋਂ ਇਲਾਵਾ ਸਾਂਝ ਕੇਂਦਰਾਂ ਦੇ ਸਟਾਫ ਤੇ ਪੰਜਾਬ ਪੁਲਸ ਮਹਿਲਾ ਮਿੱਤਰਾਂ ਨੂੰ ਆਪਣੇ ਆਪਣੇ ਥਾਣੇ ਦੇ ਇਲਾਕੇ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਸੈਮੀਨਾਰ, ਜਿਸ ਵਿੱਚ ਹੈਲਪਲਾਇਨ ਨੰਬਰ, ਟ੍ਰੈਫਿਕ, ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਨਾਲ ਸਬੰਧਤ ਕਾਨੂੰਨਾਂ ਬਾਰੇ ਜਾਣਕਾਰੀ, ਸਾਂਝ ਸੇਵਾਵਾਂ, ਸਾਂਝ ਵੱਲੋਂ ਤਿਆਰ ਕੀਤੀਆਂ ਗਈਆਂ ਮੋਬਾਇਲ ਐਪਲੀਕੇਸ਼ਨਜ਼, ਪ੍ਰਦੂਸ਼ਣ ਤੋਂ ਬਚਾਅ ਤੇ ਸਿਹਤ-ਸੰਭਾਲ ਬਾਰੇ ਚੇਤਨਤਾ ਪੈਦਾ ਕਰਨ ਦੀ ਹਦਾਇਤ ਕੀਤੀ।

21-APRIL-PAGE-7.qxd 4/20/2023 10:10 PM Page 1



# ਖੰਨਾ ਪੁਲਸ ਵੱਲੋਂ 15.05 ਲੱਖ ਦੀ ਜਾਲ੍ਹੀ ਕਰੰਸੀ ਸਮੇਤ ਚਾਰ ਕਾਬੂ

## ਪਲੇਨ ਕਾਗਜ਼, ਲੈਪਟਾਪ ਤੇ ਪ੍ਰਿੰਟਰ ਵੀ ਬਰਾਮਦ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਐੱਸ ਐੱਸ ਪੀ ਖੰਨਾ ਅਵਨੀਤ ਕੌਂਡਲ (ਆਈ ਪੀ ਐਸ) ਨੇ ਬੀਤੇ ਦਿਨ ਇੱਕ ਕਾਨਫਰੰਸ ਕਰਕੇ ਦੱਸਿਆ ਕਿ ਡਾਕਟਰ ਪ੍ਰਗਿਆ ਜੈਨ ਆਈ ਪੀ ਐੱਸ ਐੱਸ ਪੀ (ਆਈ) ਦੀ ਅਗਵਾਈ ਹੇਠ ਐੱਸ ਐੱਚ ਓ ਥਾਣਾ ਸਦਰ ਇੰਸਪੈਕਟਰ ਹਰਦੀਪ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਅਲੌੜ ਮੌਜੂਦ ਸੀ, ਤਾਂ ਪੈਦਲ ਆਉਂਦੇ 2 ਸ਼ੱਕੀ ਨੌਜਵਾਨਾਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 500, 200 ਰੁਪਏ ਦੀ ਕਰੰਸੀ ਬਰਾਮਦ ਹੋਈ। ਇਹ ਦੋਹਾਂ ਵਿਅਕਤੀਆਂ ਤੋਂ ਮਿਲੇ ਨੋਟਾਂ ਦੇ ਨੰਬਰ ਆਪਸ ਵਿੱਚ ਮੇਲ ਖਾਂਦੇ ਸਨ। ਪੁਲਸ ਪਾਰਟੀ ਵੱਲੋਂ ਮੁੱਢਲੀ ਪੁੱਛਗਿੱਛ 'ਤੇ ਉਨ੍ਹਾਂ ਦੋਹਾਂ ਵਿਅਕਤੀਆਂ ਨੇ ਆਪਣੇ ਨਾਮ ਕਮਲਜੀਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਰਾਣਵਾਂ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਹਾਲ ਵਾਸੀ#216/01 ਗੁਰੋਂ ਕਲੋਨੀ ਮਾਛੀਵਾੜਾ ਸਾਹਿਬ ਜ਼ਿਲਾ ਲੁਧਿਆਣਾ, ਦੂਜੇ ਵਿਅਕਤੀ ਨੇ ਆਪਣਾ ਨਾਮ ਹਨੀ ਭਾਰਦਵਾਜ ਪੁੱਤਰ ਚਰਨ ਦਾਸ ਸੇਵਕ ਵਾਸੀ ਬੈਂਕ ਬੱਸ ਸਟੈਂਡ ਮਾਛੀਵਾੜਾ ਸਾਹਿਬ ਜ਼ਿਲ੍ਹਾ ਲੁਧਿਆਣਾ ਦੱਸਿਆ। ਉਕਤ ਦੋਹਾਂ ਵਿਅਕਤੀਆਂ ਕੋਲੋਂ ਕੁੱਲ 67500 ਰੁਪਏ ਦੀ ਜਾਲ੍ਹੀ ਕਰੰਸੀ ਬਰਾਮਦ ਕੀਤੀ ਗਈ। ਉਕਤ ਦੋਹਾਂ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਦੋਨੋਂ ਵਿਅਕਤੀ ਜਾਲ੍ਹੀ ਕਰੰਸੀ ਦੇ ਨੋਟ ਮਨੋਜ ਕੁਮਾਰ ਅਜੇ ਬਾਕੀ ਰਾਜਸਥਾਨ ਪਾਸੋਂ ਲੈ ਕੇ ਆਉਂਦੇ ਹਨ। ਇਸ ਤੋਂ ਬਾਅਦ ਮਨੋਜ ਕੁਮਾਰ ਉਰਫ ਵਿਜੈ ਨੂੰ ਵੀ ਮੁਕੱਦਮੇ 'ਚ ਵਾਧਾ ਕਰਕੇ ਸ਼ਾਮਲ ਕਰ ਲਿਆ ਗਿਆ। ਕਾਨੂੰਨ ਅਨੁਸਾਰ ਮਾਣਯੋਗ ਅਦਾਲਤ ਪਾਸੋਂ ਗ੍ਰਿਫਤਾਰੀ ਵਰੰਟ ਤੇ ਮਨਜ਼ੂਰੀ ਹਾਸਲ ਕਰਕੇ ਪੁਲਸ ਪਾਰਟੀ ਨੇ ਮਨੋਜ ਕੁਮਾਰ ਉਰਫ ਵਿਜੈ ਤੇ ਉਸ ਦੇ ਸਾਥੀ ਮਦਨ ਲਾਲ ਨੂੰ ਅਜਮੇਰ ਰਾਜਸਥਾਨ ਤੋਂ ਗ੍ਰਿਫਤਾਰ ਕਰਕੇ 14,20000/ਰੁਪਏ ਦੀ ਜਾਲ੍ਹੀ ਕਰੰਸੀ ਬਰਾਮਦ ਕੀਤੀ। ਇਸ ਤੋਂ ਇਲਾਵਾ ਜਾਲ੍ਹੀ ਕਰੰਸੀ ਤਿਆਰ ਕਰਨ ਲਈ ਵਰਤਿਆ ਗਿਆ ਲੈਪਟਾਪ, ਪ੍ਰਿੰਟਰ ਤੇ ਖਾਲੀ ਕਾਗਜ਼ ਵੀ ਬਰਾਮਦ ਵੀ ਕੀਤੇ ਗਏ। ਰਾਜਸਥਾਨ ਤੋਂ ਲਿਆ ਕੇ ਖੰਨਾ ਦੀ ਮਾਨਯੋਗ ਅਦਾਲਤ ਵਿੱਚ ਕਥਿਤ ਦੋਸ਼ੀਆਂ ਨੂੰ ਪੇਸ਼ ਕਰਕੇ ਪੁਲਸ ਰਿਮਾਂਡ ਲਿਆ ਗਿਆ ਸੀ। ਸਖਤੀ ਨਾਲ ਪੁੱਛ-ਗਿੱਛ ਕਰਨ 'ਤੇ ਉਕਤ ਮੁਲਜ਼ਮਾਂ ਕੋਲੋਂ 17500/ ਰੁਪਏ ਦੀ ਜਾਲ੍ਹੀ ਕਰੰਸੀ ਬਰਾਮਦ ਹੋਈ। ਇਸ ਤੋਂ ਇਲਾਵਾ ਪਲੇਟ ਪੇਜਾਂ 'ਤੇ ਛਪੇ ਹੋਏ ਬਿਨਾਂ ਕੱਟੇ ਨੋਟ ਵੀ ਬਰਾਮਦ ਕੀਤੇ ਗਏ, ਜਿਨ੍ਹਾਂ ਵਿੱਚ 100 ਰੁਪਏ ਦੇ 3,88,000 ਤੇ 500 ਰੁਪਏ ਦੇ 1,96,000 ਰੁਪਏ ਦੀ ਜਾਲ੍ਹੀ ਕਰੰਸੀ ਬਰਾਮਦ ਹੋਈ ਹੈ। ਹੁਣ ਤੱਕ ਕੁੱਲ 15,05000 ਰੁਪਏ ਦੀ ਜਾਲ੍ਹੀ ਕਰੰਸੀ ਬਰਾਮਦ ਕੀਤੀ ਗਈ ਹੈ।

ਐੱਸ ਐੱਸ ਪੀ ਖੰਨਾ ਅਵਨੀਤ ਕੌਂਡਲ ਆਈ ਪੀ ਐੱਸ ਨੇ ਦੱਸਿਆ ਕੇ ਉਕਤ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਮਾਨਯੋਗ ਅਦਾਲਤ ਨੇ ਇੱਕ ਦਿਨ ਦਾ ਹੋਰ ਪੁਲਸ ਰਿਮਾਂਡ ਦੇ ਦਿੱਤਾ ਅਤੇ ਆਮ ਪਬਲਿਕ ਨੂੰ ਅਪੀਲ ਕੀਤੀ ਹੈ ਕਿ ਉਹ ਜਾਲ੍ਹੀ ਕਰੰਸੀ ਨੂੰ ਲੈ ਕੇ ਸੁਚੇਤ ਰਹਿਣ, ਜੇਕਰ ਉਨ੍ਹਾਂ ਕੋਲ ਅਜਿਹੀ ਕਰੰਸੀ ਦਾ ਨੋਟ ਮਿਲਦਾ ਹੈ ਤਾਂ ਉਹ ਆਪਣੇ ਨੇੜੇ ਦੇ ਪੁਲਸ ਸਟੇਸ਼ਨ ਜਾਂ ਨੇੜਲੇ ਬੈਂਕ ਨੂੰ ਜਾਣਕਾਰੀ ਦੇਣ। ਖੰਨਾ ਪੁਲਸ ਵੱਲੋਂ ਮਾਰਚ ਮਹੀਨੇ ਵੀ 1,19,500/ ਰੁਪਏ ਦੀ ਜਾਲ੍ਹੀ ਕਰੰਸੀ ਬਰਾਮਦ ਕੀਤੀ ਗਈ ਸੀ। ਉਸ ਸਮੇਂ ਚਾਰ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਕੇ ਗ੍ਰਿਫਤਾਰ ਕੀਤੇ ਗਏ ਸਨ।

# ਮੋਗਾ ਜ਼ਿਲ੍ਹੇ ਦਾ ਰਿਕਸ਼ਾ ਚਾਲਕ ਬਣਿਆ ਕਰੋੜਪਤੀ

*ਵਿਸਾਖੀ ਬੰਪਰ 'ਚ ਨਿਕਲਿਆ ਪਹਿਲਾ ਇਨਾਮ*



**ਮੋਗਾ (ਅਮਰਜੀਤ ਬੱਬਰੀ)**-ਰਿਕਸ਼ਾ ਚਾਲਕ ਨੂੰ ਪਤਾ ਹੀ ਨਹੀਂ ਸੀ ਕਿ ਉਹ ਰਾਤੋ-ਰਾਤ ਢਾਈ ਕਰੋੜ ਦਾ ਮਾਲਕ ਬਣ ਜਾਵੇਗਾ। ਮੋਗਾ ਦੇ ਪਿੰਡ ਲੋਹਗੜ੍ਹ ਦਾ ਰਿਕਸ਼ਾ ਚਾਲਕ ਬਜ਼ੁਰਗ ਗੁਰਦੇਵ ਸਿੰਘ, ਜਿਸ ਨੇ ਕੁਝ ਦਿਨ ਪਹਿਲਾਂ ਵਿਸਾਖੀ ਬੰਪਰ ਲਾਟਰੀ ਟਿਕਟ ਖਰੀਦੀ ਸੀ, ਉਸ ਦਾ ਪਹਿਲਾ ਇਨਾਮ ਢਾਈ ਕਰੋੜ ਰੁਪਏ ਨਿਕਲ ਆਉਣ 'ਤੇ ਉਹ ਹੁਣ ਕਰੋੜਪਤੀ ਬਣ ਗਿਆ। ਘਰ ਵਿੱਚ ਤੰਗੀ ਕਾਰਨ ਗੁਰਦੇਵ ਸਿੰਘ ਰਿਕਸ਼ਾ ਚਲਾ ਕੇ ਪਰਿਵਾਰ ਪਾਲ ਰਿਹਾ ਸੀ, ਪਰ ਕੁਦਰਤ ਨੇ ਮਿਹਬਾਨ ਹੁੰਦਿਆਂ ਗੁਰਦੇਵ ਸਿੰਘ ਲੋਹਗੜ੍ਹ ਨੂੰ ਕੱਖਪਤੀ ਤੋਂ ਕਰੋੜਪਤੀ ਬਣਾ ਦਿੱਤਾ। ਜ਼ਿਲ੍ਹਾ ਮੋਗਾ ਦੇ ਪਿੰਡ ਲੋਹਗੜ੍ਹ ਦਾ ਰਹਿਣ ਵਾਲਾ ਗੁਰਦੇਵ ਸਿੰਘ ਪੁੱਤਰ ਵਿਸਾਖਾ ਸਿੰਘ 85 ਸਾਲ ਦੀ ਉਮਰ ਵਿੱਚ ਵੀ ਰਿਕਸ਼ਾ ਚਲਾਉਂਦਾ ਹੈ। ਰਿਕਸ਼ਾ ਚਲਾਉਣ ਤੋਂ ਇਲਾਵਾ ਗੁਰਦੇਵ ਸਿੰਘ ਪਿਛਲੇ ਤੀਹ ਸਾਲਾਂ ਤੋਂ ਟੋਇਆਂ ਨੂੰ ਮਿੱਟੀ ਨਾਲ ਭਰਨ, ਸੜਕਾਂ ਕਿਨਾਰੇ ਦਰੱਖਤ ਲਗਾਉਣ ਤੇ ਪਾਣੀ ਲਾਉਣ ਦਾ ਕੰਮ ਵੀ ਕਰ ਰਿਹਾ ਹੈ। ਗੁਰਦੇਵ ਸਿੰਘ ਨੇ ਦੱਸਿਆ ਕਿ ਉਸ ਨੇ ਕਈ ਵਾਰ ਲਾਟਰੀ ਦੀਆਂ ਟਿਕਟਾਂ ਖਰੀਦੀਆਂ ਸਨ, ਪਰ ਇਸ ਵਾਰ ਵੀ ਉਸ ਨੇ ਹਰ ਵਾਰ ਦੀ ਤਰ੍ਹਾਂ ਧਰਮਕੋਟ ਸ਼ਹਿਰ ਤੋਂ 500 ਰੁਪਏ ਦੀ ਵਿਸਾਖੀ ਬੰਪਰ ਟਿਕਟ ਖਰੀਦੀ ਸੀ।

# ਚੱਕ ਸ਼ੰਮੂ ਵਿਖੇ 3 ਏਕੜ ਕਣਕ ਤੇ 4 ਏਕੜ ਨਾੜ ਸੜ ਕੇ ਸੁਆਹ

## ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਬੁਝਾਈ ਅੱਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਚੱਕ ਸ਼ੰਮੂ ਵਿਖੇ ਅੱਗ ਲੱਗਣ ਕਾਰਨ ਕਿਸਾਨ ਅੰਗਰੇਜ਼ ਸਿੰਘ ਦੀ 3 ਏਕੜ ਪੱਕ ਕੇ ਤਿਆਰ ਖੜ੍ਹੀ ਕਣਕ ਦੀ ਫਸਲ ਸੜ ਕੇ ਸੁਆਹ ਹੋ ਗਈ, ਜਦਕਿ 4 ਏਕੜ ਨਾੜ ਵੀ ਜਲ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਕਿਸਾਨ ਅੰਗਰੇਜ਼ ਸਿੰਘ ਦੇ ਖੇਤਾਂ ਵਿੱਚ ਕਣਕ ਦੀ ਫਸਲ ਨੂੰ ਅਚਾਨਕ ਅੱਗ ਲੱਗ ਗਈ ਜੋ ਕਿ ਦੇਖਦੇ ਹੀ ਦੇਖਦੇ ਤੇਜ਼ੀ ਨਾਲ ਫੈਲ ਗਈ। ਆਸ-ਪਾਸ ਦੇ ਕਿਸਾਨਾਂ ਵੱਲੋਂ ਇਕੱਠੇ ਹੋ ਕੇ ਅੱਗ 'ਤੇ ਕਾਬੂ ਪਾਉਣ ਲਈ ਟ੍ਰੈਕਟਰਾਂ ਨਾਲ ਜ਼ਮੀਨ ਵਾਹੁਣੀ ਸ਼ੁਰੂ ਕਰ ਦਿੱਤੀ। ਇਸ ਤੋਂ ਇਲਾਵਾ ਸਮਰਾਲਾ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਪੁੱਜੀਆਂ, ਜਿਨ੍ਹਾਂ ਵੱਲੋਂ ਬੜੀ ਮੁਸ਼ੱਕਤ ਨਾਲ ਅੱਗ ਬੁਝਾਈ ਗਈ। ਇਸ ਅੱਗ ਨਾਲ ਅੰਗਰੇਜ਼ ਸਿੰਘ ਦਾ ਭਾਰੀ ਆਰਥਿਕ ਨੁਕਸਾਨ ਹੋਇਆ, ਜਿਸ ਦੀ ਕਰੀਬ 3 ਏਕੜ ਤੋਂ ਵੱਧ ਫਸਲ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਈ, ਜਦਕਿ ਨਾਲ ਲੱਗਦੇ ਖੇਤਾਂ ਵਿੱਚ ਤੂੜੀ ਬਣਾਉਣ ਲਈ ਖੜ੍ਹਾ ਨਾੜ ਵੀ ਬਿਲਕੁਲ ਖਤਮ ਹੋ ਗਿਆ।

ਮੌਕੇ 'ਤੇ ਪੁੱਜੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਨਿੱਕਾ ਸਿੰਘ ਖੇੜਾ ਨੇ ਕਿਹਾ ਕਿ ਪਹਿਲਾਂ ਹੀ ਬੇਮੌਸਮੀ ਬਾਰਿਸ਼ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ ਤੇ ਹੁਣ ਅੱਗ ਦੀ ਘਟਨਾ ਕਾਰਨ ਕਿਸਾਨ ਅੰਗਰੇਜ਼ ਸਿੰਘ ਨੂੰ ਵੱਡੀ ਆਰਥਿਕ ਢਾਹ ਲੱਗੀ। ਕਿਸਾਨ ਆਗੂ ਨੇ ਪ੍ਰਸ਼ਾਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਅੱਗ ਦੀ ਘਟਨਾ ਕਾਰਨ ਜੋ ਕਿਸਾਨਾਂ ਦਾ ਨੁਕਸਾਨ ਹੋਇਆ, ਉਸ ਦਾ ਤੁਰੰਤ ਮੁਆਵਜ਼ਾ ਦਿੱਤਾ ਜਾਵੇ।

## ਕਾਤਰਾਂ

### ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦਾ ਵਿਦਿਆਰਥਣ ਰਮਨਦੀਪ ਕੌਰ ਪੁੱਤਰੀ ਹਰਜਿੰਦਰ ਸਿੰਘ ਵਾਸੀ ਪਿੰਡ ਚੰਦ ਨਵਾ ਮੋਗਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ 3 ਸਾਲ ਦੇ ਗੈਪ ਹੁੰਦੇ ਹੋਏ ਨਿਆਗਰਾ ਕਾਲਜ ਉਂਟਾਰੀਓ ਦਾ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਗੁਰਦੁਆਰਾ ਸਾਹਿਬ ਲਈ ਚੰਦੋਆ ਭੇਟ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਲਈ ਸੇਵਾ ਕਰਨ ਦੀ ਚਲਾਈ ਜਾ ਰਹੀ ਮੁਹਿੰਮ ਤਹਿਤ ਪਿੰਡ ਸ਼ਾਮ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਪ੍ਰੀਤਮ ਸਿੰਘ ਮਲਸੀਆਂ ਵੱਲੋਂ ਚੰਦੋਆ ਭੇਟ ਕੀਤਾ ਗਿਆ।ਜਥੇਦਾਰ ਮਲਸੀਆਂ ਆਪਣੀ ਸਾਥੀਆਂ ਗੁਰਦੁਆਰਾ ਜਾਮਨੀ ਸਾਹਿਬ ਦੇ ਮੀਤ ਮੈਨੇਜਰ ਜਸਪਾਲ ਸਿੰਘ, ਤੇਜਬੀਰ ਸਿੰਘ ਸੰਧੂ ਸਮੇਤ ਪਿੰਡ ਸ਼ਾਮ ਸਿੰਘ ਵਾਲਾ ਦੇ ਗੁਰੂ ਘਰ ਵਿਖੇ ਪਹੁੰਚੇ, ਜਿੱਥੇ ਨਤਮਸਤਕ ਹੋਣ ਉਪਰੰਤ ਉਨ੍ਹਾਂ ਵੱਲੋਂ ਪਿੰਡ ਦੀਆਂ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਲਈ ਚੰਦੋਆ ਸਾਹਿਬ ਭੇਟ ਕੀਤਾ ਗਿਆ।

### 30 ਗ੍ਰਾਮ ਹੈਰੋਇਨ ਸਣੇ ਤਿੰਨ ਗ੍ਰਿਫਤਾਰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਥਾਣਾ ਅਰਨੀਵਾਲਾ ਨੇ ਸ਼ੱਕ ਦੇ ਅਦਾਰ 'ਤੇ ਢਾਣੀ ਵਿਸਾਖਾ ਸਿੰਘ ਅਰਨੀ ਵਾਲਾ ਵਿੱਚ 30 ਗ੍ਰਾਮ ਹੈਰੋਇਨ ਬਰਾਮਦ ਕੀਤੀ। ਗੁਪਤ ਸੂਚਨਾ ਦੇ ਆਧਾਰ 'ਤੇ ਏ ਐੱਸ ਆਈ ਭਜਨ ਦਾਸ ਮੌਕੇ 'ਤੇ ਪੁੱਜੇ, ਉੱਥੇ ਉਨ੍ਹਾਂ ਨੇ ਇੱਕ ਬਿਨਾਂ ਨੰਬਰ ਤੋਂ ਮੋਟਰਸਾਈਕਲ ਰੋਕਿਆ ਤੇ ਉਸ ਉਤੇ ਦੋ ਲੜਕੇ ਤੇ ਇੱਕ ਔਰਤ ਸਵਾਰ ਸੀ, ਜਦੋਂ ਏ ਐੱਸ ਆਈ ਵੱਲੋਂ ਉਨ੍ਹਾਂ ਦਾ ਨਾਂਅ ਪਤਾ ਪੁੱਛਿਆ ਗਿਆ ਤਾਂ ਮੋਟਰਸਾਈਕਲ ਚਾਲਕ ਨੇ ਅਨੋਲ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਘੁੜਿਆਣਾ ਤੇ ਪਿੱਛੇ ਬੈਠੇ ਨੌਜਵਾਨ ਨੇ ਆਪਣਾ ਨਾਮ ਮਨਜੀਤ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਬੌੜਿਆ ਥਾਣਾ ਗੁਰੂ ਹਰਸਾਏ ਅਤੇ ਔਰਤ ਨੇ ਸਲਵਿੰਦਰ ਸਿੰਘ ਪਤਨੀ ਅਨਮੋਲ ਸਿੰਘ ਵਾਸੀ ਪਿੰਡ ਘੁੜਿਆਣਾ ਦੱਸਿਆ। ਏ ਐੱਸ ਆਈ ਨੇ ਮੋਟਰਸਾਈਕਲ ਕੋਲ ਜਾ ਕੇ ਦੇਖਿਆ ਤਾਂ ਬਿਨਾਂ ਨੰਬਰ ਡਿੱਗੇ ਹੋਏ ਹੈੱਡਲਾਈਟ ਦੇ ਅੰਦਰਲੇ ਪਾਸੋਂ ਇੱਕ ਮੋਮੀ ਕਾਗਜ਼ ਬਾਹਰ ਡਿੱਗਿਆ ਪਾਇਆ, ਜਿਸ ਵਿੱਚੋਂ ਹੈਰੋਇਨ ਬਰਾਮਦ ਹੋਈ।

### ਭੈਣੀ ਬਾਘਾ ਵਿਖੇ ਜਨ ਸੁਣਵਾਈ ਕੈਂਪ ਲਾ ਕੇ ਸੁਣੀਆਂ ਸ਼ਿਕਾਇਤਾਂ

**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਸ੍ਰੀਮਤੀ ਬਲਦੀਪ ਕੌਰ ਦੇ ਆਦੇਸ਼ਾਂ 'ਤੇ ਨਿਰਧਾਰਤ ਡਿਊਟੀਆਂ ਅਨੁਸਾਰ ਵੱਖ ਵੱਖ ਅਧਿਕਾਰੀਆਂ ਵੱਲੋਂ ਪਿੰਡ ਪੱਧਰ 'ਤੇ ਜਨ ਸੁਣਵਾਈ ਕੈਂਪ ਲਗਾ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਪਿੰਡ ਭੈਣੀ ਬਾਘਾ ਵਿਖੇ ਨਾਇਬ ਤਹਿਸੀਲਦਾਰ ਸ੍ਰ. ਬੀਰਬਲ ਸਿੰਘ ਨੇ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਬਹੁਤੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੇ ਸਰਕਾਰੀ ਵਿਭਾਗਾਂ ਨਾਲ ਸਬੰਧਤ ਕੰਮਾਂ ਨੂੰ ਮੌਕੇ 'ਤੇ ਹੀ ਨਿਪਟਾ ਦਿੱਤਾ ਜਾਵੇ, ਫਿਰ ਵੀ ਜਿਨ੍ਹਾਂ ਕੰਮਾਂ ਵਿੱਚ ਕੋਈ ਪ੍ਰਕਿਰਿਆ ਲੋੜੀਂਦੀ ਹੁੰਦੀ ਹੈ, ਉਸ ਦੀ ਦਰਖਾਸਤ ਮੌਕੇ 'ਤੇ ਹੀ ਸਬੰਧਤ ਅਧਿਕਾਰੀ ਨੂੰ ਸੌਂਪ ਦਿੱਤੀ ਜਾਂਦੀ ਹੈ, ਜਿਸ ਦਾ ਸਮਾਂਬੱਧ ਨਿਪਟਾਰਾ ਵੀ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਨਾਲ ਲੋਕ ਮਸਲਿਆਂ ਦਾ ਹੱਲ ਲੋਕਾਂ ਦੀਆਂ ਬਰੂਹਾਂ 'ਤੇ ਜਾ ਕੇ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅਪੀਲ ਕੀਤੀ ਕਿ ਲੋਕ ਇਨ੍ਹਾਂ ਜਨ ਸੁਣਵਾਈ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਹੀ ਪਿੰਡਾਂ/ਸ਼ਹਿਰਾਂ ਵਿੱਚ ਕੰਮ ਕਰਵਾਉਣ।

# ਡੈਮੋਕ੍ਰੇਟਿਕ ਟੀਚਰਜ਼ ਫਰੰਟ ਦਾ ਵਫਦ ਬੀ ਪੀ ਈ ਓ ਨੂੰ ਮਿਲਿਆ



ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨੂੰ ਮਿਲਣ ਸਮੇਂ ਵਫਦ ਦੇ ਮੈਂਬਰ।

**ਮੋਗਾ (ਅਮਰਜੀਤ ਬੱਬਰੀ)**-ਬਲਾਕ ਕਮੇਟੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਮੋਗਾ-1 ਦਾ ਵਫਦ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ੍ਰੀਮਤੀ ਸੁਨੀਤਾ ਨਾਰੰਗ ਨੂੰ ਡੈਮੋਕ੍ਰੇਟਿਕ ਟੀਚਰਜ਼ ਫਰੰਟ ਮੋਗਾ-1 ਦੇ ਬਲਾਕ ਪ੍ਰਧਾਨ ਅਮਰਦੀਪ ਸਿੰਘ ਬੁੱਟਰ ਦੀ ਅਗਵਾਈ ਵਿੱਚ ਮਿਲਿਆ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨਾਲ ਅਧਿਆਪਕਾਂ ਦੇ ਮੰਗਾਂ ਮਸਲਿਆਂ ਬਾਰੇ ਚਰਚਾ ਕੀਤੀ ਗਈ। ਸਬੰਧਤ ਅਧਿਕਾਰੀਆਂ ਤੋਂ ਸੇਵਾ ਮੁਕਤ ਅਧਿਆਪਕਾਂ ਦੇ ਮੈਡੀਕਲ ਬਿੱਲਾਂ ਦੇ ਬਕਾਇਆਂ ਬਾਰੇ ਗੱਲਬਾਤ ਦੌਰਾਨ ਸੰਬੰਧਤ ਅਧਿਕਾਰੀ ਨੇ ਦੱਸਿਆ ਕੇ ਬਜਟ ਅਲਾਟਮੈਂਟ ਲੇਟ ਹੋਣ ਕਾਰਨ ਤੇ ਆਨਲਾਇਨ ਸਿਸਟਮ ਠੀਕ ਤਰ੍ਹਾਂ ਨਾ ਚੱਲਣ ਕਾਰਨ ਕੁੱਝ ਅਧਿਆਪਕਾਂ ਦੇ ਬਿਲ ਆਨਲਾਈਨ ਨਹੀਂ ਹੋ ਸਕੇ। ਬਕਾਇਆ ਬਿਲ ਆਉਣ ਵਾਲੇ 1-2 ਦਿਨਾਂ ਵਿੱਚ ਆਨਲਾਈਨ ਕਰ ਦਿੱਤੇ ਜਾਣਗੇ ਤੇ ਜਲਦੀ ਹੀ ਸਬੰਧਤ ਕਰਮਚਾਰੀਆਂ ਨੂੰ ਭੁਗਤਾਨ ਕਰ ਦਿੱਤਾ ਜਾਵੇਗਾ। ਅਧਿਆਪਕਾਂ ਦੀਆਂ ਜੀ ਪੀ ਐੱਫ ਸਲਿੱਪਾਂ ਵੀ ਜਲਦੀ ਜਾਰੀ ਕਰ ਦਿੱਤੀਆਂ ਜਾਣਗੀਆਂ। ਤਨਖਾਹਾਂ 'ਚ ਦੇਰੀ ਬਾਰੇ ਸੰਬੰਧਤ ਅਧਿਕਾਰੀ ਨੇ ਦੱਸਿਆ ਕੇ ਬਜਟ ਲੇਟ ਆਇਆ ਸੀ ਤੇ ਬਾਅਦ 'ਚ ਖਜ਼ਾਨਾ ਦਫਤਰ ਵੱਲੋਂ ਇਤਰਾਜ਼ ਲੱਗ ਗਿਆ ਸੀ, ਜਿਸ ਨੂੰ ਦੂਰ ਕਰਕੇ ਬਿਲ ਦੁਬਾਰਾ ਜਮ੍ਹਾਂ ਕਰਵਾ ਦਿੱਤੇ ਗਏ ਹਨ। ਆਉਣ ਵਾਲੇ ਇੱਕ ਦੋ ਦਿਨਾਂ ਵਿੱਚ ਕਰਮਚਾਰੀਆਂ ਨੂੰ ਤਨਖਾਹ ਮਿਲ ਜਾਵੇਗੀ।

ਇਸ ਮੌਕੇ ਜ਼ਿਲ੍ਹਾ ਸਕੱਤਰ ਜਗਵੀਰਨ ਕੌਰ, ਬਲਾਕ ਸਕੱਤਰ ਗੁਰਸਰਨ ਸਿੰਘ, ਮੈਡਮ ਮਧੂ ਬਾਲਾ, ਮੈਡਮ ਮਨਜੀਤ ਕੌਰ, ਰਮਨ ਸਾਰਦਾ ਤੇ ਹਰਕੀਰਤ ਮਹਿਣਾ ਆਦਿ ਆਗੂ ਹਾਜ਼ਰ ਸਨ।

# ਸਮਰਾਲਾ-ਮਾਛੀਵਾੜਾ ਖਸਤਾ ਹਾਲ ਸੜਕ ਦੀ ਮੁਰੰਮਤ ਦਾ ਟੈਂਡਰ ਲਟਕਿਆ

## ਲੋਕਾਂ ਨੂੰ ਅਜੇ ਹੋਰ ਭੁਗਤਣਾ ਪਵੇਗਾ ਸੰਤਾਪ



ਸੀਵਰੇਜ ਬੋਰਡ ਵੱਲੋਂ ਪਾਈਪਾਂ ਪਾਉਣ ਲਈ ਪੁੱਟੀ ਜਾ ਰਹੀ ਮਾਛੀਵਾੜਾ-ਸਮਰਾਲਾ ਸੜਕ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-'ਆਪ' ਸਰਕਾਰ ਦੀ ਕਿਰਕਿਰੀ ਦਾ ਕਾਰਨ ਬਣੀ ਹੋਈ ਸਮਰਾਲਾ-ਮਾਛੀਵਾੜਾ ਸਤਲੁਜ ਪੁਲ ਤੱਕ ਖਸਤਾ ਹਾਲ ਸੜਕ ਦੀ ਮੁਰੰਮਤ ਦਾ ਕੰਮ ਟੈਂਡਰ ਤਕਨੀਕੀ ਕਾਰਨਾਂ ਕਰਕੇ ਲਟਕ ਗਿਆ ਤੇ ਲੋਕਾਂ ਨੂੰ ਹੁਣ ਡੂੰਘੇ ਖੱਡਿਆਂ ਦਾ ਹੋਰ ਸੰਤਾਪ ਭੁਗਤਨਾ ਪਵੇਗਾ। ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਪੁਨੀਤ ਕਲਿਆਣ ਨੇ ਦੱਸਿਆ ਕਿ 18 ਅਪ੍ਰੈਲ ਨੂੰ ਇਸ ਸੜਕ ਦੀ ਮੁਰੰਮਤ ਲਈ 25.81 ਕਰੋੜ ਦਾ ਟੈਂਡਰ ਖੋਲ੍ਹਿਆ ਜਾਣਾ ਸੀ, ਪਰ ਉਸ ਵਿੱਚ ਜੀ ਐੱਸ ਟੀ ਦੀ ਸ਼ਰਤ ਸਬੰਧੀ ਕੋਈ ਤਕਨੀਕੀ ਸਮੱਸਿਆ ਆ ਗਈ, ਜਿਸ ਕਾਰਨ ਇਹ ਟੈਂਡਰ ਦੁਬਾਰਾ ਲਗਾਇਆ ਜਾਵੇਗਾ। ਉਨ੍ਹਾ ਦੱਸਿਆ ਕਿ ਟੈਂਡਰ ਦੁਬਾਰਾ ਲਗਾਉਣ ਲਈ 21 ਦਿਨ ਤੋਂ 30 ਦਿਨ ਦਾ ਸਮਾਂ ਲੱਗ ਸਕਦਾ ਹੈ ਤੇ ਸੜਕ ਮੁਰੰਮਤ ਦਾ ਕੰਮ ਵੀ ਹੁਣ ਦੇਰੀ ਨਾਲ ਸ਼ੁਰੂ ਹੋਵੇਗਾ। ਸਮਰਾਲਾ-ਮਾਛੀਵਾੜਾ ਸਤਲੁਜ ਪੁਲ ਤੱਕ ਸੜਕ ਦੇ ਹਾਲਾਤ ਇਹ ਹੁੰਦੇ ਜਾ ਰਹੇ ਹਨ ਕਿ ਕਈ ਥਾਵਾਂ ਤੋਂ ਲੁੱਕ ਦਾ ਨਾਮੋ-ਨਿਸ਼ਾਨ ਹੀ ਮਿਟ ਗਿਆ ਹੈ ਤੇ ਡੂੰਘੇ ਖੱਡਿਆਂ ਕਾਰਨ ਹਾਦਸੇ ਵਾਪਰ ਰਹੇ ਹਨ। ਇਸ ਤੋਂ ਇਲਾਵਾ ਮਾਛੀਵਾੜਾ ਅਨਾਜ ਮੰਡੀ ਤੋਂ ਰਾਹੋਂ ਰੋਡ ਤੱਕ ਸੀਵਰੇਜ ਵਿਭਾਗ ਵੱਲੋਂ ਨਵੀਆਂ ਪਾਈਪਾਂ ਵਿਛਾਈਆਂ ਜਾ ਰਹੀਆਂ ਹਨ ਅਤੇ ਜੋ ਕੁਝ ਸੜਕ ਬਚੀ ਸੀ, ਉਹ ਵੀ ਪੁੱਟ ਦਿੱਤੀ ਗਈ ਜੋ ਕਿ ਰਾਹਗੀਰਾਂ ਲਈ ਪ੍ਰੇਸ਼ਾਨੀ ਬਣ ਗਈ ਹੈ। ਸੀਵਰੇਜ ਲਈ ਪੁੱਟੀ ਸੜਕ ਕਾਰਨ ਉੱਡਦੀ ਧੂੜ ਤੇ ਡੂੰਘੇ ਖੱਡਿਆਂ 'ਚੋਂ ਲੰਘਣ ਵਾਲੇ ਲੋਕ ਸਰਕਾਰਾਂ ਨੂੰ ਕੋਸਦੇ ਹਨ ਕਿ ਇਸ ਸੜਕ ਦੀ ਮੁਰੰਮਤ ਨਾ ਪਿਛਲੀਆਂ ਅਕਾਲੀ ਤੇ ਕਾਂਗਰਸ ਸਰਕਾਰਾਂ ਨੇ ਕਰਵਾਈਆਂ ਤੇ ਹੁਣ 'ਆਪ' ਸਰਕਾਰ ਨੂੰ ਵੀ ਇੱਕ ਸਾਲ ਤੋਂ ਵੱਧ ਦਾ ਸਮਾਂ ਬੀਤ ਗਿਆ, ਪਰ ਅਜੇ ਤੱਕ ਮੁਰੰਮਤ ਦਾ ਕੰਮ ਟੈਂਡਰਾਂ ਤੱਕ ਹੀ ਮਸਾਂ ਪੁੱਜਾ ਹੈ।

### ਚੈੱਕ ਬਾਊਂਸ ਮਾਮਲੇ 'ਚ 6 ਮਹੀਨੇ ਦੀ ਸਜ਼ਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਦੀ ਅਦਾਲਤ ਵੱਲੋਂ ਚੈੱਕ ਬਾਊਂਸ ਮਾਮਲੇ 'ਚ ਇੱਕ ਵਿਅਕਤੀ ਨੂੰ 6 ਮਹੀਨੇ ਦੀ ਸਜ਼ਾ ਦਾ ਹੁਕਮ ਸੁਣਾਇਆ। ਜਾਣਕਾਰੀ ਅਨੁਸਾਰ ਮੁੱਦਈਆ ਪਰਮਜੀਤ ਕੌਰ ਪਤਨੀ ਹਰਬੰਸ ਸਿੰਘ ਵਾਸੀ ਵਾਰਡ ਨੰਬਰ 2 ਮੁੱਦਕੀ ਤਹਿਸੀਲ ਤੇ ਜ਼ਿਲ੍ਹਾ ਫ਼ਿਰੋਜ਼ਪੁਰ ਨੇ ਵਕੀਲ ਗੁਰਵਿੰਦਰ ਸਿੰਘ ਸੰਧੂ ਕਰਮੂਵਾਲਾ ਰਾਹੀਂ ਦਾਇਰ ਮਾਮਲੇ 'ਚ ਅਦਾਲਤ ਨੂੰ ਦੱਸਿਆ ਕਿ ਉਸ ਨੇ ਮੁਲਜ਼ਮ ਨਿਰਮਲ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਮਾਹਲਾ ਰੋਡ ਨੇੜੇ ਮਾਸਟਰ ਧਰਮ ਕੰਡਾ ਮੁੱਦਕੀ ਨੂੰ 2 ਲੱਖ ਰੁਪਏ ਸਾਲ 2018 ਵਿਚ ਉਧਾਰ ਦਿੱਤੇ ਸਨ ਤੇ ਜਿਸ ਦੇ ਇਵਜ ਵਿੱਚ ਨਿਰਮਲ ਸਿੰਘ ਨੇ 2 ਲੱਖ ਰੁਪਏ ਦਾ ਓਰੀਐਂਟਲ ਬੈਂਕ ਆਫ਼ ਕਾਮਰਸ ਦਾ 18 ਸਤੰਬਰ 2019 ਵਾਲਾ ਚੈੱਕ ਮੁਦਈਆ ਦੇ ਹੱਕ 'ਚ ਜਾਰੀ ਕਰ ਦਿੱਤਾ। ਚੈੱਕ ਖਾਤੇ ਵਿੱਚ ਲਾਉਣ ਉਪਰੰਤ ਬਾਊਂਸ ਹੋ ਗਿਆ। ਚੱਲੇ ਮਾਮਲੇ ਵਿੱਚ ਪੇਸ਼ ਸਬੂਤਾਂ ਨੂੰ ਦੇਖਦੇ ਹੋਏ ਜੁਡੀਸ਼ੀਅਲ ਮੈਜਿਸਟ੍ਰੇਟ ਮੈਡਮ ਨਵਜੀਤ ਪਾਲ ਕੌਰ ਦੀ ਅਦਾਲਤ ਨੇ ਨਿਰਮਲ ਸਿੰਘ ਨੂੰ ਦੋਸ਼ੀ ਕਰਾਰ ਦਿੰਦੇ ਹੋਏ 6 ਮਹੀਨੇ ਦੀ ਸਜ਼ਾ ਦਾ ਹੁਕਮ ਸੁਣਾਉਂਦੇ ਹੋਏ ਮੁਆਵਜ਼ੇ ਦੇ ਤੌਰ 'ਤੇ ਚੈੱਕ ਬਰਾਬਰ ਰਕਮ 9 ਪ੍ਰਤੀਸ਼ਤ ਸਾਲਾਨਾ ਵਿਆਜ ਸਮੇਤ ਮੁਦਈਆ ਪਰਮਜੀਤ ਕੌਰ ਨੂੰ ਦੇਣ ਦਾ ਹੁਕਮ ਸੁਣਾਇਆ।

# ਗਰਗ ਪਰਵਾਰ ਵੱਲੋਂ ਬਾਲਾ ਜੀ ਦੀ ਚੌਕੀ



**ਰਾਜਪੁਰਾ (ਰਮੇਸ਼ ਕਟਾਰੀਆ)**-ਬੀਤੀ ਰਾਤ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਸ਼ਨਜ਼ ਬਨੂੰੜ ਵਿੱਚ ਸਮੂਹ ਗਰਗ ਪਰਿਵਾਰ ਵੱਲੋਂ ਬਾਲਾ ਜੀ ਦੀ ਚੌਕੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਚੰਡੀਗੜ੍ਹ, ਪੰਚਕੂਲਾ, ਰਾਜਪੁਰਾ, ਅੰਬਾਲਾ ਤੇ ਦੂਰ ਦੂਰ ਤੋਂ ਸੰਗਤਾਂ ਨੇ ਹਾਜ਼ਰੀ ਭਰੀ। ਬਾਲਾ ਜੀ ਪ੍ਰਚਾਰ ਮੰਡਲ ਚੰਡੀਗੜ੍ਹ ਵੱਲੋਂ ਬਾਲਾ ਜੀ ਦੀ ਜੀਵਨੀ 'ਤੇ ਅਧਾਰਤ ਅਤੇ ਪ੍ਰਭੂ ਦੇ ਗੁਣਗਾਨ ਕੀਤੇ ਗਏ। ਦੇਰ ਰਾਤ ਚੱਲੇ ਪ੍ਰੋਗਰਾਮ ਤੋਂ ਉਪਰੰਤ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਵੀ ਸੀ।

# ਫਸਲ ਦੀ ਵਿਭਿੰਨਤਾ ਸਮੇਂ ਦੀ ਮੁੱਖ ਲੋੜ : ਡਾ. ਬਰਾੜ



ਹਰਬੰਸ ਸਿੰਘ ਜੌਹਲ ਦੇ ਖੇਤ 'ਚ ਗੰਨੇ ਦੀ ਕਾਸ਼ਤ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਡਾ. ਜਸਵਿੰਦਰ ਸਿੰਘ ਬਰਾੜ ਪੌਦ ਸੁਰੱਖਿਅਤ ਅਫਸਰ ਮੋਗਾ।

**ਅਜੀਤਵਾਲ (ਨਛੱਤਰ ਸੰਧੂ)**-ਜ਼ਿਲ੍ਹੇ ਵਿੱਚ ਝੋਨੇ ਹੇਠੋਂ ਰਕਬਾ ਘਟਾ ਕੇ ਹੋਰ ਫਸਲਾਂ ਜਿਵੇਂ ਕਿ ਨਰਮਾ, ਕਪਾਹ, ਮੱਕੀ, ਗੰਨਾ ਤੇ ਦਾਲਾਂ ਹੇਠ ਵਧਾਉਣ ਦੇ ਸੰਦਰਭ ਵਿੱਚ ਪਿੰਡ ਧੱਲੇਕੇ ਵਿਖੇ ਸਾਬਕਾ ਸਰਪੰਚ ਤੇ ਅਗਾਂਹਵਧੂ ਕਿਸਾਨ ਹਰਬੰਸ ਸਿੰਘ ਜੌਹਲ ਤੇ ਬਲਵੰਤ ਸਿੰਘ ਜੌਹਲ ਦੇ ਖੇਤ ਵਿੱਚ ਗੰਨੇ ਦੇ ਬੀਜ ਦੀ ਇੱਕ ਅੱਖ ਤੋਂ ਟ੍ਰੇਆਂ ਵਿੱਚ ਤਿਆਰ ਕੀਤੀ ਨਰਸਰੀ ਰਾਹੀਂ ਗੰਨੇ ਦੀ ਕਾਸ਼ਤ ਦਾ ਪ੍ਰਦਰਸ਼ਨੀ ਪਲਾਂਟ ਲਗਾਇਆ ਗਿਆ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਮਨਜੀਤ ਸਿੰਘ ਤੇ ਸਟੇਟ ਐਵਾਰਡੀ ਡਾ. ਜਸਵਿੰਦਰ ਸਿੰਘ ਬਰਾੜ ਪੌਦ ਸੁਰੱਖਿਅਤ ਅਫਸਰ ਮੋਗਾ ਨੇ ਖੇਤ ਦਿਵਸ ਦੌਰਾਨ ਹਾਜ਼ਰ ਕਿਸਾਨਾਂ ਨਾਲ ਜਾਣਕਾਰੀ ਸਾਂਝੀ ਕਰਦੇ ਕਿਹਾ ਕਿ ਕੁਦਰਤ ਦਾ ਅਨਮੋਲ ਖਜ਼ਾਨਾ ਧਰਤੀ ਹੇਠਲਾ ਪਾਣੀ, ਜੋ ਕਿ ਬੇਤਹਾਸ਼ਾ ਝੋਨੇ ਦੀ ਫਸਲ ਲਈ ਤਕਰੀਬਨ 15 ਲੱਖ ਸਬਮਰਸੀਬਲ ਟਿਊਬਵੈੱਲ ਮੋਟਰਾਂ ਨਾਲ ਕੱਢਣ ਕਰਕੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ, ਜਿਸ ਨਾਲ ਪੰਜਾਬ ਦੇ 117 ਬਲਾਕ ਡਾਰਕ ਜ਼ੋਨ ਘੋਸ਼ਿਤ ਕੀਤੇ ਜਾ ਚੁੱਕੇ ਹਨ। ਸੋ ਅਜਿਹੀ ਸਥਿਤੀ ਵਿੱਚ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਧਰਤੀ ਹੇਠਲੇ ਪਾਣੀ ਦੀ ਤੇ ਨਹਿਰੀ ਪਾਣੀ ਸੁਚੱਜੀ ਵਰਤੋਂ ਕਰੀਏ। ਇਸ ਮੌਕੇ ਗੰਨੇ ਦੀ ਕਾਸ਼ਤ ਸੰਬੰਧੀ ਜਾਣਕਾਰੀ ਦਿੰਦਿਆਂ ਉਨ੍ਹਾ ਕਿਹਾ ਕਿ ਸਿੰਗਲ ਅੱਖ ਤਕਨੀਕ ਰਾਹੀਂ ਤਿਆਰ ਕੀਤੀ ਪਨੀਰੀ ਨਾਲ ਗੰਨੇ ਦੀ ਕਾਸ਼ਤ ਕਰਨ ਤੇ ਘੱਟ ਖਰਚੇ ਨਾਲ ਵੱਧ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤਕਨੀਕ ਨਾਲ ਕੇਵਲ ਪੰਜ ਹਜ਼ਾਰ ਬੂਟਿਆਂ ਨਾਲ ਇੱਕ ਏਕੜ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਨਾਲ ਬੀਜ ਦੀ 75% ਬਚਤ ਕੀਤੀ ਜਾ ਸਕਦੀ ਹੈ। ਘੱਟੋ-ਘੱਟ 4 ਫ਼ੁੱਟ ਦੀ ਦੂਰੀ ਦਾ ਲਾਈਨ ਤੋਂ ਲਾਈਨ ਤੇ 2 ਫ਼ੁੱਟ ਬੂਟੇ ਤੋਂ ਬੂਟੇ ਦਾ ਫਾਸਲਾ ਰੱਖ ਕੇ ਵੀ ਕਿਸਾਨ ਚੋਖਾ ਝਾੜ ਪ੍ਰਾਪਤ ਕਰ ਸਕਦੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਰੁਕਿੰਦਰ ਸਿੰਘ ਤੇ ਡਾ. ਬਲਜਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ ਹਾਜ਼ਰ ਹਨ।

# ਭਾਖੜਾ ਨਹਿਰ ਕੰਢਿਓਂ ਗੰਭੀਰ ਜ਼ਖਮੀ ਔਰਤ ਮਿਲੀ



ਗੰਭੀਰ ਹਾਲਤ 'ਚ ਨਹਿਰ ਕੰਢੇ ਡਿੱਗੀ ਪਈ ਔਰਤ ਦੀ ਤਸਵੀਰ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵੀਰਵਾਰ ਸਵੇਰੇ ਪਿੰਡ ਫਿਰੋਜ਼ਪੁਰ ਕੋਲੋਂ ਲੰਘਦੀ ਭਾਖੜਾ ਨਹਿਰ ਕੰਢੇ ਖੇਤਾਂ 'ਚ ਕੰਮ ਕਰ ਰਹੇ ਪ੍ਰਵਾਸੀ ਮਜ਼ਦੂਰਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰਕੇ ਸੁੱਟੀ ਗਈ ਇੱਕ ਔਰਤ ਮਿਲੀ, ਜਿਸ ਸਬੰਧੀ ਪੁਲਸ ਨੂੰ ਸੂਚਿਤ ਕਰਕੇ ਪਿੰਡ ਵਾਸੀਆਂ ਵੱਲੋਂ ਐਂਬੂਲੈਂਸ ਦੀ ਮਦਦ ਨਾਲ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਹਾਲਤ ਗੰਭੀਰ ਦੇਖਦਿਆਂ ਉਸ ਨੂੰ ਪੀ.ਜੀ.ਆਈ. ਚੰਡੀਗੜ੍ਹ ਰੈਫਰ ਕਰ ਦਿੱਤਾ। ਮੌਕੇ 'ਤੇ ਪਹੁੰਚੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਫਿਰੋਜ਼ਪੁਰ ਦੇ ਸਾਬਕਾ ਸਰਪੰਚ ਕੁਲਦੀਪ ਸਿੰਘ ਨੇ ਦੱਸਿਆ ਕਿ ਭਾਖੜਾ ਨਹਿਰ ਨੇੜੇ ਲਗਦੇ ਉਸਦੇ ਖੇਤਾਂ 'ਚ ਅੱਜ ਸਵੇਰੇ ਕੁਝ ਪ੍ਰਵਾਸੀ ਮਜ਼ਦੂਰ ਕਣਕ ਦੀਆਂ ਲਾਗਾਂ ਵੱਢ ਰਹੇ ਸਨ ਤਾਂ ਉਨ੍ਹਾਂ ਨੂੰ ਗੰਭੀਰ ਹਾਲਤ 'ਚ ਡਿੱਗੀ ਪਈ ਇੱਕ ਔਰਤ ਮਿਲੀ, ਜਿਨ੍ਹਾਂ ਵੱਲੋਂ ਫੋਨ ਰਾਹੀਂ ਸੂਚਿਤ ਕੀਤੇ ਜਾਣ 'ਤੇ ਉਹ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਉੱਥੇ ਪਹੁੰਚਿਆ ਤਾਂ ਉਕਤ ਜ਼ਖਮੀ ਔਰਤ ਨੇ ਦੱਸਿਆ ਕਿ ਉਸ ਦਾ ਨਾਮ ਬਲਵੀਰ ਕੌਰ ਹੈ ਤੇ ਉਹ ਪਿੰਡ ਫਰੌਰ ਦੀ ਰਹਿਣ ਵਾਲੀ ਹੈ ਤੇ ਬੀਤੇ ਕੱਲ੍ਹ ਕੁਝ ਵਿਅਕਤੀ ਉਸ ਦੀ ਬਲੀ ਦੇਣ ਦੀ ਨੀਅਤ ਨਾਲ ਉਸ ਨੂੰ ਨਹਿਰ ਕੰਢੇ ਲੈ ਕੇ ਆਏ ਸਨ, ਜਿਨ੍ਹਾਂ ਨੇ ਦਾਤਾਂ ਨਾਲ ਉਸ ਨੂੰ ਬੁਰੀ ਤਰ੍ਹਾਂ ਵੱਢਣ ਤੋਂ ਬਾਅਦ ਮਰੀ ਹੋਏ ਸਮਝ ਕੇ ਨਹਿਰ ਕੰਢੇ ਸੁੱਟ ਦਿੱਤਾ। ਪਿੰਡ ਵਾਸੀਆਂ ਨੇ ਦੱਸਿਆ ਨਹਿਰ ਦਾ ਇਹ ਕੰਢਾ ਬਿਲਕੁੱਲ ਸੁੰਨਸਾਨ ਹੈ, ਪਰ ਕੁਲਦੀਪ ਸਿੰਘ ਦੇ ਖੇਤਾਂ 'ਚ ਕੰਬਾਈਨ ਨੇ ਆਉਣਾ ਸੀ, ਜਿਸ ਕਰਕੇ ਉਸ ਨੇ ਮਜ਼ਦੂਰਾਂ ਨੂੰ ਇਸ ਪਾਸੇ ਕਣਕ ਦੀਆਂ ਲਾਗਾਂ ਵੱਢਣ ਲਈ ਭੇਜ ਦਿੱਤਾ ਤੇ ਇਸ ਔਰਤ ਦੀ ਜਾਨ ਬਚ ਗਈ।

# ਲੋਕ ਗਾਇਕ ਬਲਧੀਰ ਮਾਹਲਾ ਦੇ ਗੀਤ ਦੀ ਸ਼ੂਟਿੰਗ ਮੁਕੰਮਲ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਲੋਕ ਗਾਇਕ ਬਲਧੀਰ ਮਾਹਲਾ ਦੇ ਵਿਅੰਗਆਤਮਕ ਨਿਹੋਰਿਆਂ ਭਰੇ ਵੱਖਰੇ ਗੀਤ ਤੂੰਬੀ ਮਾਹਲੇ ਦੀ ਲੋਕ ਗਾਇਕ ਬਲਧੀਰ ਮਾਹਲਾ ਦੇ ਗੀਤ ਦਾ ਫਿਲਮਾਂਕਣ ਪੂਰਾ ਹੋ ਚੁੱਕਾ ਹੈ। ਇਸ ਸਬੰਧੀ ਬਲਧੀਰ ਮਾਹਲਾ ਆਫੀਸ਼ੀਅਲਜ਼ ਯੂ ਟਿਊਬ ਚੈਨਲ ਦੇ ਪ੍ਰੈੱਸ ਸਕੱਤਰ ਸ਼੍ਰੀ ਧਰਮ ਪ੍ਰਵਾਨਾ ਨੇ ਦੱਸਿਆ ਕਿ ਇਸ ਗੀਤ ਨੂੰ ਕਲਮਬੱਧ, ਸੁਰਬੱਧ ਤੇ ਗਾਇਆ ਬਲਧੀਰ ਮਾਹਲਾ, ਸੰਗੀਤ, ਮਿਕਸ ਤੇ ਮਾਸਟਰ ਨਾਮਵਰ ਸੰਗੀਤਕਾਰ ਸੰਨੀ ਸੈਵਨ ਨੇ ਤਿਆਰ ਕੀਤਾ ਹੈ, ਜਦੋਂ ਕਿ ਫਿਲਮਾਂਕਣ ਦਾ ਸਾਰਾ ਕੰਮ ਉੱਘੇ ਵੀਡੀਓ ਨਿਰਦੇਸ਼ਕ ਸੋਨੂ ਸੇਖੋਂ ਨੇ ਨੇਪਰੇ ਚਾੜ੍ਹਿਆ ਹੈ। ਤੂੰਬੀ ਮਾਹਲੇ ਦੀ ਗੀਤ ਦੀ ਸ਼ੂਟਿੰਗ ਉੱਘੇ ਗੀਤਕਾਰ ਤੇ ਸਾਬਕਾ ਪੁਲਸ ਅਫਸਰ ਕੰਵਲਜੀਤ ਸਿੰਘ ਢਿੱਲੋਂ ਦੀ ਦੇਖ ਰੇਖ 'ਚ ਫਰੀਦਕੋਟ ਤੇ ਪਿੰਡ ਢੁੱਡੀ ਦੀਆਂ ਵੱਖ ਵੱਖ ਥਾਂਵਾਂ 'ਤੇ ਕੀਤੀ ਗਈ ਹੈ। ਜਿੱਥੇ ਨਗਰ ਨਿਵਾਸੀਆਂ ਨੇ ਸਹਿਯੋਗ ਦੇ ਕੇ ਆਪਣੀ ਭੂਮਿਕਾ ਵੀ ਨਿਭਾਈ, ਉੱਥੇ ਨਾਮਵਰ ਅਦਾਕਾਰਾਂ ਗੁਰਮਨ ਕਲਿਆਣ, ਸ਼ੁੱਭਦੀਪ ਸਿੰਘ, ਕਿਰਨ ਕੌਰ, ਗੁਰਪ੍ਰੀਤ ਕੌਰ ਕਲਿਆਣ, ਗੁਰਪ੍ਰੀਤ ਸਿੰਘ ਗਿੱਲ ਤੇ ਸੋਨੂ ਅਰੋੜਾ ਨੇ ਆਪੋ ਆਪਣੇ ਅਹਿਮ ਕਿਰਦਾਰ ਬਾਖੂਬੀ ਨਿਭਾਏ। ਸ਼੍ਰੀ ਧਰਮ ਪ੍ਰਵਾਨਾ ਨੇ ਦੱਸਿਆ ਕਿ ਬਲਧੀਰ ਮਾਹਲਾ ਆਫ਼ੀਸ਼ੀਅਲਜ਼ ਯੂ ਟਿਊਬ ਚੈਨਲ ਸਾਹਿਤ ਪ੍ਰੇਮੀਆਂ ਦੋਸਤਾਂ ਮਿੱਤਰਾਂ ਦੇ ਕਹਿਣ ਤੇ ਸਹਿਯੋਗ ਨਾਲ ਬਲਧੀਰ ਮਾਹਲਾ ਦੇ ਨਾਮ 'ਤੇ ਹੀ ਬਣਾਇਆ ਗਿਆ ਹੈ। ਇਹ ਯੂ ਟਿਊਬ ਚੈਨਲ ਬਣਾਉਣ ਦਾ ਮੁੱਖ ਮਕਸਦ ਪੰਜਾਬੀ ਸੱਭਿਆਚਾਰ ਦੇ ਪ੍ਰਚਾਰ, ਪਾਸਾਰ ਤੇ ਵਿਕਾਸ ਲਈ ਉਪਰਾਲਾ ਕਰਨਾ ਹੈ। ਇਸ ਪਲੇਟ ਫਾਰਮ 'ਤੇ ਜਿੱਥੇ ਨਾਮਵਰ ਸ਼ਖਸੀਅਤਾਂ ਨੂੰ ਪੇਸ਼ ਕਰਨ ਦੇ ਯਤਨ ਕੀਤੇ ਜਾਣਗੇ, ਉੱਥੇ ਉੱਭਰ ਰਹੇ ਕਲਾਕਾਰਾਂ ਨੂੰ ਵੀ ਆਪਣੀਆਂ ਕਲਾਵਾਂ ਪੇਸ਼ ਕਰਨ ਦਾ ਪੂਰਾ ਮੌਕਾ ਤੇ ਸਹਿਯੋਗ ਦਿੱਤਾ ਜਾਵੇਗਾ।

ਇਸ ਮੌਕੇ ਜਨਿੰਦਰ ਜੈਨ ਤੇ ਕੰਵਲਜੀਤ ਸਿੰਘ ਢਿੱਲੋਂ ਦੀ ਨਿਵੇਕਲੀ ਤੇ ਮਾਣਮੱਤੀ ਪੇਸ਼ਕਸ਼ ਤੂੰਬੀ ਮਾਹਲੇ ਦੀ ਨੂੰ ਬਲਧੀਰ ਮਾਹਲਾ ਆਫ਼ੀਸ਼ੀਲਜ਼ ਯੂ ਟਿਊਬ ਚੈਨਲ 'ਤੇ ਵਰਲਡ ਵਾਈਡ ਬਹੁਤ ਜਲਦੀ ਲੋਕ ਅਰਪਣ ਕੀਤਾ ਜਾ ਰਿਹਾ ਹੈ।

ਉਨ੍ਹਾ ਕਿਹਾ ਕਿ ਬਲਧੀਰ ਮਾਹਲਾ ਦਾ ਇਹ ਗੀਤ ਵੀ ਕੁੱਕੂ ਰਾਣਾ ਰੋਂਦਾ ਤੇ ਮਾਂ ਦਿਆ ਸੁਰਜਣਾ ਵਾਂਗ ਸਰੋਤਿਆਂ ਦੀ ਕਸਵੱਟੀ 'ਤੇ ਖਰਾ ਉੱਤਰੇਗਾ ਤੇ ਆਪਣਾ ਵੱਖਰਾ ਇਤਿਹਾਸ ਸਿਰਜੇਗਾ।

# ਪੁੱਟ ਕੇ ਸੁੱਟੇ ਫਰਸ਼ ਦਾ ਨਿਰਮਾਣ ਨਾ ਹੋਣ 'ਤੇ ਮੁਹੱਲਾ ਵਾਸੀਆਂ 'ਚ ਰੋਸ



**ਤਪਾ ਮੰਡੀ (ਅਰੁਣ ਗੋਇਲ)**-ਨਗਰ ਕੌਂਸਲ ਤਪਾ ਦੇ ਠੇਕੇਦਾਰ ਵੱਲੋਂ ਸੁਖਾਨੰਦ ਬਸਤੀ ਗੀਤਾ ਭਵਨ ਦੇ ਨਾਲ ਵਾਲੀ ਗਲੀ 'ਚੋਂ ਪੁਰਾਣੀਆਂ ਇੰਟਰਲਾਕਿੰਗ ਟਾਈਲਾਂ ਪੁੱਟ ਕੇ ਸੁੱਟਣ ਨਾਲ ਆਉਣ-ਜਾਣ ਵਾਲੇ ਮੁਹੱਲਾ ਨਿਵਾਸੀਆਂ ਲਈ ਮੁਸ਼ਕਲਾਂ ਵਧਣ ਕਾਰਨ ਲੋਕਾਂ 'ਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਇਸ ਸੰਬੰਧੀ ਮੁਹੱਲਾ ਨਿਵਾਸੀਆਂ ਦਾ ਕਹਿਣਾ ਹੈ ਕਿ ਲਗਭਗ 15 ਦਿਨ ਪਹਿਲਾਂ ਠੇਕੇਦਾਰ ਨੇ ਪੁਰਾਣੀਆਂ ਇੰਟਰਲਾਕਿੰਗ ਟਾਈਲਾਂ ਪੁੱਟਣ ਸਮੇਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਫਰਸ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰ ਦੇਵੇਗਾ, ਪਰ ਸਮਾਂ ਗੁਜ਼ਰਨ ਦੇ ਬਾਵਜੂਦ ਠੇਕੇਦਾਰ ਨੇ ਕੰਮ ਵੱਲ ਮੂੰਹ ਵੀ ਨਹੀਂ ਕੀਤਾ। ਲੋਕਾਂ ਨੂੰ ਅਪਣੇ ਘਰਾਂ 'ਚ ਦੋ ਪਹੀਆ ਵਾਹਨਾਂ ਰਾਹੀਂ ਆਉਣ 'ਚ ਬਹੁਤ ਦਿੱਕਤ ਆਉਂਦੀ ਹੈ, ਰਾਤ ਸਮੇਂ ਹੋਰ ਵੀ ਜ਼ਿਆਦਾ ਵੱਧ ਜਾਂਦੀ ਹੈ।

ਇੱਕ ਮੁਹੱਲਾ ਨਿਵਾਸੀ ਦਾ ਕਹਿਣਾ ਹੈ ਕਿ ਉਸ ਦੇ ਘਰ ਧਾਰਮਿਕ ਸਮਾਗਮ ਰੱਖਿਆ ਹੋਇਆ ਹੈ, ਉਹ ਸੋਚਣ ਲਈ ਮਜਬੂਰ ਹੋਇਆ ਪਿਆ ਹੈ ਕਿ ਉਹ ਕੀ ਕਰੇ? ਉਸ ਨੇ ਨਗਰ ਕੌਂਸਲ ਦੇ ਅਧਿਕਾਰੀਆਂ, ਪ੍ਰਬੰਧਕਾਂ ਤੇ ਵਾਰਡ ਕੌਂਸਲਰ ਦੇ ਧਿਆਨ 'ਚ ਵੀ ਲਿਆਂਦਾ ਗਿਆ ਹੈ, ਪਰ ਕੋਈ ਵੀ ਸੁਨਣ ਨੂੰ ਤਿਆਰ ਨਹੀਂ ਹੈ ਅਤੇ ਗਲੀ 'ਚ ਆਵਾਰਾ ਪਸ਼ੂ ਆ ਕੇ ਬੈਠਣ ਨਾਲ ਹੋਰ ਵੀ ਮੁਸ਼ਕਲ ਵੱਧ ਗਈ ਹੈ। ਇਸ ਸੰਬੰਧੀ ਪ੍ਰਤੀਨਿਧ ਨੇ ਵੀ 15 ਦਿਨ ਪਹਿਲਾਂ ਸੰਬੰਧਤ ਠੇਕੇਦਾਰ ਨਾਲ ਗੱਲ ਕੀਤੀ ਸੀ, ਜਿਸ ਨੇ ਭਰੋਸਾ ਦਿੱਤਾ ਸੀ ਕਿ 1-2 ਦਿਨਾਂ 'ਚ ਗਲੀ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਜਾਵੇਗਾ। ਜਦ ਨਗਰ ਕੌਂਸਲ ਦੇ ਇੱਕ ਕਰਮਚਾਰੀ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਐੱਸ ਓ ਨਾਲ ਗੱਲ ਕਰ ਲਵੋ, ਜਦ ਐੱਸ ਓ ਨਾਲ ਗੱਲਬਾਤ ਕਰਨਾ ਚਾਹੀ ਤਾਂ ਉਨ੍ਹਾ ਫੋਨ ਨਹੀਂ ਚੁੱਕਿਆ, ਜਿਸ ਕਾਰਨ ਮੁਹੱਲਾ ਨਿਵਾਸੀਆਂ 'ਚ ਨਗਰ ਕੌਂਸਲ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ।

# ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੀ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨਾਲ ਮੀਟਿੰਗ



**ਸਮਰਾਲਾ (ਸੁਰਜੀਤ ਸਿੰਘ)**

ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਵੱਲੋਂ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਫੂਡ ਪ੍ਰੋਸੈਸਿੰਗ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਰਿਹਾਇਸ਼ ਦਾ ਸਰਕਾਰ ਵੱਲੋਂ ਮੰਨੀਆਂ ਗਈ ਮੰਗਾਂ ਨੂੰ ਲਾਗੂ ਕਰਵਾਉਣ ਤੇ ਬੇਮੌਸਮੀ ਬਰਸਾਤ ਤੇ ਗੜੇਮਾਰੀ ਕਾਰਨ ਖਰਾਬ ਹੋਈਆਂ ਫਸਲਾਂ ਦੇ ਮੁਆਵਜ਼ੇ ਲਈ ਘਿਰਾਓ ਕੀਤਾ ਗਿਆ, ਜਿਸ ਉਪਰੰਤ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਨੂੰ ਮੀਟਿੰਗ ਦਿੱਤੀ ਗਈ। ਇਨ੍ਹਾਂ ਮੰਗਾਂ ਸਬੰਧੀ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੇ ਆਗੂਆਂ ਦੀ ਮੀਟਿੰਗ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਉਨ੍ਹਾਂ ਦੇ ਦਫ਼ਤਰ ਮੇਨ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ।

ਮੀਟਿੰਗ ਵਿੱਚ ਜਗਜੀਤ ਸਿੰਘ ਡੱਲੇਵਾਲ, ਗੁਰਿੰਦਰ ਸਿੰਘ ਭੰਗੂ, ਇੰਦਰਜੀਤ ਸਿੰਘ ਕੋਟ ਬੁੱਢਾ, ਸੁਖਜਿੰਦਰ ਸਿੰਘ ਖੋਸਾ, ਸੁਖਦੇਵ ਸਿੰਘ ਭੋਜਰਾਜ, ਸੁਖਜੀਤ ਸਿੰਘ ਹਰਦੋ ਝੰਡੇ, ਬਲਦੇਵ ਸਿੰਘ ਸਿਰਸਾ, ਰਘਬੀਰ ਸਿੰਘ ਭੰਗਾਲਾ, ਰਜਿੰਦਰ ਸਿੰਘ ਬੈਨੀਪਾਲ, ਪਲਵਿੰਦਰ ਸਿੰਘ ਮਾਹਲ, ਸਾਹਿਬ ਸਿੰਘ ਸਭਰਾ, ਜਗਜੀਤ ਸਿੰਘ ਮੰਡ ਕਿਸਾਨ ਆਗੂ ਸ਼ਾਮਲ ਹੋਏ। ਕਿਸਾਨ ਆਗੂਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਸਰਕਾਰ ਨੇ ਵਾਅਦਾ ਕੀਤਾ ਕਿ ਜੋ ਸਰਕਾਰ ਵੱਲੋਂ 5 ਏਕੜ ਤੱਕ ਹੀ ਮੁਆਵਜ਼ਾ ਦੇਣ ਦੀ ਸ਼ਰਤ ਹਟਾ ਦਿੱਤੀ ਜਾਵੇਗੀ ਤੇ ਸਰਕਾਰ ਵੱਲੋਂ ਤੁਰੰਤ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਇਹ ਸ਼ਰਤ ਹਟਾਉਣ ਦੇ ਹੁਕਮ ਜਾਰੀ ਕਰ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਕਣਕ ਦੀ ਖਰੀਦ ਸਮੇਂ ਲੱਗਣ ਵਾਲੇ ਕੁਆਲਟੀ ਕੱਟ ਨੂੰ ਪੰਜਾਬ ਸਰਕਾਰ ਵੱਲੋਂ ਝੱਲਣ ਦਾ ਐਲਾਨ ਕੀਤਾ ਗਿਆ ਸੀ, ਪ੍ਰੰਤੂ ਉਸ ਦਾ ਗਰਾਊਂਡ ਪੱਧਰ 'ਤੇ ਕੋਈ ਅਸਰ ਨਹੀਂ ਦਿਖਾਈ ਦੇ ਰਿਹਾ ਸੀ, ਪ੍ਰੰਤੂ 15 ਅਪ੍ਰੈਲ ਨੂੰ ਘਿਰਾਓ ਤੋਂ ਬਾਅਦ ਕਿਸਾਨਾਂ ਨੂੰ ਲੱਗਣ ਵਾਲਾ ਕੁਆਲਿਟੀ ਕੱਟ ਬੰਦ ਕਰ ਦਿੱਤਾ ਗਿਆ ਤੇ ਕਿਸਾਨਾਂ ਦੀ ਫਸਲ ਦੇ ਜੇ ਫਾਰਮ ਪੂਰੇ ਰੇਟ 'ਤੇ ਬਣਾਉਣੇ ਸ਼ੁਰੂ ਕਰ ਦਿੱਤੇ ਗਏ ਅਤੇ 2021 ਤੇ 2022 ਦੌਰਾਨ ਖਰਾਬ ਹੋਈਆਂ ਫਸਲਾਂ ਦਾ, ਚਾਈਨਾ ਵਾਇਰਸ ਨਾਲ ਮਰੇ ਝੋਨੇ, ਗੁਲਾਬੀ ਸੁੰਡੀ ਨਾਲ ਖਰਾਬ ਹੋਏ ਨਰਮੇ ਤੇ ਲੰਪੀ ਸਕਿਨ ਬਿਮਾਰੀ ਨਾਲ ਮਰੇ ਪਸ਼ੂਆਂ ਦੇ ਮੁਆਵਜ਼ੇ ਦਾ ਭੁਗਤਾਨ ਕਰਨ ਲਈ ਅੱਜ ਸਰਕਾਰ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ 15 ਮਈ ਤੱਕ ਲਾਸਟ ਰਿਪੋਰਟਾਂ ਦੇਣ ਲਈ ਤੁਰੰਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਨੂੰ ਵਿਸ਼ਵਾਸ ਦੁਆਇਆ ਕਿ 15 ਜੂਨ ਤੱਕ ਇਹ ਰਾਸ਼ੀ ਕਿਸਾਨਾਂ ਦੇ ਖਾਤਿਆਂ 'ਚ ਪਾ ਦਿੱਤੀ ਜਾਵੇਗੀ ਤੇ ਜੁਮਲਾ ਮੁਸਤਰਕਾ ਮਾਲਕਾਨ, ਜ਼ਮੀਨ ਆਬਾਦਕਾਰ ਕਿਸਾਨਾਂ ਨੂੰ ਮਾਲਕਾਨਾ ਹੱਕ ਦੇਣ ਬਾਰੇ ਸਰਕਾਰ ਨੇ ਕਿਹਾ ਕਿ ਉਹ ਮਾਹਰਾਂ ਦੀ ਸਲਾਹ ਲੈ ਰਹੀ ਹੈ ਤੇ ਇਸ ਦਾ ਜਲਦੀ ਰਾਹ ਲੱਭ ਕੇ ਤੇ ਪਾਲਿਸੀ ਬਣਾ ਕੇ ਕਿਸਾਨਾਂ ਨੂੰ ਇਨ੍ਹਾਂ ਜ਼ਮੀਨਾਂ ਦੇ ਮਾਲਕਾਨਾ ਹੱਕ ਦੇ ਦੇਵੇਗੀ ਅਤੇ ਗੰਨਾ ਮਿੱਲਾਂ ਲੇਟ ਚੱਲਣ ਕਾਰਨ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਪਤਾ ਲਗਾਉਣ ਲਈ ਮਾਹਰਾਂ ਦੀ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ, ਜੋ ਕਿਸਾਨਾਂ ਨਾਲ ਗੱਲਬਾਤ ਕਰਕੇ ਇਸ ਦੀ ਰਿਪੋਰਟ ਤਿਆਰ ਕਰੇਗੀ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜ਼ਮੀਨ ਦਾ ਮੁਆਵਜ਼ਾ ਵੰਡਣ 'ਚ ਘਪਲੇਬਾਜ਼ੀ ਕਰਨ ਵਾਲੇ ਐੱਸ ਡੀ ਐੱਮ ਰਜੇਸ਼ ਸ਼ਰਮਾ ਬਾਰੇ ਮੰਤਰੀ ਨੇ ਕਿਹਾ ਕਿ ਉਸ ਉੱਪਰ ਬਹੁਤ ਜਲਦ ਕਾਰਵਾਈ ਕਰ ਦਿੱਤੀ ਜਾਵੇਗੀ ਤੇ ਜਿਹੜੇ ਕਿਸਾਨਾਂ ਨੂੰ ਉਸ ਵੱਲੋਂ ਮੁਆਵਜ਼ਾ ਦੇਣ 'ਚ ਗੜਬੜ ਕੀਤੀ ਗਈ ਹੈ, ਉਨ੍ਹਾਂ ਕਿਸਾਨਾਂ ਦੇ ਨਾਮ ਤੇ ਵੇਰਵੇ ਸਰਕਾਰ ਨੂੰ ਮੁਹੱਈਆ ਕਰਵਾਏ ਜਾਣ, ਜਿਸ ਲਈ ਜ਼ਿਲ੍ਹਾ ਕਮੇਟੀ ਅੰਮ੍ਰਿਤਸਰ ਸਾਹਿਬ ਦੀ ਡਿਊਟੀ ਲਗਾ ਦਿੱਤੀ ਗਈ ਹੈ ਅਤੇ ਉਨ੍ਹਾਂ ਪੀੜਤ ਕਿਸਾਨਾਂ ਨੂੰ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ। ਕਿਸਾਨੀ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ 103 ਪਰਿਵਾਰਾਂ ਨੂੰ ਨੌਕਰੀ ਦੇਣ ਦਾ ਸਰਕਾਰ ਵੱਲੋਂ ਫੈਸਲਾ ਕਰ ਲਿਆ ਗਿਆ ਹੈ ਤੇ ਜਲਦੀ ਹੀ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਦੇ ਦਿੱਤੇ ਜਾਣਗੇ। ਕੈਬਨਿਟ ਮੰਤਰੀ ਨੇ ਪੰਜਾਬ ਸਰਕਾਰ ਦੇ ਬੈਂਕਾਂ ਨੂੰ ਕਿਸਾਨਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰਨ 'ਤੇ ਲਾਈ ਰੋਕ ਤੇ ਜਾਰੀ ਕੀਤੇ ਵਾਰੰਟ ਵਾਪਸ ਲੈਣ ਦਾ ਹੁਕਮ ਕੀਤਾ। ਤੇ ਘਰੇਲੂ ਖਪਤਕਾਰਾਂ ਦੇ ਪ੍ਰੀ-ਪੇਡ ਮੀਟਰ ਨਾ ਲਗਾਉਣ ਦਾ ਵੀ ਵਿਸ਼ਵਾਸ ਦਿਵਾਇਆ ਗਿਆ। ਉਨ੍ਹਾ ਕਿਹਾ ਕਿ ਬੇਮੌਸਮੀ ਬਾਰਿਸ਼ ਨਾਲ ਖਰਾਬ ਹੋਈਆਂ ਫਸਲਾਂ ਦਾ ਸਦਮਾ ਨਾ ਸਹਾਰਦੇ ਹੋਏ ਮਰੇ ਕਿਸਾਨਾਂ ਦੇ ਪਰਿਵਾਰਾਂ ਦੀ ਸਰਕਾਰ ਵੱਲੋਂ ਆਰਥਿਕ ਸਹਾਇਤਾ ਕੀਤੀ ਜਾਵੇਗੀ ਤੇ ਬਾਕੀ ਰਹਿੰਦੀਆਂ ਕਿਸਾਨੀ ਮੰਗਾਂ ਉੱਤੇ ਗੱਲਬਾਤ ਕਰਨ ਲਈ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਨਾਲ ਅਗਲੀ ਮੀਟਿੰਗ 18 ਮਈ ਨੂੰ ਮੰਗਾਂ ਨਾਲ ਸਬੰਧਤ ਮੰਤਰੀਆਂ ਨਾਲ ਹੋਵੇਗੀ।

ਇਸ ਮੌਕੇ ਡਾਇਰੈਕਟਰ ਖੇਤੀਬਾੜੀ ਗੁਰਵਿੰਦਰ ਸਿੰਘ ਖਾਲਸਾ, ਪ੍ਰਿੰਸੀਪਲ ਸਕੱਤਰ ਐਗਰੀਕਲਚਰ ਸੁਮੇਰ ਗੁੱਜਰ, ਕੇ ਆਈ ਜੀ ਚਰਨਜੀਤ ਸਿੰਘ, ਸੈਕਟਰੀ ਮੰਡੀ ਬੋਰਡ ਮੈਡਮ ਅੰਮ੍ਰਿਤ ਗਿੱਲ, ਸੈਕਟਰੀ ਐਗਰੀਕਲਚਰ ਅਰਸ਼ਦੀਪ ਸਿੰਘ ਥਿੰਦ ਹਾਜ਼ਰ ਸਨ।

# ਫਰਵਾਹੀ ਵਿਖੇ ਠੋਸ ਕੂੜਾ ਪ੍ਰਬੰਧਨ ਪ੍ਰਾਜੈਕਟ ਦੀ ਸ਼ੁਰੂਆਤ



**ਬਰਨਾਲਾ (ਰਾਜਿੰਦਰ ਬਰਾੜ/ਗੁਰਪ੍ਰੀਤ ਸਿੰਘ)**-ਸਵੱਛ ਭਾਰਤ ਮਿਸ਼ਨ ਗ੍ਰਾਮੀਣ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦਫ਼ਤਰ ਬਰਨਾਲਾ ਤੇ ਰਾਊਂਡਗਲਾਸ ਫਾਊਂਡੇਸ਼ਨ ਸੰਸਥਾ ਦੇ ਸਾਂਝੇ ਉਪਰਾਲੇ ਨਾਲ ਪਿੰਡ ਫਰਵਾਹੀ ਵਿਖੇ ਠੋਸ ਕੂੜਾ ਪ੍ਰਬੰਧਨ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਸੰਸਥਾ ਤੋਂ ਡਾ. ਰਜਨੀਸ਼ ਵਰਮਾ ਦੀ ਟੀਮ ਵੱਲੋਂ ਪਿੰਡ ਵਾਸੀਆਂ ਨੂੰ ਕੂੜੇ ਨੂੰ ਵੱਖੋ ਵੱਖ ਕਰਨ ਦੀ ਪ੍ਰਕਿਰਿਆ ਦੀ ਜਾਣਕਾਰੀ ਦਿੱਤੀ ਗਈ। ਸੰਸਥਾ ਦੇ ਨੁਮਾਇੰਦੇ ਭਰਪੂਰ ਸਿੰਘ ਤੇ ਤਵਪ੍ਰੀਤ ਸਿੰਘ ਵੱਲੋਂ ਇਸ ਪ੍ਰੋਜੈਕਟ ਸਬੰਧੀ ਵਿਸਥਾਰ ਪੂਰਵਕ ਦੱਸਿਆ ਗਿਆ। ਉਨ੍ਹਾਂ ਆਸ ਜਤਾਈ ਕਿ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਇਸ ਪ੍ਰੋਜੈਕਟ ਸਦਕਾ ਪਿੰਡ ਨੂੰ ਸਵੱਛਤਾ ਦੇ ਖੇਤਰ 'ਚ ਮੋਹਰੀ ਬਣਾਇਆ ਜਾਵੇਗਾ। ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਬਲਾਕ ਕੋਆਰਡੀਨੇਟਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਤਹਿਤ ਪਿੰਡਾਂ ਵਿੱਚ ਫੰਡ ਦਿੱਤੇ ਜਾ ਰਹੇ ਹਨ, ਜਿਸ ਨਾਲ ਪਿੰਡਾਂ ਵਿੱਚ ਠੋਸ ਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਦੇ ਪ੍ਰੋਜੈਕਟ ਲਗਾ ਕੇ ਪਿੰਡਾਂ ਨੂੰ ਸਵੱਛਤਾ ਪੱਖੋਂ ਮੋਹਰੀ ਬਣਾਇਆ ਜਾ ਰਿਹਾ ਹੈ। ਇਸ ਸਮੇਂ ਪੰਚਾਇਤ ਸਕੱਤਰ ਕ੍ਰਿਸ਼ਨ ਭਗਵਾਨ, ਬਲਾਕ ਕੋਆਰਡੀਨੇਟਰ ਬਲਵਿੰਦਰ ਸਿੰਘ, ਸਰਪੰਚ ਨਰਿੰਦਰ ਕੁਮਾਰ, ਪੰਚਾਇਤ ਮੈਂਬਰ ਤੇ ਹੋਰ ਪਤਵੰਤੇ ਹਾਜ਼ਰ ਸਨ।

# ਰੇਤਾ, ਬੱਜਰੀ ਡੱਗ ਨੇ ਲੋਕਾਂ ਦਾ ਜਿਊਣਾ ਕੀਤਾ ਦੁੱਭਰ



**ਖਰੜ (ਹਰਨਾਮ ਸਿੰਘ ਡੱਲਾ)**

ਰਿਹਾਇਸ਼ੀ ਇਲਾਕੇ ਵਿੱਚ ਰੇਤਾ,ਬਜਰੀ ਦੇ ਡੱਗੂ ਨੇ ਲੋਕਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ। ਸਥਾਨਕ ਦਸਮੇਸ਼ ਨਗਰ ਝੂੰਗੀਆਂ ਰੋਡ ਖਰੜ ਦੇ ਬਾਸ਼ਿੰਦਿਆਂ ਦੇ ਇੱਕ ਵਫਦ ਨੇ ਐੱਸ ਡੀ ਐੱਮ ਦੇ ਧਿਆਨ ਵਿੱਚ ਲਿਆ ਕੇ ਚੱਲ ਰਹੇ ਡੱਗੂ ਨੂੰ ਚੁਕਵਾਉਣ ਦੀ ਮੰਗ ਕੀਤੀ ਹੈ। ਚੇਤੇ ਰਹੇ ਕਿ ਇਹ ਡੱਗੂ ਰਿਹਾਇਸ਼ੀ ਇਲਾਕੇ ਵਿੱਚ ਚਲਾਇਆ ਜਾ ਰਿਹਾ ਹੈ। ਬਾਸ਼ਿੰਦਿਆਂ ਦਾ ਕਹਿਣਾ ਹੈ ਜ਼ਿਆਦਾਤਰ ਰਾਤਾਂ ਨੂੰ ਚੱਲਦੇ ਇਸ ਗੋਰਖ ਧੰਦੇ ਦੇ ਮਾਲਕਾਂ ਦੇ ਨਾਂਅ ਥੇਹ ਦਾ ਬਸਤੀ ਦੇ ਕਿਸੇ ਵੀ ਬੰਦੇ ਨੂੰ ਥਹੁ ਪਤਾ ਨਹੀਂ ਹੈ। ਰਾਤ ਸਮੇਂ ਕੁਝ ਟਿੱਪਰ ਆ ਕੇ ਰੇਤਾ ਬਜਰੀ ਗਿਰਾਉਂਦੇ ਹਨ ਅਤੇ ਦਿਨੇਂ ਇੱਥੋਂ ਚੁੱਕ ਕੇ ਰੇਤਾ ਤੇ ਬਜਰੀ ਕਿੱਥੇ ਜਾਂਦਾ ਹੈ, ਬੁਝਾਰਤ ਬਣੀ ਹੋਈ ਹੈ। ਟਰੱਕਾਂ ਦੇ ਸ਼ੋਰ ਸ਼ਰਾਬੇ ਕਰਕੇ ਕਦੇ ਵੀ ਲੋਕਾਂ ਦੀ ਨੀਂਦ ਉੱਡਾ ਦਿੱਤੀ ਜਾਂਦੀ ਹੈ। ਜਿਸ ਕਰਕੇ ਲੋਕਾਂ ਦੀ ਸਿਹਤ ਉੱਤੇ ਵੀ ਦੁਰਪ੍ਰਭਾਵ ਪੈ ਰਿਹਾ ਹੈ। ਜਦੋਂ ਲਾਗਲੇ ਘਰਾਂ ਨੇ ਧੰਦਾ ਚਲਾਂਉਦੇ ਬੰਦੇ ਨਾਲ ਰਾਤ ਨੂੰ ਇਕੱਠਿਆਂ ਹੋ ਕੇ ਗੱਲ ਕਰਨੀ ਚਾਹੀ ਤਾਂ ਉਸ ਵਲੋਂ ਝਗੜਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਥਾਨਕ ਡੈਮੋਕ੍ਰੇਟਿਕ ਰੈਜੀਡੈਂਟ ਅਸੋਸੀਏਸ਼ਨ ਖਰੜ ਦੇ ਪ੍ਰਧਾਨ ਮਲਕੀਅਤ ਸਿੰਘ ਰਾਣਾ,ਰਾਮ ਸਿੰਘ, ਅਮਰਜੀਤ ਸਿੰਘ, ਵਾਰਡ ਨੰਬਰ 5 ਦੀ ਐੱਮ ਸੀ ਬੀਬੀ ਪਰਮਜੀਤ ਕੌਰ ਦੀ ਪ੍ਰਤੀਨਿਧਤਾ ਕਰਦੇ ਅਮਨਦੀਪ ਸਿੰਘ ,ਦਸਮੇ। ਨਗਰ ਬਸਤੀ ਦੇ ਨੌਜਵਾਨ ਅਰਸ਼ਦੀਪ, ਰਾਜਿੰਦਰ ਸਿੰਘ ਹਵਾਰਾ,ਨਵੀਨ ਕੁਮਾਰ,ਸਤਿੰਦਰ ਸਿੰਘ, ਜਰਨੈਲ ਸਿੰਘ, ਬਾਪੂ ਸੇਰ ਸਿੰਘ ਕਟਾਣੀ, ਪਰਮਿੰਦਰ ਸਿੰਘ, ਦਲਬੀਰ ਸਿੰਘ, ਅਵਤਾਰ ਸਿੰਘ,ਰਵਿੰਦਰ ਸਿੰਘ,ਦੀਨਾ ਨਾਥ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਿਹਾਇਸ਼ੀ ਇਲਾਕੇ ਵਿੱਚ ਚੱਲਦੇ ਇਸ ਡੱਗੂ ਨੂੰ ਜਲਦੀ ਤੋਂ ਜਲਦੀ ਚੁਕਵਾਇਆ ਜਾਵੇ।

## ਪੰਜਾਬ ਸਰਕਾਰ ਦਾ ਮੁਹਾਂਦਰਾ ਮੋਦੀ ਸਰਕਾਰ ਵਰਗਾ ਨਜ਼ਰ ਆਉਣ ਲੱਗਾ : ਡਾ. ਚੰਦੀ

**ਸ਼ਾਹਕੋਟ (ਗਿਆਨ ਸੈਦਪੁਰੀ)**- ਸਟੀਲ ਅਥਾਰਟੀ ਆਫ ਇੰਡੀਆ ਦੇ ਸਾਬਕਾ ਮੈਂਬਰ ਡਾ. ਜਗਤਾਰ ਸਿੰਘ ਚੰਦੀ, ਜੋ ਕਦੇ ਆਪਣਾ ਪੰਜਾਬ ਪਾਰਟੀ ਦਾ ਹਿੱਸਾ ਰਹੇ,



ਨੇ ਮੌਜੂਦਾ ਸਿਆਸੀ ਵਰਤਾਰੇ ਦੀ ਸਖਤ ਸ਼ਬਦਾਂ ਵਿੱਚ ਆਲੋਚਨਾ ਕੀਤੀ ਹੈ। ਵੀਰਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਚੰਦੀ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਲੋਕ ਠੱਗੇ ਠੱਗੇ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਜੁਮਲਿਆਂ ਵਾਲੀ ਸਰਕਾਰ ਆਖਿਆ ਜਾਂਦਾ ਸੀ। ਲੋਕਾਂ ਨੂੰ ਪੰਜਾਬ ਸਰਕਾਰ ਦਾ ਸਿਆਸੀ ਮੁਹਾਂਦਰਾ ਵੀ ਉਸੇ ਸਰਕਾਰ ਵਰਗਾ ਨਜਰ ਆਉਣ ਲੱਗ ਪਿਆ ਹੈ। ਪੰਜਾਬ ਦੇ 'ਆਪ' ਆਗੂ ਦਿੱਲੀ ਦੀ ਕੇਜਰੀਵਾਲ ਸਰਕਾਰ ਦੇ ਰਾਤ ਦਿਨ ਗੁਣਗਾਨ ਕਰਿਆ ਕਰਦੇ ਸਨ। ਉਸੇ ਸਰਕਾਰ ਦਾ ਉੱਪ ਮੁੱਖ ਮੰਤਰੀ ਸਰਾਬ ਘੁਟਾਲੇ ਵਿੱਚ ਜੇਲ੍ਹ ਅੰਦਰ ਹੈ। ਮੁੱਖ ਮੰਤਰੀ ਨੂੰ ਆਬਾਕਾਰੀ ਘੁਟਾਲੇ ਵਿੱਚ ਸੀ. ਬੀ. ਆਈ. ਦੀ ਪੁੱਛ ਪੜਤਾਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪਣੀ ਗੱਲ ਜਾਰੀ ਰੱਖਦਿਆਂ ਡਾ. ਚੰਦੀ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰ ਬਣਨ ਤੋਂ ਪਹਿਲਾਂ ਆਪ ਆਗੂਆਂ ਵੱਲੋਂ ਵੀ. ਆਈ. ਪੀ. ਕਲਚਰ ਵਿਰੁੱਧ ਬੜਾ ਕੁਝ ਆਖਿਆ ਜਾਂਦਾ ਸੀ। ਹੁਣ ਪੰਜਾਬ ਸਰਕਾਰ ਨੇ ਵੀ. ਆਈ. ਪੀ. ਦੇ ਨਾਲ ਇੱਕ 'ਵੀ' ਹੋਰ ਲਾ ਕੇ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਲਈ ਪੰਜਾਬ ਦੇ ਲੋਕ ਮਹਿਸੂਸ ਕਰਦੇ ਹਨ ਕਿ ਆਪ ਦੇ 92 ਵਿਧਾਇਕ ਬਣਾ ਕੇ ਵੱਡੀ ਗਲਤੀ ਹੋ ਗਈ ਹੈ। ਡਾ. ਚੰਦੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੀਤੀ ਗਈ ਗਲਤੀ ਨੂੰ ਜ਼ਿਮਨੀ ਚੋਣ ਵਿੱਚ ਸੁਧਾਰ ਲੈਣ। ਉਨ੍ਹਾਂ ਕਿਹਾ ਕਿ ਜਲੰਧਰ ਦੇ ਲੋਕ ਜੁਮਲਿਆਂ ਨੂੰ ਰੱਦ ਕਰਕੇ ਕੋਈ ਚੰਗਾ ਉਮੀਦਵਾਰ ਪਾਰਲੀਮੈਂਟ ਵਿੱਚ ਭੇਜਣ। ਇਸ ਮੌਕੇ ਸਵਰਨ ਸਿੰਘ ਫਾਜਲਵਾਲ, ਭਜਨ ਸਿੰਘ ਬਾਊਪੁਰ, ਤਰਸੇਮ ਸਿੰਘ ਸੇਖੇਵਾਲ, ਜਗਤਾਰ ਸਿੰਘ ਦਾਨੇਵਾਲ ਅਤੇ ਬਲਕਾਰ ਸਿੰਘ ਬਿੱਲੀ ਬੜੈਂਚ ਵੀ ਹਾਜਰ ਸਨ।

## ਸੜਕ 'ਤੇ ਪਿਆ ਖੱਡਾ ਮੌਤ ਨੂੰ ਦੇ ਰਿਹਾ ਸੱਦਾ



**ਨੰਗਲ (ਸੁਰਜੀਤ ਢੇਰ)** -ਨੈਸ਼ਨਲ ਹਾਈਵੇ 503 ਉਤੇ ਪਿੰਡ ਅਜੋਲੀ ਭਾਰਤ ਪੈਟਰੋਲੀਅਮ ਪੰਪ ਦੇ ਸਾਹਮਣੇ ਇੱਕ ਖੱਡਾ ਪਿਆ ਹੋਇਆ ਹੈ। ਜਿਸ ਵਿੱਚ ਰੋਜਾਨਾ ਲੋਕ ਜਖਮੀ ਹੋ ਰਹੇ ਹਨ ਤੇ ਵਹੀਕਲਜ ਦੀ ਟੁੱਟ ਭੱਜ ਹੋ ਰਹੀ ਹੈ। ਪਰ ਪ੍ਰਸ਼ਾਸਨ ਸਮੇਤ ਸਬੰਧਿਤ ਵਿਭਾਗ ਅਜੇ ਕੋਈ ਵੱਡੀ ਘਟਨਾ ਵਾਪਰਨ ਦਾ ਇੰਤਜਾਰ ਕਰ ਰਿਹਾ ਹੈ। ਕਰੀਬ ਅੱਧਾ ਮਹੀਨਾ ਇਸ ਟੋਏ ਪਏ ਨੂੰ ਹੋ ਗਿਆ ਹੈ। ਇਸ ਜਗ੍ਹਾ ਤੋਂ ਪਾਇਪ ਵਗੈਰਾ ਲੰਘਾਈ ਗਈ ਸੀ। ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ, ਬਰਜਿੰਦਰ ਸਿੰਘ ਡੋਡ ਨੇ ਦੱਸਿਆ ਕਿ ਖੱਡਾ ਮੌਤ ਨੂੰ ਸੱਦਾ ਦੇ ਰਿਹਾ ਹੈ। ਬੀਤੇ ਕੱਲ੍ਹ ਇੱਕ ਸਕੂਟਰ ਡਿੱਗ ਗਿਆ, ਜਿਸ ਦੇ ਪਿੱਛੇ ਬੈਠੀ ਔਰਤ ਦੀਆਂ ਦੋਵੇਂ ਲੱਤਾਂ ਟੁੱਟ ਗਈਆ। ਹਰ ਰੋਜ ਘਟਨਾਵਾਂ ਵਾਪਰ ਰਹੀਆਂ ਹਨ। ਸੰਬੰਧਤ ਅਧਿਕਾਰੀਆਂ ਤੋਂ ਮੰਗ ਕੀਤੀ ਗਈ ਕਿ ਇਸ ਖੱਡੇ ਨੂੰ ਫੌਰੀ ਤੌਰ ਤੇ ਠੀਕ ਕੀਤਾ ਜਾਵੇ।

## ਸਾਲ 2023-24 'ਤੇ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ ਦਿੱਤੀ ਜਾਵੇਗੀ 10 ਫੀਸਦੀ ਰਿਬੇਟ : ਕੋਮਲ ਮਿੱਤਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ ਨਗਰ ਨਿਗਮ, ਹੁਸ਼ਿਆਰਪੁਰ ਕੋਮਲ ਮਿੱਤਲ ਨੇ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਚਲਦੇ ਸਾਲ 2023-24 'ਤੇ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ 10 ਫੀਸਦੀ ਦੀ ਰਿਬੇਟ ਦਾ ਲਾਭ ਦਿੱਤਾ ਜਾ ਰਿਹਾ ਹੈ। ਇਸ ਲਈ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣਾ ਬਣਦਾ ਪ੍ਰਾਪਰਟੀ ਟੈਕਸ ਜਲਦ ਤੋਂ ਜਲਦ ਜਮ੍ਹਾਂ ਕਰਵਾਉ ਅਤੇ 10 ਫੀਸਦੀ ਦੇ ਰਿਬੇਟ ਦਾ ਲਾਭ ਉਠਾਉ।



ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਜੀ.ਆਈ.ਐਸ ਸਰਵੇ ਦੌਰਾਨ ਹਰ ਪ੍ਰਾਪਰਟੀ ਨੂੰ ਯੂ.ਆਈ.ਡੀ. ਨੰਬਰ ਜਾਰੀ ਕੀਤੇ ਗਏ ਹਨ, ਉਨ੍ਹਾਂ ਨੰਬਰਾਂ ਨੂੰ ਟੈਕਸ ਜਮ੍ਹਾਂ ਕਰਵਾਉਣ ਸਮੇਂ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਸਥਾਪਿਤ ਕੀਤੇ ਗਏ ਕੈਸ਼ ਕਾਊਂਟਰ 'ਤੇ ਸਿਸਟਮ ਵਿਚ ਅਪਡੇਟ ਕਰਵਾਇਆ ਜਾਵੇ।

## ਧਰਮ ਸਿੰਘ ਰਾਣਾ ਦੀ ਮੌਤ 'ਤੇ ਡਿਪਟੀ ਸਪੀਕਰ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**

ਹਲਕਾ ਗੜ੍ਹਸ਼ੰਕਰ ਦੇ ਪਿੰਡ ਮਹਿੰਦਵਾਨੀ ਦੇ ਉਘੇ ਸਮਾਜ ਸੇਵਕ ਤੇ ਲੋਕ ਹਿਤੇਸ਼ੀ ਧਰਮ ਸਿੰਘ ਰਾਣਾ ਦੀ ਮੌਤ ਉਤੇ ਉਹਨਾਂ ਦੇ ਸਪੁੱਤਰ ਆਪ ਦੇ ਸੀਨੀਅਰ ਆਗੂ ਨਰੇਸ਼ ਰਾਣਾ ਤੇ ਪਰਵਾਰਕ ਮੈਂਬਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਤੇ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਧਰਮ ਸਿੰਘ ਰਾਣਾ ਹਰ ਸਮੇਂ ਸਮਾਜਿਕ ਕਾਰਜਾਂ ਰਾਹੀਂ ਲੋੜਵੰਦਾਂ ਦੀ ਸੇਵਾ ਕਰਕੇ ਖੁਸ਼ ਰਹਿੰਦੇ ਸਨ। ਉਹਨਾਂ ਬੱਚਿਆ ਨੂੰ ਪੜ੍ਹਾਈ ਦੇ ਨਾਲ ਨਾਲ ਨੈਤਿਕ ਤੇ ਧਾਰਮਿਕ ਸਿਖਿਆ ਵੱਲ ਪ੍ਰੇਰਿਤ ਕਰ ਕੇ ਸਮਾਜਿਕ ਕੁਰੀਤੀਆ ਦਾਜ ਤੇ ਨਸ਼ਿਆ ਦੇ ਕੋਹੜ ਨੂੰ ਖਤਮ ਕਰਨ ਵੱਲ ਹਮੇਸ਼ਾ ਧਿਆਨ ਲਗਾਈ ਰੱਖਿਆ। ਉਹਨਾਂ ਸਵਰਗੀ ਧਰਮ ਸਿੰਘ ਰਾਣਾ ਨੂੰ ਹਰ ਇਕ ਦੇ ਦੁੱਖ ਸੁੱਖ ਵਿੱਚ ਸ਼ਾਮਿਲ ਹੋਣ ਵਾਲਾ ਤੇ ਦਿਲੋਂ ਹਮਦਰਦੀ ਰੱਖਣ ਵਾਲਾ ਇਨਸਾਨ ਦੱਸਿਆ। ਉਹਨਾਂ ਧਰਮ ਸਿੰਘ ਰਾਣਾ ਦੀ ਮੌਤ ਨਾਲ ਪਰਵਾਰ,ਪਾਰਟੀ ਤੇ ਇਲਾਕੇ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਿਆ। ਸਵਰਗੀ ਧਰਮ ਸਿੰਘ ਰਾਣਾ ਦੇ ਸਪੁੱਤਰ ਨਰੇਸ਼ ਰਾਣਾ ਨੇ ਦੱਸਿਆ ਕਿ ਧਰਮ ਸਿੰਘ ਰਾਣਾ ਨਮਿਤ ਗਰੁੜ ਪੁਰਾਣ ਦੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ 28 ਅਪ੍ਰੈਲ 2023 ਨੂੰ ਬਾਅਦ ਦੁਪਹਿਰ ਪਿੰਡ ਮਹਿੰਦਵਾਨੀ ਗੜ੍ਹਸ਼ੰਕਰ ਵਿਖੇ ਹੋਵੇਗੀ। ਇਸ ਮੌਕੇ ਪਾਰਟੀ ਦੇ ਆਗੂ ਚਰਨਜੀਤ ਸਿੰਘ ਚੰਨੀ, ਸੰਜੇ ਕੁਮਾਰ ਪੀਪਲੀਵਾਲ, ਗੁਰਚੈਨ ਸਿੰਘ ਟਿਬੀਆਂ, ਸੰਜੀਵ ਸਿੰਘ ਭਵਾਨੀਪੁਰ, ਸੰਜੀਵ ਕੁਮਾਰ ਮਹਿੰਦਵਾਨੀ, ਸੁਰਿੰਦਰ ਕਟਾਰੀਆ, ਪ੍ਰਿੰਸ ਚੌਧਰੀ ,ਧਰਮਪ੍ਰੀਤ ਸਿੰਘ ਤੋਂ ਇਲਾਵਾ ਸਥਾਨਕ ਆਪ ਆਗੂ ਮੌਜੂਦ ਸਨ।

## ਡਾ. ਥਿੰਦ ਦੀ ਅਗਵਾਈ 'ਚ ਦਰਜਨਾਂ ਅਕਾਲੀ ਤੇ 'ਆਪ' ਵਰਕਰ ਭਾਜਪਾ 'ਚ ਸ਼ਾਮਲ

**ਮਹਿਤਪੁਰ (ਰਾਜਾ)**

10 ਮਈ ਨੂੰ ਹੋਣ ਜਾ ਰਹੀ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਨੂੰ ਲੈ ਕੇ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਸਰਗਰਮੀਆਂ ਤੇਜ ਕਰ ਦਿੱਤੀਆਂ ਗਈਆਂ ਹਨ । ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਹੋਰ ਬੱਲ ਮਿਲਿਆ ਜਦ ਡਾ. ਅਮਰਜੀਤ ਸਿੰਘ ਥਿੰਦ ਦੀ ਅਗਵਾਈ ਵਿੱਚ ਦਰਜਨਾਂ ਅਕਾਲੀ ਅਤੇ 'ਆਪ' ਵਰਕਰ ਭਾਰਤੀ ਜਨਤਾ ਪਾਰਟੀ ਦੇ ਵਿੱਚ ਸ਼ਾਮਲ ਹੋ ਗਏ। ਚੋਣ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ ਨੇ ਭਾਜਪਾ ਉਹਨਾਂ ਨੂੰ ਪੂਰਾ ਬਣਦਾ ਮਾਣ ਸਤਿਕਾਰ ਦੇਵੇਗੀ । ਉਹਨਾਂ ਕਿਹਾ ਕਿ ਪੰਜਾਬ ਦੀ ਜਨਤਾ 'ਚ ਇਸ ਸਮੇਂ ਖੌਫ ਦਾ ਮਾਹੌਲ ਹੈ । ਕੋਈ ਵੀ ਵਿਅਕਤੀ ਇਥੇ ਸੁਰੱਖਿਅਤ ਨਹੀਂ ਹੈ । ਆਮ ਆਦਮੀ ਪਾਰਟੀ ਨੇ ਹਰ ਵਰਗ ਨਾਲ ਧੋਖਾ ਕੀਤਾ ਹੈ । ਜਨਤਾ ਨੇ ਉਨ੍ਹਾਂ ਨੂੰ ਮੌਕਾ ਦਿੱਤਾ ਸੀ ਪਰ ਉਹਨਾਂ ਜਨਤਾ ਨੂੰ ਹੀ ਧੋਖਾ ਦਿੱਤਾ। ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਤਰੱਕੀ ਕਰ ਰਿਹਾ ਹੈ। ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਹਰ ਫਰੰਟ ਤੋਂ ਫੇਲ੍ਹ ਸਾਬਤ ਹੋ ਰਹੀ ਹੈ । ਜੰਗੀ ਲਾਲ ਮਹਾਜਨ ਐੱਮ ਐੱਲ ਏ ਮੁਕੇਰੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਹੈ। ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੀ ਸਮੁੱਚੀ ਇੰਡਸਟਰੀ ਦੂਜੇ ਸੂਬਿਆਂ ਵਿਚ ਜਾ ਰਹੀ ਹੈ। ਇਸ ਮੌਕੇ ਅਵਿਨਾਸ਼ ਸ਼ਰਮਾ, ਕੇਂਦਰੀ



ਮੰਤਰੀ ਸੋਮ ਪ੍ਰਕਾਸ਼ , ਮਨਪ੍ਰੀਤ ਸਿੰਘ ਬਾਦਲ , ਬੋਨੀ ਅਜਨਾਲਾ ਆਦਿ ਮੌਜੂਦ ਸਨ। ਇਸ ਮੌਕੇ ਬਲਜੀਤ ਸਿੰਘ ਬੱਲੀ ਥਿੰਦ, ਅਮਨਦੀਪ ਸਿੰਘ ਚਲਾਣਾ , ਕੁਲਬੀਰ ਸਿੰਘ ਆਦਰਾਮਾਨ , ਲੱਕੀ ਅਰੋੜਾ, ਪ੍ਰੀਤਮ ਸਿੰਘ ਥਿੰਦ, ਐਡਵੋਕੇਟ ਕਮਲਜੀਤ ਸਿੰਘ ਥਿੰਦ, ਪ੍ਰਮੋਦ ਸਰਮਾ,ਵਿਨੋਦ ਅਰੋੜਾ, ਵਿਨੋਦ ਸ਼ਰਮਾ, ਬਰਜੈਸ਼ ਮਹਿਤਾ, ਸੁਦਾਗਰ ਸਿੰਘ ਆਦਰਾਮਾਨ, ਮੋਹਨ ਸਿੰਘ ਸੰਗੋਵਾਲ, ਮਲਕੀਤ ਸਿੰਘ , ਪ੍ਰਮੋਦ ਵਰਮਾ, ਬੱਲੀ ਭਾਰਦਵਾਜ, ਮੰਗਾਂ ਸਹੋਤਾ, ਕੁਲਵੰਤ ਸਿੰਘ, ਗੁਰਦਿਆਲ ਸਿੰਘ ਜੰਮੂ, ਰਾਜ ਕੁਮਾਰ, ਗੁਰਦੇਵ ਸਿੰਘ, ਕੁਲਦੀਪ ਕੁਮਾਰ, ਬੰਟੀ ਅਰੋੜਾ, ਵਿਨੇ ਚੋਪੜਾ, ਅਮਰ ਸਿੰਘ, ਗੁਰਮੀਤ ਰਾਮ, ਮਨਜੀਤ ਸਿੰਘ ਬੱਲ, ਜਰਨੈਲ ਸਿੰਘ ਥਿੰਦ, ਨਿਰਮਲ ਸਿੰਘ, ਰਾਜੂ ਚੋਪੜਾ, ਗਗਨਦੀਪ ਸਿੰਘ ਕਲਿਆਣ, ਸਵਰਨ ਸਿੰਘ, ਨਵਜੋਤ ਸੰਧੂ, ਦਲਜੀਤ ਗਿੱਲ, ਸੋਹਣ ਸਿੰਘ, ਕਸਮੀਰ ਸਿੰਘ, ਬਲਦੇਵ ਸਿੰਘ ਗਿੱਲ, ਦਰਸਨ ਸਿੰਘ, ਖੜਕ ਸਿੰਘ, ਕਮਲਜੀਤ ਕੁਮਾਰ, ਅਜੈਬ ਸਿੰਘ, ਚਰਨਜੀਤ ਸਿੰਘ, ਅੰਤਿਦਰ ਪੰਨੂ ਹਾਜ਼ਰ ਸਨ।

## ਇਲੈਕਟ੍ਰੀਕਲ ਐਸੋਸੀਏਸ਼ਨ ਵੱਲੋਂ ਆਮ ਆਦਮੀ ਪਾਰਟੀ ਨੂੰ ਸਮਰਥਨ

**ਜਲੰਧਰ, (ਸ਼ੈਲੀ, ਸੁਰਿੰਦਰ)**

ਇਲੈਕਟ੍ਰੀਕਲ ਐਸੋਸੀਏਸ਼ਨ ਜਲੰਧਰ ਵੱਲੋਂ ਕਰਵਾਏ ਗਏ ਪ੍ਰੋਗਰਾਮ ਵਿਚ ਸੈਂਕੜਿਆਂ ਦੀ ਗਿਣਤੀ ਵਿੱਚ ਉਦਯੋਗਪਤੀਆਂ ਅਤੇ ਉੱਦਮੀਆਂ ਨੇ ਹਿੱਸਾ ਲਿਆ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਸਮਰਥਨ ਦਾ ਐਲਾਨ ਕੀਤਾ। ਇਸ ਮੌਕੇ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਜ਼ਿਮਨੀ ਚੋਣ ਦੇ ਉਮੀਦਵਾਰ ਸ਼ੁਸੀਲ ਕੁਮਾਰ ਰਿੰਕੂ, ਵਿਧਾਇਕ ਰਮਨ ਅਰੋੜਾ, ਇੰਦਰਬੰਸ ਸਿੰਘ ਚੱਢਾ, ਆਤਮ ਪ੍ਰਕਾਸ਼ ਬਬਲੂ, ਸੁਰੇਸ਼ ਗੁਪਤਾ, ਸੰਜੈ ਕੋਛੜ ਵੀ ਹਾਜਰ ਸਨ। ਇਸ ਮੌਕੇ 'ਆਪ ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਾਰੋਬਾਰੀ ਵਰਗ ਇੱਕ ਅਜਿਹਾ ਵਰਗ ਹੈ ਜੋ ਦਿਨ ਰਾਤ ਮਿਹਨਤ ਕਰਕੇ ਜਿੱਥੇ ਆਪਣੇ ਪਰਵਾਰ ਨੂੰ ਪਾਲਦਾ ਹੈ, ਉਥੇ ਉਹ ਸਰਕਾਰ ਨੂੰ ਵੀ ਟੈਕਸ ਦਿੰਦੇ ਹਨ, ਤਾਂਕਿ ਸਰਕਾਰ ਦਾ ਕੰਮ ਚੱਲ ਸਕੇ ਅਤੇ ਲੋਕ ਭਲਾਈ ਦੇ ਕੰਮ ਵੀ ਹੋਣ। ਉਨ੍ਹਾਂ ਕਿਹਾ ਕਿ ਉਦਯੋਗਿਕ ਵਰਗ ਦੇ ਸਹਿਯੋਗ ਤੋਂ ਬਿਨਾਂ ਸਿਸਟਮ ਨਹੀਂ ਚੱਲ ਸਕਦਾ। ਉਨ੍ਹਾਂ ਕਿਹਾ ਕਿ ਜਿਹੜੀ ਸਰਕਾਰ ਆਪਣੇ ਉਦਯੋਗਪਤੀਆਂ 'ਤੇ





ਭਰੋਸਾ ਕਰਦੀ ਹੈ ਅਤੇ ਜਿਸ ਨੂੰ ਇਹ ਇਲਮ ਹੈ ਕਿ ਆਰਥਿਕਤਾ ਦੀ ਰੀੜ ਦੀ ਹੱਡੀ ਕਾਰੋਬਾਰੀ ਹਨ, ਉਹ ਸਰਕਾਰ ਹਮੇਸ਼ਾ ਉਨ੍ਹਾਂ ਦੀ ਤਰੱਕੀ ਲਈ ਕੰਮ ਕਰਦੀ ਅਤੇ ਫੈਸਲੇ ਲੈਂਦੀ ਹੈ। ਇਸ ਮੌਕੇ ਹਾਜ਼ਰ ਸਮੂਹ ਕਾਰੋਬਾਰੀਆਂ ਨੇ ਆਪ ਉਮੀਦਵਾਰ ਰਿੰਕੂ ਦੇ ਹੱਕ ਵਿੱਚ ਵੋਟਾਂ ਪਾ ਕੇ ਉਨ੍ਹਾਂ ਨੂੰ ਵੱਡੇ ਫਰਕ ਨਾਲ ਜਿਤਾਉਣ ਦਾ ਵਾਅਦਾ ਕੀਤਾ।

## ਸਟੋਨ ਕਰੈਸ਼ਰ ਤੇ ਜ਼ਮੀਨ ਦੇ ਮਾਲਕਾਂ ਖਿਲਾਫ਼ ਮਾਈਨਿੰਗ ਤਹਿਤ ਮੁਕੱਦਮਾ ਦਰਜ

**ਨੂਰਪੁਰਬੇਦੀ, ਸੁਰਜੀਤ ਸਿੰਘ ਕਾਹਲੋਂ)**

ਨੂਰਪੁਰਬੇਦੀ ਖੇਤਰ 'ਚ ਵਿਭਾਗ ਦੀ ਸਖਤੀ ਦੇ ਬਾਵਜੂਦ ਨਾਜਾਇਜ਼ ਮਾਈਨਿੰਗ ਦਾ ਧੰਦਾ ਬੇਖੌਫ ਜਾਰੀ ਹੈ। ਜਿਸ ਤਹਿਤ ਕਾਰਵਾਈ ਕਰਦਿਆਂ ਥਾਣਾ ਨੂਰਪੁਰਬੇਦੀ ਅਧੀਨ ਪੈਂਦੀ ਚੌਕੀ ਕਲਵਾਂ ਦੀ ਪੁਲਸ ਨੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਦੀ ਸ਼ਿਕਾਇਤ 'ਤੇ ਨਜ਼ਦੀਕੀ ਪਿੰਡ ਐਲਗਰਾਂ ਸਥਿਤ ਸਟੋਨ ਕਰੈਸ਼ਰ ਦੇ ਮਾਲਕਾਂ ਅਤੇ ਨਾਲ ਲੱਗਦੀ ਜ਼ਮੀਨ ਦੇ ਮਾਲਕਾਂ ਖਿਲਾਫ਼ ਮਾਈਨਿੰਗ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਹਰਜੋਤ ਸਿੰਘ ਜੂਨੀਅਰ ਇੰਜੀਨੀਅਰ-ਕਮ-ਮਾਈਨਿੰਗ ਇੰਸਪੈਕਟਰ ਨੰਗਲ ਨੇ ਦੱਸਿਆ ਕਿ ਉਨਾਂ ਨੇ ਆਪਣੇ ਨਾਲ ਹਰਜੀਤ ਸਿੰਘ ਮਾਈਨਿੰਗ ਇੰਸਪੈਕਟਰ ਨੰਗਲ ਨੂੰ ਨਾਲ ਲੈ ਕੇ ਗੈਰ ਕਾਨੂੰਨੀ ਮਾਈਨਿੰਗ ਸਬੰਧੀ ਚੈਕਿੰਗ ਆਰੰਭ ਕੀਤੀ ਹੋਈ ਸੀ। ਇਸ ਦੌਰਾਨ ਉਨਾਂ ਪਿੰਡ ਐਲਗਰਾਂ ਸਥਿਤ ਗੋਬਿੰਦਗੜ ਸਟੋਨ ਕਰੈਸ਼ਰ ਨਾਲ ਲੱਗਦੀ ਜ਼ਮੀਨ ਵਿਖੇ ਤਾਜਾ ਹੋਈ ਨਾਜਾਇਜ਼ ਮਾਈਨਿੰਗ ਦੇਖੀ। ਉਨਾਂ ਦੱਸਿਆ ਕਿ ਪੈਮਾਇਸ਼ ਕਰਨ 'ਤੇ ਉਕਤ ਜ਼ਮੀਨ 'ਚੋਂ 8 ਲੱਖ 16 ਹਜ਼ਾਰ ਸੀ.ਐੱਫ.ਟੀ. ਮਿਕਦਰ ਨਿਕਾਸੀ ਪਾਈ ਗਈ। ਚੌਕੀ ਕਲਵਾਂ ਦੇ ਇੰਚਾਰਜ ਸਬ-ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਮਾਈਨਿੰਗ ਅਧਿਕਾਰੀਆਂ ਦੀ ਉਕਤ ਸ਼ਿਕਾਇਤ 'ਤੇ ਗੋਬਿੰਦਗੜ ਸਟੋਨ ਕਰੈਸ਼ਰ ਐਲਗਰਾਂ ਦੇ ਮਾਲਕਾਂ ਅਤੇ ਨਾਜਾਇਜ਼ ਮਾਈਨਿੰਗ ਵਾਲੀ ਜ਼ਮੀਨ ਦੇ ਨਾਮਲੂਮ ਮਾਲਕਾਂ ਖਿਲਾਫ਼ ਮਾਈਨਿੰਗ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਗਈ ਹੈ। ਉਨਾਂ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਵੱਲੋਂ ਉਕਤ ਨਾਜਾਇਜ਼ ਮਾਈਨਿੰਗ ਵਾਲੀ ਜ਼ਮੀਨ ਦੇ ਸਬੰਧਿਤ ਕੁਆਰਡੀਨੇਟਸ ਹਾਸਿਲ ਕਰ ਲਏ ਗਏ ਹਨ ਅਤੇ ਜਿਸਦੇ ਅਸਲ ਮਾਲਕਾਂ ਦਾ ਮਾਲ ਵਿਭਾਗ ਰਾਹੀਂ ਪਤਾ ਲਗਾਇਆ ਜਾ ਰਿਹਾ ਹੈ।

## ਸਰਕਾਰੀ ਐਲੀਮੈਂਟਰੀ ਸਕੂਲ ਸਪਰੌੜ ਵਿਖੇ ਬੱਚਿਆਂ ਦਾ ਮੈਡੀਕਲ ਚੈੱਕਅੱਪ ਹੋਇਆ



**ਜਲੰਧਰ( ਰਾਜੇਸ਼ ਥਾਪਾ)**

ਸਰਕਾਰੀ ਐਲੀਮੈਂਟਰੀ ਸਕੂਲ ਸਪਰੌੜ ਵਿਖੇ ਸਿਵਲ ਹਸਪਤਾਲ ਪਾਂਸਟਾ ਵੱਲੋਂ ਰਾਸਟਰੀਏ ਬਾਲ ਸਵਾਸਥ ਕੇਂਦਰ ਜੋ ਪੰਜਾਬ ਸਰਕਾਰ ਵੱਲੋਂ ਪੰਜਾਬ ਭਰ ਦੇ ਸਾਰੇ ਹਸਪਤਾਲਾਂ ਵਿੱਚ ਚਲਾਇਆ ਜਾ ਰਿਹਾ ਹੈ, ਇਸ ਪ੍ਰੋਗਰਾਮ ਤਹਿਤ ਡਾਕਟਰ ਪੰਕੁਲ ਮਹਾਜਨ ਵੱਲੋਂ ਸਕੂਲ 89 ਬੱਚਿਆਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਬੱਚਿਆਂ ਆਪਣੀ ਸਾਫ ਸਫਾਈ ਅਤੇ ਹਰੀਆਂ ਸਬਜੀਆਂ ਖਾਣ ਲਈ ਪ੍ਰੇਰਿਤ ਕੀਤਾਅਤੇ ਬੱਚਿਆਂ ਨੂੰ ਫਾਸਟ ਫੂਡ ਨਾ ਖਾਣ ਲਈ ਕਿਹਾ। ਬੱਚਿਆਂ ਨੂੰ ਆਪਣੇ ਨਹੁੰਆਂ ਦੀ ਸਫਾਈ ਸਮੇਂ ਸਮੇਂ 'ਤੇ ਰੱਖਣ ਲਈ ਕਿਹਾ ਕਿਉਂਕਿ ਬਹੁਤ ਸਾਰੇ ਕੀਟਾਣੂ ਇਨ੍ਹਾਂ ਦੁਆਰਾ ਹੀ ਸਾਡੇ ਸਰੀਰ ਵਿੱਚ ਪ੍ਰਵੇ। ਕਰਦੇ ਹਨ। ਜਿਸ ਨਾਲ ਅਸੀਂ ਬਿਮਾਰੀਆਂ ਦੇ ਸ਼ਕਾਰ ਹੋ ਜਾਂਦੇ ਹਾਂ। ਬੱਚਿਆਂ ਦੇ ਚੈਸਟ, ਅਤੇ ਸਾਹ ਸੰਬੰਧੀ ਮੈਡੀਕਲ ਚੈੱਕਅਪ ਕੀਤਾ। ਸਕੂਲ ਦੇ ਮੁੱਖ ਅਧਿਆਪਕ ਗਣੇਸ਼ ਭਗਤ ਨੇ ਮੈਡੀਕਲ ਚੈੱਕਅਪ ਕੈਂਪ ਕਰਨ ਆਏ ਡਾਕਟਰ ਪੰਕੁਲ ਮਹਾਜਨ ਅਤੇ ਸਟਾਫ ਦਾ ਧੰਨਵਾਦ ਕੀਤਾ। ਉਨ੍ਹਾਂ ਵੱਲੋਂ ਬੱਚਿਆਂ ਨੂੰ ਖਾਣ ਪੀਣ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਮੌਕੇ 'ਤੇ ਮੈਡਮ ਰੀਨੂੰ ਸੰਗਘੋਤਰਾ , ਮੈਡਮ ਜਸਵਿੰਦਰ, ਮੈਡਮ ਕਾਜਲ , ਮੈਡਮ ਅੰਜੂ ਹਾਜਰ ਸਨ।

## ਸੇਂਟ ਸੋਲਜਰ ਲਾਅ ਕਾਲਜ ਦੇ ਵਿਦਿਆਰਥੀਆਂ ਨੇ 'ਵਰਸਿਟੀ ਦੀਆਂ ਪੁਜ਼ੀਸ਼ਨਾਂ ਕੀਤੀਆਂ ਪ੍ਰਾਪਤ

**ਜਲੰਧਰ ( ਇਕਬਾਲ ਸਿੰਘ ਉੱਭੀ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਵੱਖ-ਵੱਖ ਲਾਅ ਕੋਰਸਾਂ ਦੇ ਨਤੀਜਿਆਂ ਵਿਚ ਸੇਂਟ ਸੋਲਜਰ ਲਾਅ ਕਾਲਜ ਦੇ ਵਿਦਿਆਰਥੀਆਂ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 28 ਵਿਦਿਆਰਥੀਆਂ ਨੇ ਯੂਨੀਵਰਸਿਟੀ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਅਤੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਮਾਣ ਨਾਲ ਦੱਸਿਆ ਕਿ ਬੀਬੀਏ ਐਲਐਲਬੀ ਪਹਿਲਾ ਸਮੈਸਟਰ ਤਮੰਨਾ 431 ਅੰਕ ਲੈ ਕੇ ਪਹਿਲਾ, ਗੁਰਸਿਮਰਤ ਸਿੰਘ 408 ਅੰਕ ਲੈ ਕੇ ਦੂਜਾ, ਸਿਮਰ ਨੇ 398 ਅੰਕ ਲੈ ਕੇ ਤੀਜਾ, ਤੀਸਰੇ ਸਮੈਸਟਰ 'ਚ ਰਮਨਦੀਪ ਨੇ 399 ਅੰਕ ਲੈ ਕੇ ਪਹਿਲਾ, ਜਸਲੀਨ ਨੇ 392 ਅੰਕ ਲੈ ਕੇ ਦੂਜਾ, ਨੀਤੂ ਵਰਮਾ 384 ਅੰਕ ਲੈ ਕੇ ਤੀਜਾ ਸਥਾਨ, ਪੰਜਵੇਂ ਸਮੈਸਟਰ ਵਿੱਚ ਗੌਤਮ ਨੇ 459 ਅੰਕ ਲੈ ਕੇ ਪਹਿਲਾ, ਪ੍ਰਬਲ ਨੇ 436 ਅੰਕ ਲੈ ਕੇ ਦੂਜਾ, ਪ੍ਰਾਚੀ ਮਿੱਤਲ ਨੇ 432 ਅੰਕ ਲੈ ਕੇ ਤੀਜਾ, ਸੱਤਵੇਂ ਸਮੈਸਟਰ ਵਿੱਚ 500 ਅੰਕਾਂ 'ਚੋਂ ਜਸਮੀਤ ਕੌਰ ਨੇ 379 ਅੰਕ ਲੈ ਕੇ ਪਹਿਲਾ, ਅਰਪਿਤਾ ਵਾਲੀਆ ਨੇ 344 ਅੰਕ ਲੈ ਕੇ ਦੂਜਾ, ਪ੍ਰਿਆ ਨੇ 340 ਅੰਕਾਂ ਨਾਲ ਤੀਸਰਾ, ਨੌਵੇਂ ਸਮੈਸਟਰ ਵਿੱਚ ਸਿਮਰਨ ਸ਼ਰਮਾ ਨੇ 378 ਅੰਕ ਲੈ ਕੇ ਪਹਿਲਾ, ਅਮਨਜੋਤ 376 ਅੰਕ ਲੈ ਕੇ ਦੂਜਾ, ਸ਼ਵੇਤਾ ਨੇ 373 ਅੰਕ ਲੈ ਕੇ ਤੀਜਾ, ਐਲਐਲਬੀ ਪਹਿਲੇ ਸਮੈਸਟਰ



ਵਿੱਚ ਸ਼ਵੇਤਾ ਅਤੇ ਹਰਦੀਪ ਕੌਰ ਨੇ 334 ਅੰਕ ਲੈ ਕੇ ਤੀਜਾ, ਪੰਜਵੇਂ ਸਮੈਸਟਰ ਵਿੱਚੋਂ ਅੰਜਲੀ ਨੇ 356 ਅੰਕ ਲੈ ਕੇ ਤੀਜਾ, ਬੀ.ਕਾਮ ਐਲਐਲਬੀ ਦੇ ਪਹਿਲੇ ਸਮੈਸਟਰ ਵਿੱਚ ਮਨਪ੍ਰੀਤ ਕੌਰ 471 ਅੰਕ ਲੈ ਕੇ ਪਹਿਲਾ, ਵਾਨੀ ਨੇ 460 ਅੰਕ ਲੈ ਕੇ ਦੂਜਾ, ਤੀਸਰੇ ਸਮੈਸਟਰ 'ਚ ਅਜ਼ਰਾ ਬਾਨੋ ਨੇ ਦੂਸਰਾ, ਪੰਜਵੇਂ ਸਮੈਸਟਰ 'ਚ ਕਨਿਕਾ ਠਾਕੁਰ ਨੇ ਤੀਸਰੇ, ਸੱਤਵੇਂ ਸਮੈਸਟਰ 'ਚ ਮਨਵੀਰ ਕੌਰ ਨੇ ਦੂਜਾ, ਨੌਂਵੇਂ ਸਮੈਸਟਰ ਵਿੱਚ ਮਾਨਵੀ ਉੱਪਲ ਨੇ 389 ਅੰਕ ਲੈ ਕੇ ਪਹਿਲਾ, ਅਮਨੀਤ ਪਾਇਲ ਨੇ 388 ਅੰਕ ਲੈ ਕੇ ਦੂਜਾ, ਹਿਨਾ ਨੇ 386 ਅੰਕ ਲੈ ਕੇ ਤੀਜੇ ਸਥਾਨ, ਬੀਏ ਐਲਐਲਬੀ 5ਵੇਂ ਸਮੈਸਟਰ 'ਚ ਅਵਿਸਕਾ ਰੋਸ਼ਨ ਨੇ 469 ਅੰਕ ਲੈ ਕੇ ਦੂਜਾ, ਨੌਵੇਂ ਸਮੈਸਟਰ 'ਚ ਕਮਲਜੀਤ ਕੌਰ ਨੇ 357 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ।

## ਬਾਬਾ ਬਾਲਕ ਨਾਥ ਨੂੰ ਚੈਤਰ ਮਹੀਨੇ ਦੀ ਸਾਲਾਨਾ ਚਾਲੇ ਦੀ ਵਧਾਈ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ)**

ਬਾਬਾ ਬਾਲਕ ਨਾਥ ਜੀ ਝੰਡ ਸਾਹਿਬ ਮੰਦਿਰ ਪਿੰਡ ਜੇਠੂਮਜਾਰਾ, ਭਗਤ



ਬਾਬਾ ਪਾਲਾ ਨੇ ਬਾਬਾ ਬਾਲਕ ਨਾਥ ਜੀ ਨੂੰ ਚੈਤਰ ਮਹੀਨੇ ਦੀ ਸਾਲਾਨਾ ਚਾਲੇ ਦੀ ਵਧਾਈ ਦਿੱਤੀ ਅਤੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। 1008 ਮਹਾਰਾਜ ਬਾਬਾ ਰਜਿੰਦਰ ਗਿਰੀ ਤੋਂ ਅਸ਼ੀਰਵਾਦ ਲੈ ਕੇ ਆਏ ਭਗਤ ਪਾਲਾ ਨੇ ਦੱਸਿਆ ਕਿ ਪ੍ਰਾਚੀਨ ਮਾਨਤਾ ਅਨੁਸਾਰ ਬਾਬਾ ਬਾਲਕ ਨਾਥ ਜੀ ਨੂੰ ਭਗਵਾਨ ਸ਼ਿਵ ਦਾ ਅੰਸ਼ ਅਵਤਾਰ ਹੀ ਮੰਨਿਆ ਜਾਂਦਾ ਹੈ। ਸ਼ਰਧਾਲੂਆਂ 'ਚ ਅਜਿਹੀ ਧਾਰਨਾ ਹੈ ਕਿ ਬਾਬਾ ਬਾਲਕ ਨਾਥ 3 ਸਾਲ ਦੀ ਛੋਟੀ ਉਮਰ 'ਚ ਹੀ ਆਪਣਾ ਘਰ ਛੱਡ ਕੇ ਚਾਰ ਧਾਮ ਦੀ ਯਾਤਰਾ ਕਰਦੇ-ਕਰਦੇ ਸ਼ਾਹਤਲਾਈ (ਜ਼ਿਲਾ ਬਿਲਾਸਪੁਰ) ਨਾਂਅ ਦੇ ਥਾਂ 'ਤੇ ਪਹੁੰਚੇ ਸਨ। ਸ਼ਾਹਤਲਾਈ 'ਚ ਹੀ ਰਹਿਣ ਵਾਲੀ ਮਾਈ ਰਤਨੋ ਬਾਬਾ ਜੀ ਨੂੰ ਆਪਣਾ ਪੁੱਤਰ ਬਣਾਇਆ। ਬਾਬਾ ਜੀ ਨੇ 12 ਸਾਲ ਮਾਈ ਰਤਨੋ ਦੀਆਂ ਗਊਆਂ ਚਰਾਈਆਂ। ਇਕ ਦਿਨ ਮਾਤਾ ਰਤਨੋ ਦੇ ਤਾਅਨੇ ਮਾਰਨ 'ਤੇ ਬਾਬਾ ਜੀ ਨੇ ਆਪਣੇ ਚਮਤਕਾਰ ਤੋਂ 12 ਸਾਲਾਂ ਦੀ ਲੱਸੀ ਅਤੇ ਰੋਟੀਆਂ ਇਕ ਪਲ 'ਚ ਵਾਪਸ ਕਰ ਦਿੱਤੀਆਂ। ਮੌਜੂਦਾ ਸਮੇਂ 'ਚ ਮਹੰਤ ਰਾਜਿੰਦਰ ਗਿਰੀ ਦਿਨ-ਰਾਤ ਸੇਵਾ ਕਰ ਰਹੇ ਹਨ।

## ਐਸ ਐਸ ਪੀ ਦਫਤਰ ਦੇ ਬਾਹਰ ਵਾਤਾਵਰਣ ਦੀ ਸ਼ੁੱਧਤਾ ਲਈ ਲਗਾਏ ਪੌਦੇ



**ਕਪੂਰਥਲਾ,(ਪ੍ਰੀਤ ਸੰਗੋਜਲਾ)**

ਐਸ.ਐਸ.ਪੀ. ਕਪੂਰਥਲਾ ਰਾਜਪਾਲ ਸਿੰਘ ਸੰਧੂ ਤੇ ਹੋਰ ਪੁਲਸ ਅਧਿਕਾਰੀਆਂ ਨੇ ਐਸ.ਐਸ.ਪੀ. ਦਫਤਰ ਦੇ ਆਲੇ ਦੁਆਲੇ ਨੂੰ ਸੁੰਦਰ ਬਣਾਉਣ ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬੂਟੇ ਲਗਾਏ। ਬੂਟੇ ਲਗਾਉਣ ਉਪਰੰਤ ਰਾਜਪਾਲ ਸਿੰਘ ਸੰਧੂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਚੌਗਿਰਦੇ ਦੀ ਸਾਫ ਸਫਾਈ ਦੇ ਨਾਲ-ਨਾਲ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ। . ਉਨ੍ਹਾਂ ਕਿਹਾ ਕਿ ਵੱਧ ਰਿਹਾ ਪ੍ਰਦੂਸ਼ਣ ਬਹੁਤ ਚਿੰਤਾ ਦਾ ਵਿਸ਼ਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਬੂਟੇ ਲਗਾਕੇ ਵਾਤਾਵਰਣ ਦੀ ਸ਼ੁੱਧਤਾ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਐਸ.ਪੀ. ਹੈੱਡਕੁਆਟਰ ਹਰਪ੍ਰੀਤ ਸਿੰਘ ਬੈਨੀਪਾਲ, ਐਸ.ਪੀ. ਡੀ. ਹਰਵਿੰਦਰ ਸਿੰਘ ਡੱਲੀ, ਡੀ.ਐਸ.ਪੀ. ਸਤਨਾਮ ਸਿੰਘ, ਡੀ.ਐਸ.ਪੀ. ਕ੍ਰਿਮਿਨਲ ਤੇ ਇੰਟੈਲੀਜੈਂਸ ਲਖਵਿੰਦਰ ਸਿੰਘ ਮੱਲ, ਜ਼ਿਲ੍ਹਾ ਪਲੇਸਮੈਂਟ ਡਾ: ਵਰੁਣ ਜੋਸ਼ੀ ਆਦਿ ਹਾਜਰ ਸਨ।

## ਸਿਵਲ ਸਰਜਨ ਵੱਲੋਂ ਸਬ-ਸੈਂਟਰ/ਹੈਲਥ ਵੈਲਨੈਸ ਸੈਂਟਰ ਝਰੇੜਾ ਦਾ ਦੌਰਾ



**ਤਲਵਾੜਾ -(ਘਈ)**- ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਬਲਵਿੰਦਰ ਕੁਮਾਰ ਨੇ ਸੀ ਐਚ ਸੀ ਭੋਲ ਕਲੋਤਾ ਦੇ ਦੌਰੇ ਦੌਰਾਨ ਵਿਸ਼ੇਸ਼ ਤੌਰ 'ਤੇ ਬਲਾਕ ਹਾਜੀਪੁਰ ਦੇ ਸਭ ਤੋਂ ਦੂਰ ਦੁਰਾਡੇ ਦੇ ਸਬ-ਸੈਂਟਰ/ਹੈਲਥ ਵੈਲਨੈਸ ਸੈਂਟਰ ਝਰੇੜਾ ਦਾ ਦੌਰਾ ਕੀਤਾ ਅਤੇ ਦਵਾਈਆਂ , ਬਿਮਾਰੀਆਂ, ਗਰਭਵਤੀ ਮਾਤਾਵਾਂ ਅਤੇ ਨਵਜੰਮੇ ਬੱਚਿਆਂ ਨਾਲ ਸਬੰਧਤ ਰਿਕਾਰਡ ਦੀ ਬਰੀਕੀ ਨਾਲ ਜਾਂਚ ਕੀਤੀ । ਇਸ ਦੌਰਾਨ ਉਨ੍ਹਾਂ ਨੇ ਸਟਾਫ ਦੀ ਕਾਰਗੁਜਾਰੀ ਦਾ ਵੀ ਨਿਰੀਖਣ ਕੀਤਾ ਅਤੇ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ । ਇਸ ਮੌਕੇ ਉਨ੍ਹਾਂ ਨਾਲ ਐਸ.ਐਮ.ਉ.ਡਾਕਟਰ ਅਨੁਪਿੰਦਰ ਕੌਰ, ਨੋਡਲ ਅਫਸਰ ਡਾਕਟਰ ਵਿਸ਼ਾਲ ਧਰਵਾਲ , ਸੀ.ਐਚ.ਉ. ਬਲਜਿੰਦਰ ਕੌਰ, ਆਸ਼ਾ ਵਰਕਰਾਂ ਅਤੇ ਹੋਰ ਸਟਾਫ ਹਾਜਰ ਸੀ।

## ਗੈਰ-ਕਾਨੂੰਨੀ ਢੰਗ ਨਾਲ ਪਾਣੀ ਦੀ ਨਿਕਾਸੀ ਨੂੰ ਰੋਕਣ ਵਾਲਿਆਂ 'ਤੇ ਕੀਤੀ ਜਾਵੇਗੀ ਸਖਤ ਕਾਰਵਾਈ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਇਕ ਮਾਮਲਾ ਆਇਆ ਹੈ ਕਿ ਹੁਸ਼ਿਆਰਪੁਰ-ਗੜ੍ਹਸ਼ੰਕਰ ਰੋਡ 'ਤੇ ਪਿੰਡ ਕਿਲਾ ਬਰੂਨ ਦੇ ਤਹਿਤ ਆਉਂਦੀ ਇਕ ਪੁੱਲੀ ਨਾਲ ਕਿਸੇ ਵਿਅਕਤੀ ਵਲੋਂ ਚੋਅ ਦਾ ਰਸਤਾ ਬੰਦ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਸਬੰਧ ਵਿਚ ਉਨ੍ਹਾਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਡਿਪਟੀ ਕਮਿਸ਼ਨਰ ਵਲੋਂ ਵੀ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨਾਲ ਇਸ ਸਬੰਧੀ ਵਿਸਥਾਰਤ ਰਿਪੋਰਟ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਵਲੋਂ ਜ਼ਮੀਨ ਦੇ ਮਾਲਕ ਨੂੰ ਨੋਟਿਸ ਜਾਰੀ ਕਰਕੇ ਇਸ ਦਾ ਜਵਾਬ ਮੰਗਿਆ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਗੈਰ ਕਾਨੂੰਨੀ ਢੰਗ ਨਾਲ ਪਾਣੀ ਦੇ ਨਿਕਾਸ ਨੂੰ ਰੋਕਣ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਰੱਖਿਆ ਸਰਕਾਰ ਦੀ ਮੁੱਖ ਤਰਜ਼ੀਹ ਹੈ ਅਤੇ ਲੋਕ ਹਿੱਤ ਵਿਚ ਸਰਕਾਰ ਸਖਤ ਫੈਸਲੇ ਲੈਣ ਤੋਂ ਗੁਰੇਜ਼ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਇਸ ਤਰ੍ਹਾਂ ਦਾ ਮਾਮਲਾ ਪਹਿਲਾਂ ਵੀ ਕਿਤੇ ਹੋਇਆ ਹੈ, ਤਾਂ ਉਸ ਦੀ ਜਾਂਚ ਕੀਤੀ ਜਾਵੇਗੀ। ਜਿੰਪਾ ਨੇ ਕਿਹਾ ਕਿ ਮਾਮਲੇ ਸਬੰਧੀ ਪੂਰੀ ਜਾਂਚ ਕਰਨ 'ਤੇ ਪਤਾ ਚੱਲਿਆ ਹੈ ਕਿ ਪਿੰਡ ਕਿਲਾ ਬਰੂਨ ਦੀ ਉਕਤ ਜ਼ਮੀਨ 'ਤੇ ਕਿਸੇ ਵਿਅਕਤੀ ਨੇ ਜ਼ਮੀਨ ਵਿਚ ਪਾਈਪ ਪਾਈ ਹੈ ਅਤੇ ਵਿਭਾਗ ਵਲੋਂ ਉਸ ਨੂੰ ਨੋਟਿਸ ਜਾਰੀ ਕਰਕੇ ਤੁਰੰਤ ਇਹ ਪਾਈਪ ਕੱਢਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤਰ੍ਹਾਂ ਨਾ ਕਰਨ ਦੀ ਸੂਰਤ ਵਿਚ ਸਬੰਧਤ ਖਿਲਾਫ਼ ਦਿ ਨਾਰਦਨ ਇੰਡੀਆ ਕੈਨਲ ਐਂਡ ਡਰੇਨੇਜ਼ ਐਕਟ 1857 ਦੀ ਧਾਰਾ 70 ਤਹਿਤ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕੋਲੋਨਾਈਜ਼ਰਾਂ ਨੂੰ ਵੀ ਚਿਤਵਾਨੀ ਦਿੱਤੀ ਕਿ ਉਹ ਨਿਯਮਾਂ ਅਨੁਸਾਰ ਹੀ ਕਾਲੋਨੀਆਂ ਕੱਟਣ ਅਤੇ ਵਿਭਾਗ ਦੀਆਂ ਸ਼ਰਤਾਂ ਅਨੁਸਾਰ ਹੀ ਕੰਮ ਕਰਨ।

## ਪੜ੍ਹੋ ਪੰਜਾਬ ਟੀਮ ਨੂੰ ਪਿੱਤਰੀ ਸਕੂਲਾਂ 'ਚ ਭੇਜਣ ਦਾ ਸਾਂਝੇ ਅਧਿਆਪਕ ਮੋਰਚੇ ਵੱਲੋਂ ਸਵਾਗਤ



**ਫਿਲੌਰ (ਨਿਰਮਲ)**

ਪਿਛਲੇ ਸਮੇਂ ਵਿੱਚ ਪੰਜਾਬ ਦੀ ਜਨਤਕ ਸਿੱਖਿਆ ਨੂੰ ਬਚਾਉਣ, 8886 ਅਧਿਆਪਕਾਂ ਸਮੇਤ ਹਰ ਤਰ੍ਹਾਂ ਦੇ ਕੱਚੇ ਅਧਿਆਪਕਾਂ ਨੂੰ ਪੂਰੀ ਤਨਖਾਹ 'ਤੇ ਪੱਕੇ ਕਰਵਾਉਣ, ਤਰਕਸੰਗਤ ਅਧਿਆਪਕ ਤਬਾਦਲਾ ਨੀਤੀ ਬਣਾਉਣ ਅਤੇ ਅਧਿਆਪਕਾਂ ਦੇ ਅਨੇਕਾਂ ਹੱਕੀ ਮਸਲਿਆਂ ਨੂੰ ਹੱਲ ਕਰਾਉਣ ਲਈ ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਕੀਤੇ ਗਏ ਸੰਘਰਸਾਂ ਸਮੇਂ ਅਧਿਆਪਕ ਆਗੂਆਂ ਦੀ ਸੱਚ ਦੀ ਆਵਾਜ ਨੂੰ ਦਬਾਉਣ ਲਈ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ 800 ਦੇ ਲਗਭਗ ਅਧਿਆਪਕਾਂ ਨੂੰ ਵੱਖ-ਵੱਖ ਤਰ੍ਹਾਂ ਦੇ ਝੂਠੇ ਦੋਸ਼ ਲਗਾ ਕੇ ਉਹਨਾਂ ਦੀਆਂ ਵਿਕਟੇਮਾਈਜੇਸ਼ਨਾਂ ਕੀਤੀਆਂ ਗਈਆਂ ਸਨ। ਪਰ ਸਾਂਝਾ ਅਧਿਆਪਕ ਮੋਰਚਾ ਪੰਜਾਬ ਜਿੱਥੇ ਜਨਤਕ ਸਿੱਖਿਆ ਨੂੰ ਬਚਾਉਣ ਅਤੇ ਹੋਰ ਅਧਿਆਪਕ ਮੰਗਾਂ ਦੇ ਹੱਲ ਲਈ ਲਗਾਤਾਰ ਸੰਘਰਸ਼ਸ਼ੀਲ ਰਿਹਾ ਹੈ, ਉੱਥੇ ਵਿਕਟੇਮਾਈਜ ਕੀਤੇ ਅਧਿਆਪਕਾਂ ਨੂੰ ਉਨ੍ਹਾਂ ਦੇ ਪਿੱਤਰੀ ਸਕੂਲਾਂ ਵਿੱਚ ਹਾਜਰ ਕਰਵਾਉਣ ਵਿੱਚ ਸਫਲ ਰਿਹਾ ਹੈ। ਇਹ ਵੀ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ ਹੈ। ਸਰਕਾਰ ਨੇ ਪੰਜਾਬ ਦੇ ਅਧਿਆਪਕਾਂ ਵਿੱਚ ਡਰ ਦਾ ਮਾਹੌਲ ਬਣਾਈ ਰੱਖਣ ਲਈ ਸਾਂਝੇ ਅਧਿਆਪਕ ਮੋਰਚੇ ਦੇ ਆਗੂਆਂ ਦੀਆਂ ਵਿਕਟੇਮਾਈਜੇਸ਼ਨਾਂ ਪੂਰੀ ਤਰ੍ਹਾਂ ਹੱਲ ਨਹੀਂ ਕੀਤੀਆਂ ਸਨ। ਸਿੱਖਿਆ ਮੰਤਰੀ ਅਤੇ ਸਿੱਖਿਆ ਅਧਿਕਾਰੀਆਂ ਨਾਲ ਹੋਈਆਂ ਵੱਖ-ਵੱਖ ਮੀਟਿੰਗਾਂ ਵਿੱਚ ਮੋਰਚੇ ਵੱਲੋਂ ਲਗਾਤਾਰ ਦਬਾਅ ਬਣਾਈ ਰੱਖਣ ਦੇ ਸਿੱਟੇ ਵਜੋਂ ਸਿੱਖਿਆ ਮੰਤਰੀ ਵੱਲੋਂ ਉਨ੍ਹਾਂ ਨਾਲ ਸੰਬੰਧਤ ਸਾਥੀ ਬਲਕਾਰ ਵਲਟੋਹਾ, ਜਰਮਨਜੀਤ ਸਿੰਘ, ਮੰਗਲ ਸਿੰਘ ਟਾਂਡਾ, ਅਸ਼ਵਨੀ ਅਵਸਥੀ, ਅਮਨ ਸ਼ਰਮਾ, ਊਧਮ ਸਿੰਘ, ਜਸਵਿੰਦਰ ਸਿੰਘ ਔਲਖ, ਦੀਦਾਰ ਮੁੱਦਕੀ, ਰੁਪਿੰਦਰ ਕੌਰ ਆਦਿ ਆਗੂਆਂ ਦੀਆਂ ਅਪੀਲਾਂ ਦੀ ਨਿੱਜੀ ਸੁਣਵਾਈ ਚੰਗੇ ਮਾਹੌਲ ਵਿੱਚ ਕਰਦਿਆਂ ਅਧਿਆਪਕ ਪੱਖੀ ਨਿਪਟਾਰਾ ਕੀਤਾ ਗਿਆ ਹੈ। ਰਹਿੰਦੀਆਂ ਅਪੀਲਾਂ ਨੂੰ ਵੀ ਹਮਦਰਦੀ ਨਾਲ ਵਿਚਾਰ ਕੇ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਇਸ ਮੌਕੇ ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰ ਸੁਖਵਿੰਦਰ ਸਿੰਘ ਚਾਹਲ ਹਾਜਰ ਸਨ।

## ਪੀ ਸੀ ਐਮ ਐਸ ਡੀ ਕਾਲਜ ਦੇ ਸੰਗੀਤ ਵਿਭਾਗ ਵੱਲੋਂ ਅੰਤਰਰਾਸ਼ਟਰੀ ਵੈਬੀਨਾਰ

**ਜਲੰਧਰ ( ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਸੰਗੀਤ ਵਿਭਾਗ ਵੱਲੋਂ 'ਗੁਰਬਾਣੀ ਸੰਗੀਤ ਦੇ ਅਧਿਐਨ ਵਿੱਚ ਸਿੱਖ ਸੰਗੀਤ ਵਿਗਿਆਨ ਦਾ ਯੋਗਦਾਨ: ਲਿੰਗ ਅਤੇ ਸਮੂਲੀਅਤ ਬਾਰੇ ਪ੍ਰਤੀਬਿੰਬ' ਵਿਸ਼ੇ 'ਤੇ ਇੱਕ ਅੰਤਰਰਾਸਟਰੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਹੋਫਸਟ੍ਰਾ ਯੂਨੀਵਰਸਿਟੀ (ਨਿਊਯਾਰਕ) ਤੋਂ ਪ੍ਰੋ. ਫ੍ਰਾਂਸੇਸਕਾ ਕੈਸੀਓ ਉਸ ਦਿਨ ਦੇ ਸਰੋਤ ਵਿਅਕਤੀ ਸਨ। ਸ਼ੁਰੂ ਵਿੱਚ, ਸ੍ਰੀਮਤੀ ਅਨੂ ਬਾਲਾ, ਮੁਖੀ, ਸੰਗੀਤ ਵਿਭਾਗ (ਵੋਕਲ) ਨੇ ਵੈਬੀਨਾਰ ਦੇ ਭਾਗੀਦਾਰਾਂ ਨਾਲ ਮੁੱਖ ਮਹਿਮਾਨ ਦੀ ਜਾਣ-ਪਛਾਣ ਕਰਵਾਈ ਅਤੇ ਸਰੋਤਿਆਂ ਨੂੰ ਵਿਸੇ ਤੋਂ ਜਾਣੂ ਕਰਵਾਇਆ। ਪ੍ਰੋ. ਕੈਸੀਓ ਨੇ ਵਿਸੇ ਦੀ ਮਹੱਤਤਾ 'ਤੇ ਕਾਫੀ ਰੌਸ਼ਨੀ ਪਾਈ। ਉਸਨੇ ਗੁਰਬਾਣੀ ਸੰਗੀਤ ਅਤੇ ਗੁਰਬਾਣੀ ਸੰਗੀਤ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਗੱਲ ਕੀਤੀ। ਅੰਤ ਵਿੱਚ, ਡਾ. ਅਰੁਪ੍ਰਿਆ ਨੇ ਰਿਸੋਰਸ ਪਰਸਨ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਅੰਤਰਰਾਸ਼ਟਰੀ ਵੈਬੀਨਾਰ ਦੇ ਸਫਲਤਾਪੂਰਵਕ ਆਯੋਜਨ ਲਈ ਸੰਗੀਤ ਵਿਭਾਗ ਨੂੰ ਵਧਾਈ ਦਿੱਤੀ।

## ਵਿਧਾਇਕ ਦਿਨੇਸ਼ ਚੱਢਾ ਵੱਲੋਂ ਗ੍ਰਾਮ ਪੰਚਾਇਤ ਕਰੂਰਾ ਨੂੰ 3 ਲੱਖ ਦੀ ਗ੍ਰਾਂਟ ਜਾਰੀ

**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**

ਰੂਪਨਗਰ ਹਲਕੇ ਦੇ ਵਿਧਾਇਕ ਦਿਨੇਸ਼ ਚੱਢਾ ਵੱਲੋਂ ਪਿੰਡ ਕਰੂਰਾ ਦੇ ਵਿਕਾਸ ਲਈ 3 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਜਿਸ ਸਬੰਧੀ ਵਿਧਾਇਕ ਦੇ ਦਫ਼ਤਰ ਇੰਚਾਰਜ ਸਤਨਾਮ ਸਿੰਘ ਨਾਗਰਾ ਤੇ ਆਪ ਦੇ ਸੀਨਅਰ ਆਗੂ ਅਵਤਾਰ ਸਿੰਘ ਕੂਨਰ ਨੇ ਗ੍ਰਾਮ ਪੰਚਾਇਤ ਨੂੰ ਅਧਿਕਾਰਤ ਪੱਤਰ ਸੌਂਪਿਆ। ਨਾਗਰਾ ਨੇ ਆਖਿਆ ਕਿ ਪੰਜਾਬ ਦੀ ਜਨਤਾ ਨੇ ਜਿਸ ਪ੍ਰਕਾਰ ਨਾਲ ਹੋਰਨਾਂ ਰਾਜਨੀਤਿਕ ਪਾਰਟੀਆਂ ਨੂੰ ਪਛਾੜ ਕੇ ਭਾਰੀ ਬਹੁਮਤ ਦਿਲਾਉਂਦੇ ਹੋਏ ਸੂਬੇ ਦੀ ਸੱਤਾ ਸੌਂਪੀ ਹੈ ਉਸੀ ਪ੍ਰਕਾਰ ਆਮ ਆਦਮੀ ਪਾਰਟੀ ਵੀ ਲੋਕਾਂ ਨਾਲ ਕੀਤੇ ਸਮੁੱਚੇ ਵਾਅਦਿਆਂ 'ਤੇ ਖਰਾ ਉਤਰੇਗੀ। ਉਨਾਂ ਆਖਿਆ ਕਿ ਵਿਰੋਧੀ ਦਲਾਂ ਦੇ ਆਗੂਆਂ ਨੂੰ ਪਾਰਟੀ ਵੱਲੋਂ ਕੀਤੇ ਗਏ ਚੰਗੇ ਕੰਮਾਂ ਦੀ ਖੁਸ਼ੀ ਹੋਣ ਦੀ ਬਜਾਏ ਇਸ ਗੱਲ ਦੀ ਵਧੇਰੇ ਤਕਲੀਫ ਹੈ ਕਿ ਆਪ ਪਾਰਟੀ ਵੱਲੋਂ ਚੋਣਾਂ ਦੌਰਾਨ ਸੂਬੇ ਦੀ ਜਨਤਾ ਨਾਲ ਕੀਤੇ ਗਏ ਵਾਅਦਿਆਂ 'ਚੋਂ 13 ਮਹੀਨਿਆਂ ਦੇ ਅੰਤਰਾਲ 'ਚ ਹੀ ਜ਼ਿਆਦਾਤਰ ਵਾਅਦੇ ਕਿਵੇਂ ਪੂਰੇ ਕਰਕੇ ਦਿਖਾ ਦਿੱਤੇ ਗਏ ਹਨ। ਕੂਨਰ ਨੇ ਆਖਿਆ ਕਿ ਹੁਣ ਤੱਕ ਰਿਵਾਇਤੀ ਪਾਰਟੀਆਂ ਝੂਠ ਦੀ ਨੀਂਹ 'ਤੇ ਹੀ ਰਾਜ ਕਰਦੀਆਂ ਰਹੀਆਂ ਹਨ। ਜਦਕਿ ਸੱਚਾਈ ਇਹ ਹੈ ਕਿ ਭਵਿੱਖ 'ਚ ਜਨਤਾ ਉਨਾਂ ਰਾਜਨੀਤਿਕ ਦਲਾਂ ਨੂੰ ਹੀ ਮੌਕਾ ਦੇਵੇਗੀ ਜੋ ਨੇਕ ਨੀਤੀ ਨਾਲ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਲੈ ਕੇ ਜਾਣ ਅਤੇ ਜਨਤਾ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਸਮਰੱਥ ਹੋ ਸਕਣ। ਇਸ ਤੋਂ ਉਪਰੰਤ ਉਨਾਂ ਗ੍ਰਾਮ ਪੰਚਾਇਤ ਨੂੰ ਜਾਰੀ ਹੋਈ 3 ਲੱਖ ਦੀ ਗ੍ਰਾਂਟ ਦਾ ਅਧਿਕਾਰਤ ਪੱਤਰ ਸੌਂਪਿਆ। ਉਨਾਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਵੀ



ਸੁਣੀਆਂ ਤੇ ਜਿਨਾਂ ਨੂੰ ਵਿਧਾਇਕ ਚੱਢਾ ਦੇ ਧਿਆਨ 'ਚ ਲਿਆ ਕੇ ਜਲਦ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ। ਸਮਾਗਮ ਦੌਰਾਨ ਨੰਬਰਦਾਰ ਬਲਵਿੰਦਰ ਸਿੰਘ, ਡਾ. ਮਦਨ ਲਾਲ ਚੇਚੀ, ਅਵਤਾਰ ਸਿੰਘ ਠੇਕੇਦਾਰ, ਗੁਰਦੇਵ ਸਿੰਘ ਚਬਰੇਵਾਲ, ਦਰਸ਼ਨ ਸਿੰਘ, ਮੋਨੂੰ ਕਰੂਰਾ, ਵਿਜੇ ਕੁਮਾਰ, ਨਾਥ ਰਾਮ ਪੰਚ, ਰਾਮ ਸਰੂਪ, ਭਜਨ ਕੌਰ, ਨਰਿੰਦਰ ਸਿੰਘ, ਗੋਬਿੰਦ, ਅਕਾਸ਼ ਸਿੰਘ, ਲਵਲੀ ਅਤੇ ਸੁਨੀਲ ਕੁਮਾਰ ਸਹਿਤ ਭਾਰੀ ਸੰਖਿਆ 'ਚ ਪਿੰਡ ਵਾਸੀ ਹਾਜ਼ਰ ਸਨ।

# ਕਮੇਟੀਆਂ ਬਣਾਉਣ ਦੀ ਬਜਾਏ ਪੰਜਾਬ ਸਰਕਾਰ ਮੁਕੰਮਲ ਰੂਪ 'ਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰੇ

**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ 01-01-2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨਾਲ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਗਿਆ ਸੀ ਕਿ ਉਨ੍ਹਾ ਦੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਮੁਲਾਜ਼ਮਾਂ ਉਪਰ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਰੱਦ ਕਰ ਕੇ ਪੁਰਾਣੀ ਪੈਨਸ਼ਨ ਸਕੀਮ ਤੁਰੰਤ ਲਾਗੂ ਕੀਤੀ ਜਾਵੇਗੀ । ਪਰ ਪੰਜਾਬ ਸਰਕਾਰ ਵੱਲੋਂ ਲਗਭਗ ਇੱਕ ਸਾਲ ਪੂਰਾ ਹੋਣ ਤੋਂ ਬਾਅਦ ਵੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਗਈ। ਇਸ ਸੰਬੰਧੀ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਮੋਰਚੇ ਦੇ ਸੂਬਾਈ ਕਨਵੀਨਰ ਗੁਰਜੰਟ ਸਿੰਘ ਕੋਕਰੀ ਕਲਾਂ, ਕੋ-ਕਨਵੀਨਰ ਰਣਦੀਪ ਸਿੰਘ ਸ੍ਰੀ ਫਤਹਿਗੜ੍ਹ ਸਾਹਿਬ, ਟਹਿਲ ਸਿੰਘ ਸਰਾਭਾ, ਗੁਰਜੀਤ ਸਿੰਘ ਜਲੰਧਰ, ਸੁਰਿੰਦਰ ਸਿੰਘ ਮੋਗਾ ਨੇ ਸਾਂਝਾ ਪ੍ਰੈਸ ਨੋਟ ਜਾਰੀ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਜਲੰਧਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ-ਪਹਿਲਾਂ ਪੁਰਾਣੀ ਪੈਨਸ਼ਨ ਸਕੀਮ ਮੁਕੰਮਲ ਰੂਪ ਵਿੱਚ ਅਤੇ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਇੰਨ ਬਿੰਨ ਲਾਗੂ ਕਰੇ। ਇਸ ਸਮੇਂ ਆਗੂਆਂ ਵੱਲੋਂ ਪੰਜਾਬ ਸਰਕਾਰ ਦੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸੰਬੰਧੀ 18 ਨਵੰਬਰ 2022 ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਅਧੂਰਾ ਨੋਟੀਫਿਕੇਸਨ ਕਰਾਰ ਦਿੱਤਾ ਗਿਆ। ਮੋਰਚੇ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਕੇਵਲ ਇੱਕ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਅਨੁਸਾਰ ਪੰਜਾਬ ਵਿੱਚ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਗਈ ਹੈ ਪਰ ਪੰਜਾਬ ਵਿੱਚ 01-01-2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਚੋਂ ਹਾਲੇ ਤੱਕ ਇੱਕ ਵੀ ਮੁਲਾਜ਼ਮ ਦਾ ਜੀ ਪੀ ਐਫ ਖਾਤਾ ਨਹੀ ਖੋਲ੍ਹਿਆ ਗਿਆ ਅਤੇ ਹੁਣੇ-ਹੁਣੇ ਪੰਜਾਬ ਸਰਕਾਰ ਵੱਲੋਂ ਭਰਤੀ ਕੀਤੇ ਗਏ ਮੁਲਾਜ਼ਮਾਂ ਉੱਪਰ ਵੀ ਨਵੀਂ ਪੈਨਸ਼ਨ ਸਕੀਮ ਲਾਗੂ ਕੀਤੀ ਜਾ ਰਹੀ ਹੈ, ਜਿਸ ਨਾਲ ਮੁਲਾਜ਼ਮ ਵਰਗ ਵਿੱਚ ਭਾਰੀ ਰੋਸ ਵਧ ਗਿਆ ਹੈ। ਆਗੂਆਂ ਦੱਸਿਆ ਕਿ ਪਿਛਲੇ ਦਿਨੀਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਬਜਾਏ ਨਵੀਆਂ ਕਮੇਟੀਆਂ ਬਣਾ ਕੇ ਇਸ ਕੰਮ ਨੂੰ ਹੋਰ ਲਮਕਾਇਆ ਜਾ ਰਿਹਾ ਹੈ। ਜਿਸ ਨਾਲ ਪੰਜਾਬ ਸਰਕਾਰ ਦੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਾ ਕਰਨ ਦੀ ਮਨਸ਼ਾ ਸਪੱਸ਼ਟ ਹੋ ਰਹੀ ਹੈ । ਵਿੱਤ ਮੰਤਰੀ ਵੱਲੋਂ ਨਵਾਂ ਪੈਨਸ਼ਨ ਮਾਡਲ ਤਿਆਰ ਕਰਨ ਦਾ ਬਿਆਨ ਵੀ ਮੁਲਾਜ਼ਮ ਪੱਖੀ ਨਾ ਹੋ ਕੇ ਸਰਮਾਏਦਾਰੀ ਪੱਖੀ ਹੈ । ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਅਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਗਈ ਹੈ। ਆਗੂਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 18 ਨਵੰਬਰ 2022 ਨੂੰ ਜਾਰੀ ਨੋਟੀਫਿਕੇਸ਼ਨ ਦੀ ਲਗਾਤਾਰਾਤਾ ਵਿੱਚ ਹੋਰ ਸੋਧਾਂ ਕਰਕੇ ਪੰਜਾਬ ਸਿਵਲ ਸਰਵਿਸ ਰੂਲਜ਼ ਭਾਗ- 2 ਅਧੀਨ ਸਮੂਹ ਸਰਕਾਰੀ, ਅਰਧ-ਸਰਕਾਰੀ, ਕਾਰਪੋਰੇਸ਼ਨਾਂ, ਬੋਰਡਾਂ, ਯੂਨੀਵਰਸਿਟੀਆਂ ਆਦਿ ਹੋਰ ਦੇ ਸਮੂਹ ਮੁਲਾਜ਼ਮਾਂ ਨੂੰ ਕਵਰ ਕਰਨ ਅਤੇ ਪੰਜਾਬ ਸਿਵਲ ਸਰਵਿਸ ਰੂਲਜ਼ ਭਾਗ- 1 ਤੇ ਜੀ ਪੀ ਐਫ ਦੇ ਨਿਯਮ ਅਧੀਨ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ । ਇਹ ਮੰਗ ਵੀ ਕੀਤੀ ਗਈ ਕਿ 1 ਜਨਵਰੀ 2004 ਤੋਂ ਪਹਿਲਾਂ ਭਰਤੀ ਮੁਲਾਜ਼ਮਾਂ ਲਈ ਲਾਗੂ ਪੁਰਾਣੀ ਪੈਨਜ਼ਨ ਸਕੀਮ ਅਤੇ 1972 ਦੇ ਪੈਨਸ਼ਨ ਨਿਯਮ ਅਨੁਸਾਰ ਇੰਨ ਬਿੰਨ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਵਿੱਚ ਦੇਰੀ ਕਰਨ ਦੇ ਰੋਸ ਵਜੋਂ ਵੱਲੋਂ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ 7 ਮਈ ਨੂੰ ਝੰਡਾ ਮਾਰਚ ਕਰਕੇ ਸਖਤ ਐਕਸ਼ਨ ਕੀਤਾ ਜਾਵੇਗਾ। ਮੋਰਚੇ ਵੱਲੋਂ ਪੰਜਾਬ ਤੇ ਯੂਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ 23 ਅਪ੍ਰੈਲ ਦੇ ਆਦਮਪੁਰ ਹਲਕੇ, 30 ਅਪ੍ਰੈਲ ਦੇ ਨਕੋਦਰ ਹਲਕੇ ਅਤੇ 7 ਮਈ ਦੇ ਜਲੰਧਰ ਦੇ ਝੰਡਾ ਮਾਰਚ ਐਕਸ਼ਨਾਂ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।




# ਅੰਮ੍ਰਿਤ ਕੌਰ ਗਿੱਲ ਵੱਲੋਂ ਸਕੱਤਰ ਪੰਜਾਬ ਮੰਡੀ ਬੋਰਡ ਦਾ ਅਹੁਦਾ ਸੰਭਾਲਣ 'ਤੇ ਨਿੱਘਾ ਸਵਾਗਤ

**ਐਸ ਏ ਐਸ ਨਗਰ , (ਗੁਰਜੀਤ ਬਿੱਲਾ)**- ਅੰਮ੍ਰਿਤ ਕੌਰ ਗਿੱਲ ਜਿਨ੍ਹਾਂ ਨੂੰ ਪੰਜਾਬ ਸਰਕਾਰ ਦੁਆਰਾ ਬਤੌਰ ਸਕੱਤਰ ਪੰਜਾਬ ਮੰਡੀ ਬੋਰਡ ਤੈਨਾਤ ਕੀਤਾ ਗਿਆ, ਉਨ੍ਹਾ ਨੂੰ ਸਕੱਤਰ, ਪੰਜਾਬ ਮੰਡੀ ਬੋਰਡ ਦਾ ਅਹੁਦਾ ਸੰਭਾਲਣ 'ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਅਤੇ ਪੰਜਾਬ ਮੰਡੀ ਬੋਰਡ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਉਨ੍ਹਾ ਦਾ ਨਿੱਘਾ ਸਵਾਗਤ ਵੀ ਕੀਤਾ ਗਿਆ। ਚੇਅਰਮੈਨ ਪੰਜਾਬ ਮੰਡੀ ਬੋਰਡ ਵੱਲੋਂ ਰਵੀ ਭਗਤ ਨੂੰ ਵਿਦਾਇਗੀ ਦਿੰਦੇ ਹੋਏ ਉਨ੍ਹਾ ਵੱਲੋਂ ਪੰਜਾਬ ਮੰਡੀ ਬੋਰਡ ਵਿਖੇ ਤੈਨਾਤੀ ਦੌਰਾਨ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾ ਨੂੰ ਮੌਜੂਦਾ ਸਮੇਂ ਪੰਜਾਬ ਸਰਕਾਰ ਵੱਲੋਂ ਦਿੱਤੇ ਅਹੁਦੇ 'ਤੇ ਕੰਮ ਕਰਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ । ਇਸ ਮੌਕੇ ਹਰਚੰਦ ਸਿੰਘ ਬਰਸਟ, ਚੇਅਰਮੈਨ, ਪੰਜਾਬ ਮੰਡੀ ਬੋਰਡ ਤੋਂ ਇਲਾਵਾ ਪੰਜਾਬ ਮੰਡੀ ਬੋਰਡ ਦੇ ਉੱਚ ਅਧਿਕਾਰੀ ਦਲਵਿੰਦਰਜੀਤ ਸਿੰਘ, ਵਧੀਕ ਸਕੱਤਰ, ਗੁਰਦੀਪ ਸਿੰਘ, ਇੰਜੀਨੀਅਰ ਇੰਨ ਚੀਫ, ਜਤਿੰਦਰ ਸਿੰਘ ਭੰਗੂ, ਚੀਫ ਇੰਜੀਨੀਅਰ (ਉੱਤਰ), ਗੁਰਦੇਵ ਸਿੰਘ ਕੰਗ, ਚੀਫ ਇੰਜੀਨੀਅਰ (ਦੱਖਣ) ਅਤੇ ਅਧਿਕਾਰੀ/ ਕਰਮਚਾਰੀ ਹਾਜ਼ਰ ਸਨ।



# ਡਾ. ਬਲਜੀਤ ਕੌਰ ਨੇ ਔਰਤਾਂ ਸੰਬੰਧੀ ਸਕੀਮਾਂ ਬਾਰੇ ਲੁਧਿਆਣਾ ਵਿਖੇ ਵੱਖ-ਵੱਖ ਵਿਭਾਗਾਂ ਨਾਲ ਕੀਤੀ ਪਹਿਲੀ ਮਿਲਣੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਸਮਾਜਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਨਿਵੇਕਲੀ ਪਹਿਲ ਕਰਦਿਆਂ ਹੋਇਆ "ਮਿਲਣੀ" ਪ੍ਰੋਗਰਾਮ ਦੀ ਸ਼ੁਰੂਆਤ ਲੁਧਿਆਣਾ ਤੋਂ ਕੀਤੀ ਗਈ। ਜਿਸ ਤਹਿਤ ਸਮਾਜਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਪੁਲਸ ਵਿਭਾਗ, ਸਿਹਤ ਵਿਭਾਗ, ਸਿੱਖਿਆ ਵਿਭਾਗ, ਲੇਬਰ ਵਿਭਾਗ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਦੇ ਜ਼ਿਲ੍ਹਾ ਅਧਿਕਾਰੀਆਂ ਅਤੇ ਵੱਖ ਵੱਖ ਗੈਰ-ਸਰਕਾਰੀ ਸੰਸਥਾਵਾਂ ਜਿਹੜੀਆਂ ਔਰਤਾਂ ਦੀ ਭਲਾਈ ਦੇ ਖੇਤਰ ਵਿੱਚ ਕੰਮ ਕਰਦੀਆਂ ਹਨ ਨਾਲ ਮੀਟਿੰਗ ਕਰਦੇ ਹੋਏ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਔਰਤਾਂ ਨਾਲ ਸੰਬੰਧਤ ਸਕੀਮਾਂ ਅਤੇ ਅਨੇਕ ਐਕਟ ਨੂੰ ਜ਼ਮੀਨੀ ਪੱਧਰ ਤੇ ਵਧੇਰੇ ਪ੍ਰਭਾਵਸ਼ਾਲੀ ਅਤੇ ਸਚਾਰੂ ਢੰਗ ਨਾਲ ਲਾਗੂ ਕਰਨ ਅਤੇ ਵੱਧ ਤੋਂ ਵੱਧ ਯੋਗ ਲਾਭਪਾਤਰੀਆਂ ਨੂੰ ਲਾਭ ਪਹੁੰਚਾਉਣ ਵਾਸਤੇ ਵੱਖ-ਵੱਖ ਵਿਭਾਗਾਂ ਨੂੰ ਸਹਿਯੋਗ ਦੇ ਨਾਲ ਕੰਮ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ। ਕੈਬਨਿਟ ਮੰਤਰੀ ਨੇ ਪੁਲਸ ਵਿਭਾਗ, ਸਿਹਤ ਅਤੇ ਸਿੱਖਿਆ ਵਿਭਾਗ ਅਤੇ ਸਮਾਜ ਸੇਵੀ ਸੰਸਥਾਵਾਂ (ਐਨ.ਜੀ.ਓ) ਦੀ ਮੀਟਿੰਗ ਵਿੱਚ ਮਹਿਲਾਵਾਂ ਦੇ ਸ਼ਕਤੀਕਰਨ ਦੀ ਗੱਲ ਖਾਸ ਤੌਰ 'ਤੇ ਕਰਦਿਆ ਸਖੀ ਵਨ ਸਟਾਪ ਸੈਂਟਰ ਸਕੀਮ ਦਾ ਲਾਭ ਵੱਧ ਤੋਂ ਵੱਧ ਲੋਕਾਂ ਨੂੰ ਪਹੁੰਚਾਉਣ ਲਈ ਕਿਹਾ ਗਿਆ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਪੁਲਸ ਮਹਿਲਾ ਮਿੱਤਰਾਂ ਨੂੰ ਖਾਸ ਤੌਰ 'ਤੇ ਸੱਦਾ ਦਿੱਤਾ ਗਿਆ ਸੀ, ਕਿ ਜਿਹੜੇ ਪੁਲਸ ਮਹਿਲਾ ਮਿੱਤਰ ਸਖੀ ਵਨ ਸਟਾਪ ਸੈਂਟਰ ਦੇ ਕੌਂਸਲਰ ਹਨ, ਉਨ੍ਹਾਂ ਦੇ ਨਾਲ ਸੰਪਰਕ ਕਰਕੇ ਮਹਿਲਾਵਾਂ ਜਿਨ੍ਹਾਂ 'ਤੇ ਤਸ਼ੱਦਦ ਹੁੰਦਾ ਹੈ, ਉਹ ਸਖੀ ਵਨ ਸਟਾਪ ਸੈਂਟਰ ਨਾਲ ਸੰਪਰਕ ਕਰਕੇ ਤੁਰੰਤ ਸਹਾਇਤਾ ਲੈ ਸਕਦੀਆਂ ਹਨ। ਕੈਬਨਿਟ ਮੰਤਰੀ ਵੱਲੋਂ ਬੱਚਿਆਂ ਨੂੰ ਲੇਬਰ ਅਤੇ ਭੀਖ ਤੋਂ ਬਚਾਉਣ ਲਈ ਐਕਟ ਨੂੰ ਮਜ਼ਬੂਤੀ ਦੇਣ ਲਈ ਵੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ। ਕੈਬਨਿਟ ਮੰਤਰੀ ਵੱਲੋਂ ਔਰਤਾਂ ਦੇ ਸ਼ਸ਼ਕਤੀਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਮਹਿਲਾ ਸਰਪੰਚਾਂ ਅਤੇ ਪੰਚਾਂ ਨੂੰ ਆਪਣੇ ਆਪ ਅੱਗੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੋ ਮਹਿਲਾ ਸਰਪੰਚ, ਪੰਚ ਅਤੇ ਗੈਰ ਸਰਕਾਰੀ ਸੰਸਥਾਵਾਂ ਵਧੀਆ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਸਨਮਾਨ ਵੀ ਕੀਤਾ ਜਾਵੇਗਾ, ਜਿਸ ਨਾਲ ਕੰਮ ਕਰਨ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ। ਡਾ. ਬਲਜੀਤ ਕੌਰ ਨੇ ਕਿਹਾ ਕਿ ਹਰ ਜ਼ਿਲੇ ਵਿੱਚ ਮਿਲਣੀ ਦਾ ਪ੍ਰੋਗਰਾਮ ਕਰਵਾਇਆ ਜਾਵੇਗਾ ਅਤੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਔਰਤਾਂ ਸੰਬੰਧੀ ਸਕੀਮਾਂ ਨੂੰ ਲਾਗੂ ਕਰਨ ਲਈ ਸੰਬੰਧਤ ਵਿਭਾਗਾਂ ਨੂੰ ਸਹਿਯੋਗ ਲਈ ਉਤਸ਼ਾਹਿਤ ਕੀਤਾ ਜਾਵੇਗਾ। ਮਿਲਣੀ ਵਿਚ ਦਿੱਤੀਆਂ ਹਦਾਇਤਾਂ ਦਾ ਨਿਰੀਖਣ ਕਰਨ ਲਈ ਜ਼ਿਲ੍ਹੇ ਪੱਧਰ 'ਤੇ ਸੰਬੰਧਤ ਡਿਪਟੀ ਕਮਿਸ਼ਨਰ ਵੱਲੋਂ ਸੰਬੰਧਤ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੱਖ ਵੱਖ ਵਿਭਾਗਾਂ ਵੱਲੋਂ ਮਿਲ ਕੇ ਔਰਤਾਂ ਨਾਲ ਸੰਬੰਧਤ ਸਕੀਮਾਂ ਨੂੰ ਅਤੇ ਅਨੇਕ ਐਕਟ ਨੂੰ ਜ਼ਮੀਨੀ ਪੱਧਰ ਤੇ ਵਧੇਰੇ ਪ੍ਰਭਾਵਸ਼ਾਲੀ ਅਤੇ ਸਚਾਰੂ ਢੰਗ ਨਾਲ ਲਾਗੂ ਕਰਕੇ ਵੱਧ ਤੋਂ ਵੱਧ ਯੋਗ ਲਾਭਪਾਤਰੀਆਂ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ।

## ਹਰਸੀ 'ਚ ਭਾਰਤੀ ਜਨਤਾ ਪਾਰਟੀ ਦੀ ਹੋਈ ਮੀਟਿੰਗ

**ਅੱਡਾ ਸਰਾਂ (ਜਸਵੀਰ ਕਾਜਲ)**-ਭਾਰਤੀ ਜਨਤਾ ਪਾਰਟੀ ਦੁਆਰਾ ਟਾਂਡਾਂ ਉੜਮੁੜ ਦੇ ਹਰ ਸੀ ਪਿੰਡ 'ਚ ਮੀਟਿੰਗ ਕੰਧਾਲਾ ਜੱਟਾਂ ਮੰਡਲ ਦੇ ਐਸ ਸੀ ਮੋਰਚਾ ਦੇ ਪ੍ਰਧਾਨ ਜਗਨ ਨਾਥ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੁੱਖ ਮਹਿਮਾਨ ਵਜੋਂ ਜਿਲ੍ਹਾ ਹੁਸ਼ਿਆਰਪੁਰ ਦੇ ਜਿਲ੍ਹਾ ਮੀਤ ਪ੍ਰਧਾਨ ਸਤਪਾਲ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਸਤਪਾਲ ਸਿੰਘ ਨੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸਮੇਂ ਪੰਜਾਬ ਦੇ ਹਾਲਾਤ ਬਹੁਤ ਖਰਾਬ ਹਨ ਪੰਜਾਬ 'ਚ ਕੋਈ ਵੀ ਲਾਅ ਐਂਡ ਆਰਡਰ ਦੀ ਪ੍ਰਵਾਹ ਨਹੀਂ ਕੀਤੀ ਜਾ ਰਹੀ। ਜੇਕਰ ਬੀਜੇਪੀ ਦੇ ਲੀਡਰ ਪੰਜਾਬ ਦੇ ਲੋਕਾਂ ਨੂੰ ਇਨਸਾਫ ਲਈ ਅਵਾਜ ਬੁਲੰਦ ਕਰਦੇ ਹਨ ਤਾਂ ਉਹਨਾ ਉਪਰ ਜਾਨ ਲੇਵਾ ਹਮਲਾ ਕੀਤੇ ਜਾ ਰਹੇ ਹਨ। ਇਸ ਮੌਕੇ ਨਿਰਮਲ ਥਾਪਰ, ਰੁਲਦਾ ਰਾਮ, ਸਰਵਣ ਲਾਲ, ਅਸ਼ੋਕ ਕੁਮਾਰ, ਜਸਵੀਰ ਸਿੰਘ ਅਦਿ ਹਾਜ਼ਰ ਸਨ।



## ਕਲੋਆ 'ਚ ਹਲਕੇ ਕੁੱਤੇ ਦੀ ਦਹਿਸ਼ਤ

**ਅੱਡਾ ਸਰਾਂ, (ਜਸਵੀਰ ਕਾਜਲ)**- ਪਿੰਡ ਕਲੋਆ ਵਿਚ ਅਵਾਰਾ ਕੁੱਤੇ ਨੇ ਤਿੰਨ ਲੋਕਾਂ ਜਖਮੀ ਕਰ ਦਿੱਤਾ। ਪਿੰਡ ਵਾਸੀਆਂ ਨੇ ਅਵਾਰਾ ਕੁੱਤਿਆਂ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਪ੍ਰਸ਼ਾਸਨ ਨੂੰ ਕਦਮ ਚੁੱਕਣ ਦੀ ਮੰਗ ਕੀਤੀ ਹੈ। ਅਵਾਰਾ ਕੁੱਤੇ ਵੱਲੋਂ ਜਖਮੀ ਕੀਤੇ ਗਏ ਕਮਲੇਸ਼ ਕੌਰ ਪਤਨੀ ਸਤਪਾਲ, ਸੁਰਿੰਦਰ ਪੁੱਤਰ ਪ੍ਰਕਾਸ਼ ਅਤੇ ਨੂਰ ਮੁਹੰਮਦ ਪੁੱਤਰ ਮੂਸਾ ਨੇ ਦੱਸਿਆ ਕਿ ਉਨ੍ਹਾਂ 'ਤੇ ਅਵਾਰਾ ਕੁੱਤੇ ਨੇ ਹਮਲਾ ਕਰਕੇ ਜਖਮੀ ਕਰ ਦਿੱਤਾ। ਪਿੰਡ ਦੇ ਪਤਵੰਤਿਆਂ ਨੰਬਰਦਾਰ ਕੰਵਰਪਾਲ ਸਿੰਘ, ਨੰਬਰਦਾਰ ਹਰਬੰਸ ਸਿੰਘ ਹੰਬੜਾਂ, ਕਰਮਚੰਦ, ਅਸ਼ੋਕ ਕੁਮਾਰ, ਸੋਢੀ ਰਾਮ, ਵਿਸਾਖਾ ਸਿੰਘ, ਸੁਰਿੰਦਰ ਅਤੇ ਇਕਬਾਲ ਸਿੰਘ ਨੇ ਅਵਾਰਾ ਕੁੱਤਿਆਂ ਦੀ ਗੰਭੀਰ ਸਮੱਸਿਆ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਇਹ ਕੁੱਤੇ ਪਸ਼ੂਆਂ ਦਾ ਵੀ ਨੁਕਸਾਨ ਕਰ ਰਹੇ ਹਨ।



## ਦਸੂਹਾ ਰੇਲਵੇ ਸਟੇਸ਼ਨ ਦੇ ਸਾਹਮਣੇ ਕਾਰ ਤੇ ਟੱਰਕ ਦੀ ਟੱਕਰ

**ਦਸੂਹਾ (ਲਵਜੀਤ ਸਿੰਘ)**- ਦਸੂਹਾ ਵਿਖੇ ਰੇਲਵੇ ਸਟੇਸ਼ਨ ਦੇ ਨਜ਼ਦੀਕ ਨੈਸ਼ਨਲ ਹਾਈਵੇ 'ਤੇ ਕਾਰ ਅਤੇ ਟੱਰਕ ਵਿਚਕਾਰ ਹਾਦਸਾ ਹੋ ਗਿਆ। ਇਸ ਹਾਦਸੇ ਵਿੱਚ ਲੜਕੀ ਜੋ ਕਾਰ ਚਲਾ ਰਹੀ ਸੀ, ਨੇ ਗਲਤ ਢੰਗ ਨਾਲ ਡਰਾਈਵਿੰਗ ਕਰਦੇ ਹੋਏ ਟਰੱਕ ਨੂੰ ਓਵਰਟੇਕ ਕੀਤਾ ਸੀ। ਜਿਸ ਕਰਕੇ ਟਰੱਕ ਡਰਾਈਵਰ ਨੇ ਜ਼ਬਰਦਸਤ ਬ੍ਰੇਕ ਲਗਾਈ। ਜਿਸ ਨਾਲ ਗਲਤ ਢੰਗ ਨਾਲ ਕਾਰ ਚਲਾ ਰਹੀ ਲੜਕੀ 'ਤੇ ਕਾਰ ਦਾ ਕੰਟਰੋਲ ਨਾ ਰਿਹਾ ਅਤੇ ਕਰ ਟਰੱਕ ਨਾਲ ਜਾ ਟਕਰਾਈ। ਪਰ ਇਸ ਹਾਦਸਾ ਵਿੱਚ ਬਚਾਅ ਰਿਹਾ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਬਿਆਨ ਦਰਜ ਕੀਤੇ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸ਼ਹੀਦ ਹੋਏ ਫੌਜੀ ਜਵਾਨਾਂ ਦੇ ਬੱਚਿਆਂ ਨੂੰ +2 ਤੱਕ ਦਿੱਤੀ ਜਾਵੇਗੀ ਫ੍ਰੀ ਸਿੱਖਿਆ

ਦਸੂਹਾ 19 ਅਗਸਤ(ਲਵਜੀਤ ਸਿੰਘ)-ਦਸੂਹਾ ਦੇ ਪ੍ਰਸਿੱਧ ਸਮਾਜ ਸੇਵੀ ਰਜਿੰਦਰ ਸਿੰਘ ਮਾਰਸ਼ਲ ਨੇ ਦਸੂਹਾ ਵਿਖੇ ਇੱਕਠ ਨੂੰ ਸੰਬੋਧਨ ਕਰਦਿਆਂ ਇਹ ਘੋਸ਼ਣਾ ਕੀਤੀ ਕਿ ਸ਼ਹੀਦ ਹੋਏ ਫੌਜੀ ਜਵਾਨਾਂ ਦੇ ਬੱਚਿਆਂ ਨੂੰ ਨਰਸਰੀ ਤੋ ਪਲੱਸ 2 ਤੱਕ ਫ੍ਰੀ ਸਿੱਖਿਆ ਦਿੱਤੀ ਜਾਵੇਗੀ । ਇਸ ਤੋਂ ਇਲਾਵਾਂ ਫ੍ਰੀ ਕਿਤਾਬਾਂ, ਵਰਦੀ ਅਤੇ ਟਰਾਂਸਪੋਰਟ ਦੀ ਸਹੂਲਤ ਵੀ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਉਨਾ ਦਾ ਵੀ ਸਮਾਜ ਦੇ ਪ੍ਰਤੀ ਫਰਜ਼ ਬਣਦਾ ਹੈ ਅਤੇ ਉਹ ਆਪਣੇ ਫਰਜ਼ ਦੀ ਪਾਲਣਾ ਕਰਨਗੇ।

# ਬਜਵਾੜਾ 'ਚ ਡਾ. ਅੰਬੇਡਕਰ ਦਾ 132ਵਾਂ ਜਨਮ ਦਿਵਸ ਮਨਾਇਆ

**ਹੁਸ਼ਿਆਰਪੁਰ (ਓ ਪੀ ਰਾਣਾ)**

ਭਾਰਤੀ ਸੰਵਿਧਾਨ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ 132 ਵਾਂ ਜਨਮ ਦਿਵਸ ਪਿੰਡ ਬਜਵਾੜਾ ਕਲਾਂ ਮੁਹੱਲਾ ਅੰਬੇਡਕਰ ਨਗਰ ਵਿਖੇ ਬਹੁਤ ਹੀ ਵਿਚਾਰਕ ਤਰੀਕੇ ਨਾਲ ਮਨਾਇਆ ਗਿਆ । ਇਸ ਮੌਕੇ ਐਡਵੋਕੇਟ ਹਨੀ ਆਜ਼ਾਦ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ, ਮਿਸ਼ਨ ਅਤੇ ਸਿੱਖਿਆ ਲਈ ਕੀਤੇ ਮਹਾਨ ਪਰਉਪਕਾਰਾਂ ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਐਡਵੋਕੇਟ ਅਜ਼ਾਦ ਨੇ ਕਿਹਾ ਕਿ ਬਾਬਾ ਸਾਹਿਬ ਨੇ ਕਿਹਾ ਸੀ ਵਿੱਦਿਆ ਸ਼ੇਰਨੀ ਦੇ ਦੁੱਧ ਵਾਂਗ ਹੈ ਜੋ ਇਸ ਨੂੰ ਪੀਵੇਗਾ ਉਹ ਦਿਹਾੜੇਗਾ, ਭਾਵ ਜਿਹੜਾ ਇਨਸਾਨ ਸਿੱਖਿਅਤ ਹੋਵੇਗਾ, ਗਿਆਨਵਾਨ ਹੋਵੇਗਾ ਉਹ ਆਪਣੇ ਸੰਵਿਧਾਨਕ ਅਧਿਕਾਰਾਂ ਲਈ ਜਾਗਰੂਕ ਹੋਵੇਗਾ ਤੇ ਆਪਣੇ ਹੱਕਾਂ ਲਈ ਹਮੇਸ਼ਾ ਸੰਘਰਸ਼ ਕਰਦਾ ਰਹੇਗਾ। ਉਨ੍ਹਾ ਕਿਹਾ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਬਣਾਓ। ਬਾਬਾ ਸਾਹਿਬ ਅੰਬੇਡਕਰ ਨੇ ਔਰਤਾਂ ਦੇ ਹੱਕਾਂ ਲਈ ਵੱਡੇ ਯਤਨ ਕੀਤੇ ਅਤੇ ਔਰਤ ਨੂੰ ਸਿਰ ਦਾ ਤਾਜ ਬਣਾਇਆ, ਇਸ ਕਰਕੇ ਲੜਕੀਆਂ ਨੂੰ ਦਾਜ ਨਹੀਂ ਬਲਕਿ ਉਨਾਂ ਦੇ ਹੱਥਾਂ ਵਿੱਚ ਡਿਗਰੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਮਾਣ ਸਨਮਾਨ ਦਾ ਜੀਵਨ ਬਸਰ ਕਰ ਸਕਣ। ਐਡਵੋਕੇਟ ਅਜ਼ਾਦ ਨੇ ਬਹੁਜਨ ਸਮਾਜ ਨੂੰ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਂਬਰ ਲਾਲ ਜੀ, ਦਲਜਿੰਦਰ ਕੁਮਾਰ ਪੰਚ, ਸੁਰਿੰਦਰ ਸ਼ਿੰਦਾ ਪੰਚ, ਸੁਖਵਿੰਦਰ, ਪ੍ਰਿੰਸ ਕੋਰੋਟਾਨੀਆ, ਪਵਨ ਰਾਏ, ਗੋਵਿੰਦ ਰਾਏ , ਚੰਦ ਸ਼ਿਵ (ਬੰਟੀ) ਹਰਦੀਪ ਸਿੰਘ, ਰਾਜ ਕੁਮਾਰ ਰਾਜੂ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਬੱਚਿਆਂ ਨੂੰ ਕਾਪੀਆਂ, ਪੈਨ, ਪੈਨਸਿਲਾਂ ਵੀ ਵੰਡੇ ਗਏ।





# ਕਾਂਗਰਸ ਲੀਡਰਸ਼ਿਪ ਨੇ ਜ਼ਿਮਨੀ ਚੋਣ ਸੰਬੰਧੀ ਅਸ਼ੋਕ ਸੰਧੂ ਦੇ ਘਰ ਘੜੀ ਰਣਨੀਤੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਜਲੰਧਰ ਲੋਕ ਸਭਾ ਜਿਮਨੀ ਚੋਣ ਦੇ ਸੰਬੰਧ ਵਿੱਚ ਕਾਂਗਰਸ ਪਾਰਟੀ ਦੀ ਸੂਝਵਾਨ, ਮਿਹਨਤੀ, ਪੜ੍ਹੀ ਲਿਖੀ, ਜੁਝਾਰੂ ਮਹਿਲਾ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ ਦੇ ਹੱਕ 'ਚ ਨੂਰਮਹਿਲ ਦੇ ਵਾਰਡ ਨੰਬਰ 12 ਵਿੱਚ ਕੌਂਸਲਰ ਅਨਿਲ ਮੈਹਨ ਪੱਪੀ, ਨੰਬਰਦਾਰ ਅਸ਼ੋਕ ਸੰਧੂ ਦੀ ਧਰਮ ਪਤਨੀ ਲਾਇਨ ਬਬਿਤਾ ਸੰਧੂ, ਸੰਦੀਪ ਅਰੋੜਾ ਬਾਬਾ ਕੋਕ ਦੇ ਯਤਨਾਂ ਸਦਕਾ ਭਰਵਾਂ ਇਕੱਠ ਕੀਤਾ ਗਿਆ ਜਿਸ ਵਿੱਚ ਕਾਂਗਰਸ ਪਾਰਟੀ ਦੇ ਸਿਰਮੌਰ ਲੀਡਰ ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਐੱਮ.ਐਲ.ਏ, ਬਰਿੰਦਰਜੀਤ ਸਿੰਘ ਪਾਹੜਾ ਐੱਮ.ਐਲ.ਏ ਗੁਰਦਾਸਪੁਰ, ਹਰਮਿੰਦਰ ਸਿੰਘ ਗਿੱਲ ਸਾਬਕਾ ਐੱਮ.ਐਲ.ਏ ਪੱਟੀ, ਪ੍ਰੀਤਮ ਸਿੰਘ ਕੋਟ ਭਾਈ ਸਾਬਕਾ ਐੱਮ.ਐਲ.ਏ, ਹੈਪੀ ਸੰਧੂ ਪ੍ਰਧਾਨ ਟਰੱਕ ਯੂਨੀਅਨ ਪੰਜਾਬ, ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਨਕੋਦਰ ਡਾ: ਨਵਜੋਤ ਸਿੰਘ ਦਾਹੀਆ ਦੀ ਅਗਵਾਈ ਹੇਠ ਇਕੱਠੇ ਹੋਏ ਜਿਨ੍ਹਾਂ ਨੇ ਪ੍ਰਭਾਵਸ਼ਾਲੀ ਢੰਗ ਨਾਲ ਸਮੂਹ ਨੂਰਮਹਿਲ ਨਿਵਾਸੀਆਂ ਅਤੇ ਇਲਾਕੇ ਦੇ ਮਾਨਮੱਤੇ ਵੋਟਰਾਂ ਨੂੰ ਇੱਕ-ਇੱਕ ਕੀਮਤੀ ਵੋਟ ਬੀਬੀ ਕਰਮਜੀਤ ਕੌਰ ਚੌਧਰੀ ਦੇ ਹੱਕ ਵਿੱਚ 10 ਮਈ ਨੂੰ ਪੰਜੇ ਦਾ ਬਟਨ ਦਬਾਕੇ ਲੱਖਾਂ ਵੋਟਾਂ ਦੀ ਤਾਦਾਦ ਨਾਲ ਜਿਤਾਉਣ ਲਈ ਪ੍ਰੇਰਿਤ ਕੀਤਾ। ਲੋਕਾਂ ਨੇ ਵੀ ਯਕੀਨ ਦਿਵਾਉਂਦੇ ਹੋਏ ਕਿਹਾ ਕਿ ਜਿੱਤ ਤਾਂ ਬੀਬੀ ਚੌਧਰੀ ਦੀ ਪੱਕੀ ਹੈ ਬਸ ਐਲਾਨ ਹੋਣਾ ਹੀ ਬਾਕੀ ਹੈ। ਇਹ ਸੁਣਕੇ ਵਾਰਡ ਨੰਬਰ 12 ਵਿੱਚ ਪਹੁੰਚੀ ਕਾਂਗਰਸੀ ਲੀਡਰਸ਼ਿਪ ਬਾਗੋਬਾਗ ਹੋ ਗਈ।

ਕਾਂਗਰਸ ਪਾਰਟੀ ਹਲਕਾ ਨਕੋਦਰ ਦੀਆਂ ਮਹਾਨ ਹਸਤੀਆਂ ਵਿੱਚ ਨਗਰ ਕੌਂਸਲ ਨੂਰਮਹਿਲ ਦੀ ਪ੍ਰਧਾਨ ਹਰਦੀਪ ਕੌਰ ਜੌਹਲ, ਸਿਟੀ ਪ੍ਰਧਾਨ ਰਾਕੇਸ ਕਲੇਰ ਸਾਬਕਾ ਕੌਂਸਲਰ, ਬਲਾਕ ਪ੍ਰਧਾਨ ਬਲਜੀਤ ਸਿੰਘ ਜੌਹਲ, ਕੌਂਸਲਰ ਬਬਲੀ ਸੋਂਧੀ, ਕੌਂਸਲਰ ਜੰਗ ਬਹਾਦਰ ਕੋਹਲੀ ਵਾਈਸ ਪ੍ਰਧਾਨ, ਕੌਂਸਲਰ ਦੀਪਕ ਕੁਮਾਰ ਦੀਪੂ, ਸਾਬਕਾ ਕੌਂਸਲਰ ਰਾਜ ਕੁਮਾਰ ਸਹੋਤਾ, ਪ੍ਰਿੰਸੀਪਲ ਸੁਮਨ ਲਤਾ ਪਾਠਕ, ਓਕ ਸੰਧੂ ਜ਼ਿਲ੍ਹਾ ਪ੍ਰਧਾਨ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ, ਸੋਹਣ ਲਾਲ ਬਿੱਲਾ ਸਾਬਕਾ ਸਰਪੰਚ, ਕਪਿਲ ਤਕਿਆਰ, ਰਾਜੂ ਯੂ.ਕੇ, ਬੀਬੀ ਸੁਰਜੀਤ ਕੌਰ, ਆਂਚਲ ਸੰਧੂ ਸੋਖਲ, ਰਾਜ ਕੁਮਾਰ ਮੈਹਨ, ਸੋਨੀਆਂ ਸੋਖਲ, ਨਿਧੀ ਮੈਹਨ, ਹੈਪੀ ਸੋਖਲ, ਮੈਂਟਾ ਕਲੇਰ, ਮੰਗਾ ਪਲੰਬਰ, ਦਿਨਕਰ ਸੰਧੂ, ਮੰਥਨ ਕਲੇਰ ਤੋਂ ਇਲਾਵਾ ਹੋਰ ਪਤਵੰਤੇ ਵੋਟਰਾਂ ਸਪੋਰਟਰਾਂ ਨੇ ਹਿੱਸਾ ਲਿਆ। ਉਪਰੰਤ ਸਮੂਹ ਲੀਡਰਸ਼ਿਪ ਨੇ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੇ ਘਰ ਪਹੁੰਚਕੇ ਅਗਲੀ ਰਣਨੀਤੀ ਤਿਆਰ ਕੀਤੀ। ਘਰ ਪਹੁੰਚਣ 'ਤੇ ਨੰਬਰਦਾਰ ਅਸ਼ੋਕ ਸੰਧੂ ਨੇ ਸਮੁੱਚੀ ਲੀਡਰਸ਼ਿਪ ਦਾ ਨਿੱਘਾ ਸਵਾਗਤ ਕੀਤਾ।



# ਭਾਮ 'ਚ ਡਾ. ਬੀ ਆਰ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਮਿਸ਼ਨਰੀ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਭਾਮ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਡਾਕਟਰ ਬੀ ਆਰ ਅੰਬੇਡਕਰ ਸੁਸਾਇਟੀ ਭਾਮ, ਜੱਖੂ ਮੁਹੱਲੇ ਭਾਮ ਵਿਖੇ ਭਾਰਤ ਰਤਨ ਡਾਕਟਰ ਬੀ ਆਰ ਅੰਬੇਡਕਰ ਦੇ 132 ਵੇਂ ਜਨਮ ਦਿਹਾੜੇ ਮਿਸ਼ਨਰੀ ਸਮਾਗਮ ਕਰਵਾਏ ਗਏ। ਇਸ ਮੌਕੇ ਮੁੱਖ ਪ੍ਰਬੰਧਕ ਪ੍ਰਧਾਨ ਲਾਈਨ ਐਸ ਪੀ ਐਕਸੀਅਨ ਜੱਖੂ ਭਾਮ, ਡਾ. ਇੰਦਰਜੀਤ ਸਿੰਘ ਭਾਮ ਖਜ਼ਾਨਚੀ ਨੇ ਦੱਸਿਆ ਕਿ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਲਾਇਨ ਲਖਵੀਰ ਸਿੰਘ ਜ਼ਿਲ੍ਹਾ ਸਿਹਤ ਅਫਸਰ, ਓਮ ਪ੍ਰਕਾਸ਼ ਰਿਟ. ਬਲਾਕ ਪ੍ਰਾਇਮਰੀ ਐਜੂਕੇਸਨ ਅਫਸਰ, ਅੰਮ੍ਰਿਤਪਾਲ ਭੌਸਲੇ ਉਘੇ ਸਮਾਜ ਸੇਵਕ, ਹਰਨਾਮ ਸਿੰਘ ਬਹਿਬਲਪੁਰੀ, ਡਾ. ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ, ਐਡਵੋਕੇਟ ਪਲਵਿੰਦਰ ਸਿੰਘ ਲਾਡੀ ਮਾਨਾ, ਠੇਕੇਦਾਰ ਰਜਿੰਦਰ ਸਿੰਘ ਜਨਰਲ ਸਕੱਤਰ ਬਸਪਾ ਪੰਜਾਬ, ਰਾਕੇਸ਼ ਕੁਮਾਰ ਕਿੰਟੀ ਹਲਕਾ ਚੱਬੇਵਾਲ, ਯਸਪਾਲ ਭੱਟੀ ਠੱਕਰਵਾਲ, ਸਰਪੰਚ ਇੰਦਰਪਾਲ ਸਿੰਘ ਬੱਡਲਾ ਖੁਰਦ, ਜਥੇਦਾਰ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਗੁਰਦੇਵ ਸੰਧੂ, ਸੁਦੇਸ਼ ਭੱਟੀ, ਪਵਨ ਕੁਮਾਰ ਸਸੋਲੀ, ਲਾਇਨ ਐਸ ਪੀ ਸੰਧੂ ਤੇ ਹੋਰ ਵੱਖ ਵੱਖ ਬੁਲਾਰਿਆਂ ਨੇ ਡਾ. ਬੀ ਆਰ ਅੰਬੇਡਕਰ ਦੀ ਜੀਵਨੀ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਪਤਵੰਤਿਆਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਅੰਤ 'ਚ ਮੁੱਖ ਪ੍ਰਬੰਧਕ ਲਾਇਨ ਐਸ ਪੀ ਐਕਸੀਅਨ ਜੱਖੂ ਨੇ ਸਮਾਗਮ ਵਿੱਚ ਸਹਿਯੋਗ ਦੇਣ 'ਤੇ ਧੰਨਵਾਦ ਕੀਤਾ। ਇਸ ਮੌਕੇ ਮੁੱਖ ਪ੍ਰਬੰਧਕ ਲਾਇਨ ਪ੍ਰਧਾਨ ਐਸ ਪੀ ਐਕਸੀਅਨ ਜੱਖੂ, ਸਰਪ੍ਰਸਤ ਸੁਰਜੀਤ ਸਿੰਘ, ਡਾਕਟਰ ਇੰਦਰਜੀਤ ਸਿੰਘ ਭਾਮ ਖਜ਼ਾਨਚੀ, ਜੋਗਿੰਦਰ ਸਿੰਘ ਬੰਗਾ, ਰੇਸ਼ਮ ਸਿੰਘ ਜੱਖੂ ਸੈਕਟਰੀ, ਬਲਰਾਜ ਸਿੰਘ ਮੁੱਖ ਪ੍ਰਬੰਧਕ, ਰਛਪਾਲ ਸਿੰਘ ਜੱਖੂ ਸੀਨੀਅਰ ਮੀਤ ਪ੍ਰਧਾਨ, ਮਨਜੀਤ ਸਿੰਘ ਜੱਖੂ ਸੀਨੀਅਰ ਮੀਤ ਪ੍ਰਧਾਨ, ਤਜਿੰਦਰ ਸਿੰਘ ਜੱਖੂ ਜੁਆਇੰਟ ਸਕੱਤਰ, ਰਛਪਾਲ ਸਿੰਘ ਚੋਪੜਾ ਜੁਆਇੰਟ ਖਜ਼ਾਨਚੀ, ਪੀ ਆਰ ਓ ਯਸ, ਜੁਆਇੰਟ ਪੀ ਆਰ ਓ ਅਮਨ, ਬਲਜੀਤ ਸਿੰਘ ਸੋਨੂੰ ਪੰਚ, ਗੁਰਵਿੰਦਰ ਸਿੰਘ ਸਿੱਧੂ, ਕਾਬਲ ਸਿੰਘ, ਸੰਗਤ ਸਿੰਘ, ਗੁਰਬਚਨ ਸਿੰਘ ਜੱਖੂ, ਚਰਨਜੀਤ ਸਿੰਘ ਚੰਨਾ, ਰਛਪਾਲ ਸਿੰਘ ਜੱਖੂ, ਰਛਪਾਲ ਸਿੰਘ ਚੋਪੜਾ, ਹਰਸ਼ ਕੁਮਾਰ, ਜਤਿਨ ਕੁਮਾਰ, ਹਰਵਿੰਦਰ ਸਿੰਘ ਅਜਨੋਹਾ, ਹਰਮਨ ਸਿੰਘ ਨਡਾਲੋਂ, ਅਮਰਜੀਤ ਸਿੰਘ, ਹਰਜਿੰਦਰ ਸਿੰਘ ਜੱਖੂ, ਮੋਹਿਤ ਕੁਮਾਰ ਬਲਰਾਜ ਸਿੰਘ, ਸੰਨੀ, ਸਾਲੀ, ਸੋਨਾ, ਜੱਸ ਭਾਮ, ਮੱਖਣ, ਜੀਵਨ, ਬਿੱਟੂ ਜੱਖੂ, ਅਮਨਦੀਪ ਸਿੰਘ ਰੋਹਿਤ ਕੁਮਾਰ,ਲਾਇਨ ਮੋਹਣ ਲਾਲ ਸਰੋਆ, ਡਾਕਟਰ ਰਤਨ ਚੰਦ, ਲਾਇਨ ਰਜਿੰਦਰ ਪ੍ਰਸਾਦ, ਮਨਜੀਤ ਸਿੰਘ ਜੱਖੂ ਆਦਿ ਹਾਜ਼ਰ ਸਨ।



# ਜਿੰਦਰ ਦਾ ਮੁੱਗੋਵਾਲ ਆਉਣ 'ਤੇ ਲੱਡੂ ਵੰਡ ਕੇ ਕੀਤਾ ਭਰਵਾਂ ਸਵਾਗਤ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**

ਹਰਜਿੰਦਰ ਕੁਮਾਰ ਜਿੰਦਰ ਪੁੱਤਰ ਸਵਰਗੀ ਰਾਮ ਪ੍ਰਕਾਸ਼ ਪਿੰਡ ਮੁੱਗੋਵਾਲ ਦਾ ਇੰਗਲੈਂਡ ਤੋਂ 25 ਸਾਲ ਬਾਅਦ ਆਉਣ 'ਤੇ ਪਿੰਡ ਵਾਸੀਆਂ ਨੇ ਮੇਨ ਚੌਕ 'ਚ ਢੋਲ ਵਜਾ ਕੇ ਸਵਾਗਤ ਕੀਤਾ ਅਤੇ ਖੁਸ਼ੀ 'ਚ ਲੱਡੂ ਵੰਡੇ। ਪਿੰਡ ਵਾਸੀ ਉਸ ਨੂੰ ਢੋਲ ਵਜਾਉਂਦੇ ਹੋਏ ਤੇ ਖੁਸੀਆਂ ਸਾਂਝੀਆਂ ਕਰਦੇ ਹੋਏ ਉਸ ਦੇ ਘਰ ਤੱਕ ਉਸ ਨੂੰ ਛੱਡ ਕੇ ਆਏ। ਜਿੱਥੇ ਹਰਜਿੰਦਰ ਕੁਮਾਰ ਜਿੰਦਰ ਦੇ ਘਰ ਵਾਲਿਆਂ ਨੇ ਵੀ ਪਿੰਡ ਵਾਸੀਆਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸੁਖਵਿੰਦਰ ਸਿੰਘ ਸਾਬਕਾ ਸਰਪੰਚ ਪਿੰਡ ਮੁੱਗੋਵਾਲ, ਪਵਨਦੀਪ ਸਿੰਘ ਮਾਨ, ਹਰਮਨ ਸਿੰਘ ਸੰਘਾ, ਮਾਸਟਰ ਸੁਰਿੰਦਰ ਕੁਮਾਰ ਸੈਂਕੀ, ਦਲਜੀਤ ਸਿੰਘ ਸੰਘਾ ਪ੍ਰਧਾਨ ਮਹਾਂ ਸਤੀ ਸਪੋਰਟਸ ਕਲੱਬ, ਪਰਮਿੰਦਰ ਸਿੰਘ ਸਾਬਕਾ ਪੰਚ, ਸੋਹਣ ਲਾਲ, ਨਿਰਮਲ ਸਿੰਘ ਮੁੱਗੋਵਾਲ, ਹਰਜਿੰਦਰ ਕੁਮਾਰ ਦੇ ਜਿੰਦਰ ਦੇ ਭਰਾ ਸੁਰਿੰਦਰ ਪਾਲ ਸ਼ਿੰਦਾ ਅਤੇ ਹੋਰ ਪਰਿਵਾਰਕ ਮੈਂਬਰ ਅਤੇ ਮਿੱਤਰ ਸੱਜਣ ਹਾਜ਼ਰ ਸਨ। ਇਸ ਮੌਕੇ ਹਰਜਿੰਦਰ ਕੁਮਾਰ ਜਿੰਦਰ ਨੇ ਕਿਹਾ ਕਿ ਉਸ ਨੂੰ ਇੰਨੇ ਲੰਬੇ ਸਮੇਂ ਤੋਂ ਬਾਅਦ ਆਪਣੇ ਪਿੰਡ ਆ ਕੇ ਬੇਹੱਦ ਖੁਸ਼ੀ ਹੋਈ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਨੇ ਕਿਹਾ ਕਿ ਪਿੰਡ ਦੇ ਐੱਨ ਆਰ ਆਈ ਵੀਰਾਂ ਤੇ ਪਿੰਡ ਵਾਸੀਆਂ ਨੂੰ ਮਾਣ ਹੈ, ਜੋ ਪਿੰਡ ਦੇ ਸਾਲਾਨਾ ਟੂਰਨਾਮੈਂਟ, ਧਾਰਮਿਕ ਸਮਾਗਮਾਂ ਅਤੇ ਹੋਰ ਲੋੜਵੰਦ ਵਿਅਕਤੀਆਂ ਦੀ ਸਮੇਂ ਸਮੇਂ ਤੇ ਆਪਣੀ ਸਮਰੱਥਾ ਅਨੁਸਾਰ ਮੱਦਦ ਕਰਦੇ ਰਹਿੰਦੇ ਹਨ।



# ਪ੍ਰਿੰ.ਪ੍ਰੇਮ ਕੁਮਾਰ ਵੱਲੋਂ ਰਿੰਕੂ ਦੇ ਹੱਕ 'ਚ ਵੱਖ-ਵੱਖ ਪਿੰਡਾਂ 'ਚ ਮੀਟਿੰਗਾਂ



**ਫਿਲੌਰ (ਨਿਰਮਲ)**

ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਆਪਣੇ ਸਾਥੀਆਂ ਸਮੇਤ ਜਿਮਨੀ ਚੋਣ ਲੋਕ ਸਭਾ ਜਲੰਧਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ੁਸੀਲ ਕੁਮਾਰ ਰਿੰਕੂ ਦੇ ਹੱਕ 'ਚ ਚੋਣ ਮੀਟਿੰਗਾਂ ਕੀਤੀਆਂ। (ਆਪ) ਦੇ ਕਾਫਲੇ ਨੂੰ ਹੁਲਾਰਾ ਮਿਲਿਆ ਜਦੋਂ ਹਲਕਾ ਫਿਲੌਰ ਦੇ ਵੱਖ-ਵੱਖ ਪਿੰਡਾਂ 'ਚ ਤੇਹਿੰਗ, ਬੱਛੋਵਾਲ, ਸੈਫਾਬਾਦ, ਕਤਪਾਲੋਂ, ਸਗਨੇਵਾਲ, ਸੇਲਕੀਆਣਾ, ਔਜਲਾ ਢੱਕ, ਅੱਪਰਾ, ਅਨੀਹਰ, ਕੋਟਲੀ ਖੱਖਿਆ, ਮੱਤਫਲੂ, ਰੁੜਕਾ ਖੁਰਦ, ਧੁਲੇਤਾ, ਸਰਹਾਲ ਮੁੰਡੀ ਆਦਿ 'ਚ ਵੱਖ-ਵੱਖ ਪਾਰਟੀਆਂ ਦੇ ਵਰਕਰ, ਸਰਪੰਚ, ਪੰਚਾਇਤ ਮੈਂਬਰ, ਨੰਬਰਦਾਰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਅਤੇ ਸਾਰੇ ਨਵੇਂ ਮੈਂਬਰਾਂ ਦਾ 'ਆਪ' ਪਰਵਾਰ 'ਚ ਨਿੱਘਾ ਸਵਾਗਤ ਕੀਤਾ। ਪ੍ਰਿੰ.ਪ੍ਰੇਮ ਕੁਮਾਰ ਨੇ ਕਿਹਾ ਕਿ ਇਸ ਉੱਪ ਚੋਣ 'ਚ ਆਮ ਆਦਮੀ ਪਾਰਟੀ ਵੱਡੀ ਜਿੱਤ ਦਰਜ ਕਰੇਗੀ ਅਤੇ ਸ਼ੁਸੀਲ ਕੁਮਾਰ ਰਿੰਕੂ ਪੰਜਾਬ ਅਤੇ ਪੰਜਾਬੀਆਂ ਦਾ ਮੁੱਦਾ ਪਾਰਲੀਮੈਂਟ 'ਚ ਉਠਾਉਣਗੇ ਤਾਂ ਜੋ ਪੰਜਾਬ ਦੇ ਹੱਕਾਂ ਦੀ ਰਾਖੀ ਕਰ ਸਕੀਏ ਅਤੇ ਪੰਜਾਬ ਦੀਆਂ ਮੰਗਾਂ ਕੇਂਦਰ ਸਰਕਾਰ ਤੋਂ ਮਨਵਾ ਸਕਣ ਜੋ ਲੋਕ ਹਿੱਤ ਵਿੱਚ ਹਨ। ਇਸ ਮੌਕੇ ਉਨ੍ਹਾਂ ਨਾਲ ਵਰਿੰਦਰ ਸੈਣੀ, ਡਾ.ਬਲਜੀਤ ਛੌਕਰ, ਬੁੱਧ ਸਿੰਘ ਧੁਲੇਤਾ, ਤਾਰਾ ਚੰਦ, ਜਤਿੰਦਰ ਸਿੰਘ ਕਾਲਾ, ਸੁੱਖਾ ਸਗਨੇਵਾਲ, ਪਰਮਿੰਦਰ ਸਿੰਘ ਮਾਹਲ, ਪਰਮਿੰਦਰ ਸੈਣੀ, ਦੀਪਾ ਬਕਾਪੁਰ ਪੀ.ਏ ਅਤੇ ਹੋਰ ਪਾਰਟੀ ਵਰਕਰ ਹਾਜ਼ਰ ਸਨ।

# ਇਲਾਕੇ ਦੇ ਸਹਿਯੋਗ ਨਾਲ ਕੈਂਸਰ ਪੀੜਤ ਨੌਜਵਾਨ ਦੇ ਇਲਾਜ ਦਾ ਰਾਹ ਹੋ ਰਿਹਾ ਪੱਧਰ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**

ਨੂਰਪੁਰਬੇਦੀ ਦੇ ਗਰੀਬ ਪਰਵਾਰ ਨਾਲ ਸਬੰਧਤ ਨੌਜਵਾਨ ਹੈਪੀ ਮੈਹਰਾ ਦੀ ਕੈਂਸਰ ਦੀ ਬਿਮਾਰੀ ਦੇ ਇਲਾਜ ਨੇ ਇਲਾਕੇ ਭਰ ਤੋਂ ਆ ਰਹੇ ਵੱਡੇ ਸਹਿਯੋਗ ਨਾਲ ਇਲਾਜ ਦਾ ਰਾਹ ਪੱਧਰਾ ਹੋ ਰਿਹਾ ਹੈ। ਯੁਵਾ ਸਕਤੀ ਏਕਤਾ ਕਲੱਬ ਦੀ ਟੀਮ ਵੱਲੋਂ ਇਲਾਕੇ ਭਰ ਦੇ ਸਮਾਜ ਸੇਵੀ ਦਾਨੀ ਸੱਜਣਾਂ ਦੇ ਸਹਿਯੋਗ ਦੇ ਨਾਲ ਪੀੜਤ ਦੀ ਤੀਜੀ ਕੀਮੋਥਰੈਪੀ ਲਈ ਇਕੱਤਰ ਹੋਏ ਅੱਸੀਂ ਹਜ਼ਾਰ ਦੀ ਰਾਹਤ ਰਾਸ ਸੰਤ ਬਾਬਾ ਉਮੇਦ ਗਿਰ ਡੇਰਾ ਮਹਾਂਦੇਵ ਮੰਦਰ ਲਖਣੋ ਸਸਕੌਰ ਵਾਲਿਆਂ ਵੱਲੋਂ ਭੇਟ ਕਰਵਾਈ ਗਈ। ਇਸ ਮੌਕੇ ਸੰਤ ਬਾਬਾ ਉਮੇਦ ਗਿਰ ਮਹਾਰਾਜ ਵੱਲੋਂ ਪੀੜਤ ਨੌਜਵਾਨ ਦੇ ਤੰਦਰੁਸਤ ਹੋਣ ਦੀ ਅਰਦਾਸ ਵੀ ਕਰਵਾਈ ਗਈ। ਇਥੇ ਜਾਣਕਾਰੀ ਦਿੰਦੇ ਹੋਏ ਸਮਾਜ ਸੇਵੀ ਗੌਰਵ ਰਾਣਾ ਤੇ ਸਮੂਹ ਮੈਂਬਰਾਂ ਨੇ ਦੱਸਿਆ ਕਿ ਨੌਜਵਾਨ ਦੀਆ ਕੁਲ ਪੰਜ ਕੀਮੋਥਰੈਪੀ ਹੋਣੀਆਂ ਹਨ। ਪਰ ਪੀੜਤ ਪਰਿਵਾਰ ਆਰਥਿਕ ਤੰਗੀ ਕਰਕੇ ਇਲਾਜ ਕਰਵਾਉਣ ਤੋਂ ਅਸਮਰਥ ਹੈ। ਮੈਂਬਰਾਂ ਨੇ ਦੱਸਿਆ ਕਿ ਪੀੜਤ ਪਰਿਵਾਰ ਲਈ ਇਲਾਕੇ ਦੇ ਸਮਾਜ ਸੇਵੀ ਸੱਜਣਾ ਦੇਸਾਂ-ਵਿਦੇਸਾਂ ਵਿੱਚ ਇਲਾਕੇ ਤੋਂ ਕੰਮਕਾਰ ਕਰਨ ਗਏ ਨੌਜਵਾਨ ਵੀਰਾਂ, ਫੌਜੀ ਵੀਰਾ ,ਦਾਨੀ ਸੱਜਣਾ, ਦੇ ਵੱਡੇ ਸਹਿਯੋਗ ਦੇ ਨਾਲ ਤਿੰਨ ਕੀਮੋਥਰੈਪੀਆ ਦੀ ਹੁਣ ਤੱਕ ਦੀ ਕੁੱਲ੍ਹ ਕਰੀਬ 2 ਲੱਖ ਦੀ ਰਾਹਤ ਰਾਸੀ ਪਰਿਵਾਰ ਨੂੰ ਭੇਟ ਕਰ ਚੁੱਕੇ ਹਨ। ਤੇ ਬਾਕੀ ਇਲਾਜ ਦੇ ਲਈ ਵੀ ਨਿਰੰਤਰ ਰਾਹਤ ਕੰਮ ਜਾਰੀ ਹੈ। ਇਸ ਮੌਕੇ ਉੱਥੇ ਕਲੱਬ ਦੇ ਪ੍ਰਧਾਨ ਅਤੇ ਸਮਾਜਸੇਵੀ ਗੌਰਵ ਰਾਣਾ, ਸਰਪੰਚ ਸੁਖਵਿੰਦਰ ਸਿੰਘ ਆਜਮਪੁਰ, ਮੌਂਟੀ ਕੇਸਵ, ਮੱਖਣ ਸਿੰਘ, ਗੌਰੂ ਕਾਲੂ, ਲੱਕੀ, ਸ਼ਿਵ ਕੁਮਾਰ ਬੱਬੀ, ਵੀਰੂ ਸਰਮਾ, ਰਾਹੁਲ ਸਰਮਾ ਟੋਨੀ, ਲੱਡੂ ਸੈਣੀ, ਰਮਨ ਕੁਮਾਰ, ਬੱਬਲੂ, ਸੰਦੀਪ ਕੁਮਾਰ, ਨਿੰਦੀ ਮੁੰਨੇ, ਮਨੋਹਰ ਧੀਮਾਨ, ਸਮੇਤ ਸਮੂਹ ਸਾਥੀ ਹਾਜ਼ਰ ਸਨ।

# ਜੱਟਪੁਰ 'ਚ ਸਿਹਤ ਜਾਂਚ ਕੈਂਪ ਤੇ ਮੁਫ਼ਤ ਦਵਾਈਆਂ ਵੰਡੀਆਂ

**ਨੂਰਪੁਰ ਬੇਦੀ (ਜਗਤਾਰ ਜੱਗੀ)**

ਸਿਵਲ ਸਰਜਨ ਦੇ ਦਿਸ਼ਾ ਨਿਰਦੇਸ਼ਾਂ ਤੇ ਐਸ.ਐਮ.ਓ ਵਿਧਾਨ ਚੰਦਰ ਦੀ ਅਗਵਾਈ ਹੇਠ ਸਬ ਸੈਂਟਰ ਹਿਆਤਪੁਰ ਅਧੀਨ ਪਿੰਡ ਜੱਟਪੁਰ ਵਿਖੇ ਗੈਰ-ਸੰਚਾਰੀ ਰੋਗਾਂ (ਐਨ.ਸੀ.ਡੀ) ਦਾ ਮੁਫਤ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ । ਇਸ ਕੈਂਪ ਦੌਰਾਨ ਪਿੰਡ ਵਾਸੀਆਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਸੀ.ਐੱਚ.ਓ. ਡਾ. ਰਜਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਘਰ ਘਰ ਸਿਹਤ ਸਹੂਲਤ ਪਹੁਚਾਉਣ ਲਈ ਵਚਨਵੱਧ ਹੈ । ਇਲਾਕੇ ਦੀ ਜਨਤਾ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਜੰਗੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ । ਅੱਜ ਦੇ ਸਿਹਤ ਜਾਂਚ ਕੈਂਪ ਵਿੱਚ ਸ਼ੂਗਰ, ਬਲੱਡ ਪ੍ਰੈਸ਼ਰ, ਕਬਜ਼, ਗੈਸ, ਸਰੀਰਕ ਦਰਦਾਂ ਦੀਆਂ, ਮਲਟੀ ਵਿਟਾਮਿਨ ਸਿਹਤ ਕੰਪਲੀਮੈਂਟ ਅਤੇ ਆਮ ਜ਼ਰੂਰਤ ਦੀਆਂ ਦਵਾਈਆਂ ਪਿੰਡ ਵਾਸੀਆਂ ਨੂੰ ਦਿੱਤੀਆਂ ਗਈਆਂ । ਹੈਲਥ ਵਰਕਰ ਮਨਦੀਪ ਸਿੰਘ ਨੇ ਕਿਹਾ ਕਿ ਖਾਂਸੀ ਕਰਦੇ ਇਸ ਸਮੇਂ, ਛਿੱਕਣ ਵੇਲੇ ਮੂੰਹ ਢਕ ਕੇ ਰੱਖੋ । ਜਿਸ ਵਿਅਕਤੀ ਨੂੰ ਫਲੂ ਦੇ ਲੱਛਣ ਹੋਵੇ ਉਸ ਵਿਅਕਤੀ ਨਾਲ ਨਾ ਹੱਥ ਮਿਲਾਓ ਅਤੇ ਨਾ ਹੀ ਗਲੇ ਮਿਲੋ । ਇਸ ਦੌਰਾਨ ਪਿੰਡ ਦੀ ਆਸ਼ਾ ਵਰਕਰ ਕੁਲਬੀਰ ਕੌਰ ਨੇ ਆਪਣੇ ਸਬੋਧਨ 'ਚ ਕਿਹਾ ਕਿ ਬਿਮਾਰੀਆਂ ਤੋਂ ਬਚਣ ਲਈ ਹੱਥਾਂ ਨੂੰ ਚੰਗੀ ਤਰਾਂ ਸਾਬਣ ਨਾਲ ਧੋਇਆ ਜਾਵੇ । ਜੇਕਰ ਕਿਸੇ ਨੂੰ ਸਾਹ ਲੈਣ ਚ, ਜ਼ੁਕਾਮ, ਬੁਖਾਰ ਜਾਂ ਖੰਘ ਦੀ ਤਕਲੀਫ਼ ਹੋਵੇ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਚ ਜਾਂਚ ਕਰਾਓ । ਇਸ ਮੌਕੇ ਏ ਐਨ ਐਮ ਹਰਜੀਤ ਕੌਰ,ਤਾਰੋ ਦੇਵੀ, ਸਰਪੰਚ ਜਸਵੀਰ ਸਿੰਘ, ਵਿਦਿਆ ਦੇਵੀ, ਕੁਲਦੀਪ, ਦਿਲਬਾਗ ਸਿੰਘ, ਕੌਸ਼ਲਿਆ ਦੇਵੀ,ਪੰਚ ਪਿਆਰੋ ਦੇਵੀ,ਕਸ਼ਮੀਰ ਕੌਰ,ਭਜਨ ਕੌਰ,ਸੁਨੀਤਾ,ਹਰਜਿੰਦਰ ਕੌਰ,ਬਖ਼ਸ਼ੋ ਅਤੇ ਪਿੰਡ ਵਾਸੀ ਹਾਜ਼ਰ ਸਨ।



# ਬਿਰਧ ਆਸ਼ਰਮ ਦੇਹਰੀਵਾਲ ਨੂੰ ਪ੍ਰਵਾਸੀ ਭਾਰਤੀ ਵੱਲੋਂ ਮਾਇਕ ਸਹਾਇਤਾ ਭੇਟ



**ਅੱਡਾ ਸਰਾਂ, (ਕਾਜਲ)**

ਪਿੰਡ ਦੇਹਰੀਵਾਲ ਵਿਖੇ ਸਮਾਜ ਸੇਵੀ, ਪ੍ਰਵਾਸੀ ਭਾਰਤੀ ਜਵਾਹਰ ਸਿੰਘ ਪੱਡਾ ਕੈਨੇਡਾ ਵਲੋਂ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਲਈ ਪ੍ਰਵਾਸੀ ਭਾਰਤੀ ਵੱਲੋਂ ਮਾਇਕ ਸਹਾਇਤਾ ਭੇਟ ਕੀਤੀ ਗਈ ਅਮਰਜੀਤ ਸਿੰਘ ਅਮਰੀਕਾ ਨਿਵਾਸੀ ਮਸੀਤੀ ਨੇ ਆਸਰਮ ਲਈ 10 ਹਜਾਰ ਦੀ ਵਿੱਤੀ ਸਹਾਇਤਾ ਭੇਂਟ ਕਰਦਿਆਂ ਪੱਡਾ ਪਰਿਵਾਰ ਵਲੋਂ ਚਲਾਏ ਜਾ ਰਹੇ ਇਸ ਨੇਕ ਮਿਸ਼ਨ ਦੀ ਸਲਾਘਾ ਕੀਤੀਇਸ ਮੌਕੇ ਉਨ੍ਹਾਂ ਨਾਲ ਸ਼ਿੰਗਾਰਾ ਸਿੰਘ ਅਮਰੀਕਾ ਵੀ ਮੌਜੂਦ ਸਨ। ਇਸ ਮੌਕੇ ਆਸ਼ਰਮ ਦੇ ਸੇਵਾਦਾਰ ਹਰਵਿੰਦਰ ਸਿੰਘ ਬਸੀ ਜਲਾਲ ਨੇ ਪਰਵਾਸੀ ਭਾਰਤੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦਾ ਸਨਮਾਨ ਕੀਤਾ।

# ਉੱਚ ਅਧਿਕਾਰੀਆਂ ਵੱਲੋਂ ਨਵੇਂ ਦਾਖ਼ਲਿਆਂ ਸੰਬੰਧੀ ਅਧਿਆਪਕਾਂ 'ਤੇ ਬੇਲੋੜਾ ਦਬਾਅ ਪਾਉਣਾ ਗ਼ਲਤ : ਜੀ ਟੀ ਯੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਪੰਜਾਬ ਭਰ ਚ ਦਾਖਲਿਆਂ ਨੂੰ ਲੈ ਕੇ ਮਾਨਸਿਕ ਦਬਾਅ ਹੇਠ ਕੰਮ ਕਰ ਰਹੇ ਅਧਿਆਪਕਾਂ ਦੀ ਮਾਨਸਿਕ ਪ੍ਰੇਸ਼ਾਨੀ ਨੂੰ ਲੈਕੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ 'ਚ ਭਰਤੀ ਅਧਿਆਪਕ ਬਹੁਤ ਪੜ੍ਹੇ -ਲਿਖੇ ਤੇ ਮਿਆਰੀ ਸਿੱਖਿਆ ਦੇਣ ਵਾਲੇ ਹਨ, ਜੋ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਹੀ ਭਰਤੀ ਕੀਤੇ ਹਨ ਨਾਕਿ ਗੈਰਵਿੱਦਿਅਕ ਕੰਮਾਂ ਲਈ। ਯੂਨੀਅਨ ਆਗੂਆਂ ਨੇ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਿਆਂ ਕਿਹਾ ਕਿ ਹਰੇਕ ਸਕੂਲ 'ਚ ਪ੍ਰੀ-ਪ੍ਰਾਇਮਰੀ ਅਧਿਆਪਕਾਂ, ਹੈਲਪਰਾਂ ਦੀ ਘਾਟ, ਜਮਾਤਵਾਰ ਅਧਿਆਪਕ ਦਾ ਨਾ ਹੋਣਾ, ਕਲਰਕ /ਡਾਟਾ ਐਂਟਰੀ ਅਪਰੇਟਰਜ਼ ਨਾ ਦੇ ਕੇ ਅਧਿਆਪਕਾਂ ਨੂੰ ਗੈਰਵਿਦਿਅਕ ਕੰਮਾਂ, ਸਾਰਾ-ਸਾਰਾ ਦਿਨ ਆਨਲਾਈਨ ਕੰਮਾਂ, ਗੂਗਲ ਸੀਟਾਂ ਭਰਨ, ਗ੍ਰਾਂਟਾਂ ਖਰਚਣ 'ਚ ਉਲਝਾਈ ਰੱਖਣ ਤੋਂ ਇਲਾਵਾ ਹੋਰ ਕਈ ਕੁਝ ਡਾਟੇ ਦੀ ਖੇਡ 'ਚ ਘੁਮਾਈ ਫਿਰਨਾਂ ਸਰਕਾਰੀ ਸਕੂਲਾਂ ਦੀ ਪੜ੍ਹਾਈ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿਸ ਤਹਿਤ ਬੱਚਿਆਂ ਦਾ ਪ੍ਰਾਈਵੇਟ ਸਕੂਲਾਂ ਵੱਲ ਜਾਣ ਦਾ ਰੁਝਾਨ ਵੱਧਦਾ ਹੈ ਅਤੇ ਜਿਸਦਾ ਸਿੱਧਾ ਅਸਰ ਦਾਖ਼ਲਾ ਘੱਟਣ ਤੇ ਪੈਂਦਾ ਹੈ। ਜਦੋਂਕਿ ਜਨਮ ਦਰ ਵੀ ਘੱਟ ਰਹੀ ਹੈ। ਇਸ ਮੌਕੇ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਸਰਕਾਰ ਤੋਂ ਮੰਗ ਕੀਤੀ ਕਿ 100 ਪ੍ਰਤੀਸ਼ਤ ਦਾਖਲੇ ਲਈ ਸਰਕਾਰ ਵਿਧਾਨ ਸਭਾ 'ਚ ਮਤਾ ਪਾਸ ਕਰਕੇ ਖਜ਼ਾਨੇ 'ਚੋਂ ਲਾਭ ਲੈਣ ਵਾਲੇ ਹਰੇਕ ਵਿਅਕਤੀ ਦੇ ਬੱਚਿਆਂ ਲਈ ਸਰਕਾਰੀ ਸਕੂਲਾਂ 'ਚ ਸਿੱਖਿਆ ਲਾਜ਼ਮੀ ਕਰੇ ਤੇ ਗੈਰਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਬੰਦ ਕੀਤਾ ਜਾਵੇ ਅਤੇ ਸਭ ਤਰ੍ਹਾਂ ਦੀਆਂ ਘਾਟਾਂ ਤੁਰੰਤ ਦੂਰ ਕਰੇ। ਇਸ ਸਮੇਂ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ, ਸੀਨੀਅਰ ਮੀਤ ਪ੍ਰਧਾਨ ਅਮਰ ਸਿੰਘ, ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋ ਬਿਨਾਂ ਕਿਸੇ ਤਰਕ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਸਿੱਖਿਆ ਅਧਿਕਾਰੀਆ ਵੱਲੋਂ ਦਬਾਅ ਬਣਾਉਣਾ ਤਾਨਾਸ਼ਾਹੀ ਤੇ ਗੈਰ-ਲੋਕਤੰਤਰਿਕ ਵਾਰਤਾਵਾ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਲੋਂ ਅਧਿਆਪਕਾਂ ਨੂੰ ਮਾਨਸਿਕ ਪਰੇਸ਼ਾਨ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਅਧਿਆਪਕ ਵਰਗ ਦੇ ਮਾਣ ਸਤਿਕਾਰ ਨੂੰ ਬਹਾਲ ਰੱਖਿਆ ਜਾਵੇ ਅਤੇ ਫੇਕ ਦਾਖਲੇ ਕਰਨ ਲਈ ਮਜਬੂਰ ਨਾ ਕਰੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੁਆਇੰਟ ਸਕੱਤਰ ਵਿਕਾਸ ਸ਼ਰਮਾ, ਪ੍ਰਿੰਸ ਗੜ੍ਹਦੀਵਾਲਾ, ਅਰਵਿੰਦਰ ਸਿੰਘ ਮਾਹਿਲਪੁਰ,ਪ੍ਰਿੰਸੀਪਲ ਹਰਜੀਤ ਸਿੰਘ, ਹੈੱਡਮਾਸਟਰ ਸੰਦੀਪ ਸਿੰਘ , ਬਲਜੀਤ ਕੌਸ਼ਲ, ਲੈਕਚਰਾਰ ਹਰਵਿੰਦਰ ਸਿੰਘ, ਨਰੇਸ਼ ਕੁਮਾਰ ਗੜ੍ਹਸ਼ੰਕਰ, ਸੁਨੀਲ ਕੁਮਾਰ ਸ਼ਰਮਾ,ਸੰਜੀਵ ਧੂਤ, ਗੁਰਨਾਮ ਸਿੰਘ, ਰਜਤ ਮਹਾਜਨ, ਸਚਿਨ ਕੁਮਾਰ, ਸ਼ਾਮ ਸੁੰਦਰ ਕਪੂਰ, ਨਰਿੰਦਰ ਅਜਨੋਹਾ,ਕੇਸ਼ਵ ਦਾਸ ਖੇਪੜ, ਸਤਵਿੰਦਰ ਮਾਹਿਲਪੁਰ, ਸਤੀਸ਼ ਕੁਮਾਰ, ਰਾਜ ਕੁਮਾਰ, ਸੰਦੀਪ ਸ਼ਰਮਾ ਬਾਗਪੁਰ, ਰਣਵੀਰ ਸਿੰਘ, ਅਨੁਪਮ ਰਤਨ, ਲੈਕਚਰਾਰ ਉਪਿੰਦਰਜੀਤ ਸਿੰਘ, ਸਰਬਜੀਤ ਟਾਂਡਾ, ਨਰਿੰਦਰ ਮੰਗਲ, ਰਾਜੇਸ਼ ਅਰੋੜਾ, ਮਨਜੀਤ ਸਿੰਘ ਮੁਕੇਰੀਆਂ, ਪ੍ਰਿੰਸੀਪਲ ਬਲਵੀਰ ਸਿੰਘ, ਸ਼ਸ਼ੀਕਾਂਤ ਤਲਵਾੜਾ, ਕਮਲਦੀਪ ਸਿੰਘ ਭੂੰਗਾ, ਲੈਕਚਰਾਰ ਸੰਜੀਵ ਕੁਮਾਰ,ਬਲਜੀਤ ਕੌਸ਼ਲ, ਪਵਨ ਗੋਇਲ, ਅਸ਼ੋਕ ਕੁਮਾਰ ਬੁਲੋਵਾਲ, ਮਨੋਜ ਰਤਨ, ਖੁਸ਼ਵੰਤ ਸਿੰਘ ਮੁਕੇਰੀਆਂ,ਜਸਵਿੰਦਰ ਬੁਲੋਵਾਲ, ਜਰਨੈਲ ਸਿੰਘ , ਮਨਵੀਰ ਸਿੰਘ , ਅਮਨਦੀਪ ਸਿੰਘ , ਲੈਕਚਰਾਰ ਹਰਜੀਤ ਸਿੰਘ , ਲੈਕਚਰਾਰ ਸਵਰਨ ਸਿੰਘ ,ਜਸਵੰਤ ਸਿੰਘ ਮੁਕੇਰੀਆਂ, ਪਰਸਰਾਮ, ਨਰੇਸ਼ ਕੁਮਾਰ ਮੇਧਾ ,ਅਮਰਜੀਤ ਹਾਜੀਪੁਰ, ਗੁਰਵਿੰਦਰ ਜੱਜ ਤੇ ਸੁਰਿੰਦਰ ਕੁਮਾਰ ਕਮਾਹੀ ਦੇਵੀ, ਧਰੁਵ ਰਾਜ, ਨਰੇਸ਼ ਕੁਮਾਰ ਆਦਿ ਹਾਜ਼ਰ ਸਨ।



# ਕਾਂਗਰਸ ਦੇ ਸਟਾਰ ਪ੍ਰਚਾਰਕ 6 ਮਈ ਨੂੰ ਨੂਰਮਹਿਲ 'ਚ ਰੈਲੀ ਕਰਨਗੇ : ਅਟਵਾਲ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਲੜ ਰਹੇ ਕਾਂਗਰਸ ਦੇ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ, ਪਤਨੀ ਸਵਰਗਵਾਸੀ ਸੰਤੋਖ ਸਿੰਘ ਚੌਧਰੀ ਦੇ ਹੱਕ 'ਚ ਕਾਂਗਰਸ ਦੇ ਸਾਬਕਾ ਮੰਤਰੀ ਗੁਰਬਿੰਦਰ ਸਿੰਘ ਅਟਵਾਲ ਵੱਲੋਂ ਹਲਕਾ ਨਕੋਦਰ ਦੇ ਪਿੰਡਾਂ ਰੂਪੋਵਾਲ, ਔਜਲਾ, ਬਿਲਗਾ, ਦਾਰਾ ਪੁਰ, ਮਹਿਸਮ ਪੁਰ ਆਦ ਪਿੰਡਾਂ ਵਿਚ ਬੀਬੀ ਚੌਧਰੀ ਦੇ ਹੱਕ 'ਚ ਚੋਣ ਮੀਟਿੰਗਾਂ ਕੀਤੀਆਂ ਜਿਹਨਾਂ ਵਿਚ ਭਾਰੀ ਗਿਣਤੀ 'ਚ ਪਿੰਡਾਂ ਦੇ ਪੰਚ ਸਰਪੰਚ ਸ਼ਾਮਲ ਹੋਏ। ਸਰਦਾਰ ਅਟਵਾਲ ਨੇ ਮੀਟਿੰਗਾਂ ਨੂੰ ਸੰਬੋਧਨ ਕਰਦੀ ਆਖਿਆ ਕਿ ਮੌਜੂਦਾ ਆਮ ਆਦਮੀ ਦੀ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ਅਤੇ ਲੋਕ ਝੂਠੇ ਲਾਰਿਆਂ ਤੋਂ ਅੱਕ ਚੁੱਕੇ ਹਨ। ਉਹਨਾਂ ਕਿਹਾ ਕਿ ਕਾਂਗਰਸ ਇਕ ਧਰਮ ਨਿਰਪੱਖ ਪਾਰਟੀ ਹੈ ਅਤੇ ਜੋ ਵਿਕਾਸ ਕਾਂਗਰਸ ਨੇ ਪਛੜੇ ਵਰਗ ਦਾ ਆਪਣੇ ਰਾਜ ਵਿਚ ਕੀਤਾ ਹੈ ਉਹ ਹੋਰ ਕੋਈ ਪਾਰਟੀ ਨਹੀਂ ਕਰ ਸਕੀ। ਉਹਨਾਂ ਕਿਹਾ ਕਿ ਇਹ ਸੀਟ ਹਮੇਸਾਂ ਹੀ ਵੋਟਰਾਂ ਨੇ ਕਾਂਗਰਸ ਦੀ ਝੋਲੀ ਵਿਚ ਪਾਈ ਹੈ ਅਤੇ ਇਸ ਵਾਰ ਵੀ ਬੀਬੀ ਬਹੁਤ ਭਾਰੀ ਫਰਕ ਨਾਲ ਜਿੱਤਣਗੇ । ਉਹਨਾਂ ਆਖਿਆ ਕਿ ਕਾਂਗਰਸ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ 6 ਮਈ ਨੂੰ ਨੂਰਮਹਿਲ ਵਿਖੇ ਬੀਬੀ ਕਰਮਜੀਤ ਕੌਰ ਚੌਧਰੀ ਦੇ ਹੱਕ ਵਿੱਚ ਵਿਸ਼ਾਲ ਚੋਣ ਰੈਲੀ ਕਰਨਗੇ। ਉਹਨਾਂ ਤੋਂ ਇਲਾਵਾ ਕਾਂਗਰਸ ਦੇ ਦਿੱਗਜ ਨੇਤਾ ਵੀ ਇਸ ਜਨ ਸਭਾ ਨੂੰ ਸੰਬੋਧਨ ਕਰਨਗੇ।



# ਕਣਕ ਦੀ ਲਿਫਟਿੰਗ ਨਾ ਹੋਣ 'ਤੇ ਪੱਲੇਦਾਰਾਂ ਵੱਲੋਂ ਪ੍ਰਸ਼ਾਸਨ ਦਾ ਘਿਰਾਓ



**ਭੀਖੀ (ਧਰਮਵੀਰ ਸ਼ਰਮਾ)**-ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਕਣਕ ਦੀ ਖਰੀਦ ਤੋਂ ਬਾਅਦ ਲਿਫਟਿੰਗ ਨਾ ਹੋਣ ਤੋਂ ਆਹਤ ਹੋਏ ਪੱਲੇਦਾਰਾਂ ਨੇ ਅੱਜ ਮੰਡੀ ਦਾ ਦੌਰਾ ਕਰਨ ਆਏ ਡੀ ਸੀ ਮਾਨਸਾ ਬਲਦੀਪ ਕੌਰ ਦਾ ਘਿਰਾਓ ਕਰਕੇ ਮਾਰਕਿਟ ਕਮੇਟੀ ਦਫਤਰ ਵਿਖੇ ਬੰਦ ਕਰਕੇ ਮੇਨ ਗੇਟ ਨੂੰ ਬੰਦ ਕਰ ਦਿੱਤਾ, ਜਿਸ ਕਾਰਨ ਡੀ ਸੀ ਸਮੇਤ ਹੋਰ ਜ਼ਿਲ੍ਹਾ ਅਧਿਕਾਰੀਆਂ ਨੂੰ ਲੰਮਾਂ ਸਮਾਂ ਬਾਹਰ ਨਿਕਲਣ ਦਾ ਇੰਤਜ਼ਾਰ ਕਰਨਾ ਪਿਆ। ਇਸ ਦੌਰਾਨ ਜ਼ਿਲਾ ਪ੍ਰਸ਼ਾਸਨ ਨਾਲ ਚੱਲੀ ਗੱਲਬਾਤ ਦੌਰਾਨ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਸਮਾਉਂ, ਮੋਨੂੰ ਸਿੰਗਲਾ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਕਣਕ ਦੀ ਖਰੀਦ ਕਾਰਨ ਲਿਫਟਿੰਗ ਜ਼ਿਆਦਾ ਹੀ ਧੀਮੀ ਰਫਤਾਰ ਨਾਲ ਚੱਲ ਰਹੀ ਹੈ, ਜਿਸ ਕਾਰਨ ਆੜ੍ਹਤੀਏ ਤੇ ਲੇਬਰ ਭਾਰੀ ਪ੍ਰੇਸ਼ਾਨ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਉਨ੍ਹਾਂ ਤੋਂ ਖਰੀਦ ਏਜੰਸੀਆਂ ਕਟੌਤੀ ਮੰਗਣਗੀਆਂ, ਉੱਥੇ ਕਣਕ ਦੇ ਗੱਟੇ ਚੋਰੀ ਹੋਣ ਦਾ ਵੀ ਡਰ ਹੈ। ਉਨ੍ਹਾਂ ਦੱਸਿਆ ਕਿ ਮੰਡੀ ਅੰਦਰ ਕਣਕ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਪਏ ਹਨ। ਕੇਂਦਰ ਸਰਕਾਰ ਵੱਲੋਂ ਇਸ ਕਣਕ ਨੂੰ ਸਪੈਸ਼ਲ ਰਾਹੀਂ ਬਾਹਰ ਦੀ ਬਾਹਰ ਭੇਜਣ ਦੇ ਹੁਕਮ ਹਨ, ਜਦੋਂਕਿ ਉਕਤ ਕਣਕ ਪਹਿਲਾਂ ਲੋਕਲ ਗੁਦਾਮਾਂ ਵਿੱਚ ਹੀ ਲੱਗਦੀ ਸੀ। ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਉਕਤ ਕਣਕ ਨੂੰ ਸਪੈਸ਼ਲ ਰਾਹੀਂ ਬਾਹਰ ਭੇਜਣ ਦੀ ਬਜਾਏ ਲੋਕਲ ਗੁਦਾਮਾਂ ਵਿੱਚ ਹੀ ਸਟੋਰ ਕੀਤਾ ਜਾਵੇ ਤਾਂ ਕਿ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਂਦੀ ਜਾ ਸਕੇ। ਗੱਲਾ ਮਜ਼ਦੂਰ ਯੂਨੀਅਨ ਦੇ ਆਗੂਆਂ ਪ੍ਰਧਾਨ ਰਣਜੀਤ ਸਿੰਘ ਤੇ ਸੁਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਮਜ਼ਦੂਰੀ ਦੇ ਰੇਟਾਂ ਵਿੱਚ ਵਾਧਾ ਕਰਨ ਲਈ ਕਿਹਾ ਗਿਆ ਸੀ, ਜੋ ਕਿ ਅਜੇ ਤੱਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਵਾਧੇ ਪ੍ਰਤੀ ਸੁਹਿਰਦ ਨਹੀ ਹੈ। ਇਸ ਮੌਕੇ ਸੰਤ ਰਾਮ, ਪੱਪੂ ਸਿੰਘ, ਸੰਪੂਰਨ ਸਿੰਘ, ਮੱਘਰ ਸਿੰਘ, ਸੱਤਪਾਲ, ਬਹਾਦਰ ਸਿੰਘ, ਤਰਸੇਮ ਸਿੰਘ ਤੇ ਮਿੱਠੂ ਕਾਮਰੇਡ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਲਈ ਇਸ ਨੂੰ ਲੋਕਲ ਗੋਦਾਮਾਂ ਵਿੱਚ ਸਟੋਰ ਕਰ ਤੇ ਗੱਲਾ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ ਵਾਧਾ ਕਰੇ। ਦੂਜੇ ਪਾਸੇ ਕਣਕ ਦੀ ਹੋਈ ਲਿਫਟਿੰਗ ਦੌਰਾਨ ਪੰਜਾਬ ਸਰਕਾਰ ਦੀਆਂ ਏਜੰਸੀਆਂ ਦੀ ਕਣਕ ਐੱਫ ਸੀ ਆਈ ਵੱਲੋਂ ਅਨਲੋਡਿੰਗ ਨਾ ਕਰਵਾਏ ਜਾਣ ਕਾਰਨ ਉਨ੍ਹਾਂ ਟਰਾਲੀਆਂ ਵਾਪਸ ਕਰ ਦਿੱਤੀਆਂ, ਜੋ ਕਿ ਮੰਡੀ ਵਿੱਚ ਅਨਲੋਡ ਕਰਨੀਆਂ ਪਈਆਂ, ਜਿਸ ਨਾਲ ਟਰੈਕਟਰ ਚਾਲਕਾਂ ਤੇ ਲੇਬਰ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਟਰੈਕਟਰ ਯੂਨੀਅਨ ਦੇ ਆਗੂ ਹਰਦੀਪ ਸਿੰਘ ਨੇ ਕਿਹਾ ਕਿ ਐੱਫ ਸੀ ਆਈ ਵੱਲੋਂ ਭਰੇ ਟਰੈਕਟਰ ਨਾ ਲੁਹਾਉਣ ਕਾਰਨ ਟਰੈਕਟਰ ਚਾਲਕਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਣਕ ਦੀ ਲਿਫਟਿੰਗ ਟਰੈਕਟਰਾਂ ਰਾਹੀਂ ਕੀਤੀ ਜਾਂਦੀ ਸੀ ਅਤੇ ਹੁਣ ਵੀ ਪਹਿਲਾਂ ਵਾਂਗੂ ਹੀ ਲਿਫਟਿੰਗ ਕਰਵਾਈ ਜਾਵੇ। ਲੰਮੀ ਗੱਲਬਾਤ ਤੋਂ ਬਾਅਦ ਹੋਏ ਸਮਝੌਤੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਾਣ ਦਿੱਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਸਮੂਹ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਸਭ ਦੀ ਗੱਲ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਇਸ ਦਾ ਹੱਲ ਕਰਵਾਉਣਗੇ। ਐੱਸ ਐੱਚ ਓ ਭੀਖੀ ਇੰਸਪੈਕਟਰ ਰੁਪਿੰਦਰ ਕੌਰ ਦੀ ਅਗਵਾਈ ਹੇਠ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

# ਕੱਚੇ ਅਧਿਆਪਕਾਂ ਵੱਲੋਂ ਡੀ ਸੀ ਦਫਤਰ ਅੱਗੇ ਸਰਕਾਰ ਖਿਲਾਫ ਪ੍ਰਦਰਸ਼ਨ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਕੱਚੇ ਅਧਿਆਪਕਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਸਾਹਮਣੇ ਪੰਜਾਬ ਸਰਕਾਰ ਖਿਲਾਫ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਸੂਬਾਈ ਆਗੂ ਮੈਡਮ ਗਗਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚੋਣਾਂ ਤੋਂ ਪਹਿਲਾਂ ਉਨ੍ਹਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਪਹਿਲੀ ਮੀਟਿੰਗ ਵਿੱਚ ਹੀ ਉਨ੍ਹਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਕੇ ਉਨ੍ਹਾਂ ਨੂੰ ਪੱਕਾ ਕੀਤਾ ਜਾਵੇਗਾ, ਪਰ ਮੁੱਖ ਮੰਤਰੀ ਬਣਨ ਤੋਂ ਬਾਅਦ ਇੱਕ ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ 'ਤੇ ਵੀ ਉਨ੍ਹਾਂ ਨੂੰ ਪੱਕਾ ਨਹੀਂ ਕੀਤਾ ਗਿਆ, ਜਿਸ ਕਾਰਨ ਉਹ 6000/- ਰੁਪਏ ਦੀ ਨਿਗੁਣੀ ਤਨਖਾਹ ਤੇ ਕੰਮ ਕਰਨ ਲਈ ਮਜਬੂਰ ਹੋ ਰਹੇ ਹਨ, ਜਿਸ ਦੇ ਤਹਿਤ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਤੋਂ ਬਾਅਦ ਬੀਤੇ ਦਿਨ ਉਨ੍ਹਾਂ ਦੀ ਚੰਡੀਗੜ੍ਹ ਵਿੱਚ ਸਿੱਖਿਆ ਮੰਤਰੀ ਨਾਲ ਇੱਕ ਮੀਟਿੰਗ ਹੋਣੀ ਸੀ। ਮੀਟਿੰਗ ਦਾ ਵਾਰ ਵਾਰ ਸਮਾਂ ਬਦਲਣ ਤੋਂ ਬਾਅਦ ਵੀ ਸਿੱਖਿਆ ਮੰਤਰੀ ਵੱਲੋਂ ਉਨ੍ਹਾਂ ਨਾਲ ਕੋਈ ਮੀਟਿੰਗ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਉਨ੍ਹਾਂ ਦੀ ਯੂਨੀਅਨ ਵੱਲੋਂ ਸਿੱਖਿਆ ਮੰਤਰੀ ਤੇ ਪੰਜਾਬ ਸਰਕਾਰ ਦੇ ਖਿਲਾਫ ਨਾਹਰੇਬਾਜ਼ੀ ਕੀਤੀ ਗਈ ਸੀ। ਇਸ ਤੋਂ ਬਾਅਦ ਸਰਕਾਰ ਵੱਲੋਂ ਇੱਕ ਨਾਦਰਸ਼ਾਹੀ ਫਰਮਾਨ ਜਾਰੀ ਕਰਦਿਆਂ ਕੱਚੇ ਅਧਿਆਪਕਾਂ ਸੁਖਚੈਨ ਸਿੰਘ, ਸੰਦੀਪ ਸਿੰਘ ਤੇ ਹੋਰਨਾਂ ਵਿਰੁੱਧ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ, ਜਿਸ ਦੇ ਵਿਰੋਧ ਵਿੱਚ ਉਨ੍ਹਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵੱਲੋਂ ਕੱਚੇ ਅਧਿਆਪਕਾਂ ਖਿਲਾਫ ਜਾਰੀ ਕਾਰਨ ਦੱਸੋ ਨੋਟਿਸ ਨੂੰ ਜਲਦੀ ਵਾਪਸ ਨਾ ਲਿਆ ਗਿਆ ਤਾਂ ਉਹ ਆਪਣਾ ਸੰਘਰਸ਼ ਹੋਰ ਤੇਜ਼ ਕਰਨਗੇ।

# ਸਾਬਕਾ ਮੰਤਰੀ ਦੀ ਗਲੀ ਸੀਵਰੇਜ ਦੇ ਪਾਣੀ ਨਾਲ ਬਣੀ ਨਰਕ

**ਮਾਨਸਾ (ਆਤਮਾ ਸਿੰਘ ਪਮਾਰ)**



ਪਿਛਲੇ ਕਾਫੀ ਲੰਬੇ ਸਮੇਂ ਤੋਂ ਚੱਲ ਰਹੀ ਕਚਹਿਰੀ ਰੋਡ ਗਾਗੋਵਾਲ ਸਟਰੀਟ ਦੀ ਸੀਵਰੇਜ ਦੀ ਗੰਦਗੀ ਦੀ ਸਮੱਸਿਆ ਉਸੇ ਤਰ੍ਹਾਂ ਬਰਕਰਾਰ ਹੈ। ਇਸ ਗਲੀ ਦੇ ਵਸਨੀਕ ਨਗਰ ਕੌਂਸਲ ਦੀ ਕਾਰਗੁਜ਼ਾਰੀ ਤੋਂ ਕਾਫੀ ਨਿਰਾਸ਼ ਹਨ। ਦੱਸ ਦੇਈਏ ਕਿ ਇਹ ਗਲੀ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਬਿਲਕੁਲ ਨਾਲ ਲੱਗਦੀ ਹੈ। ਜ਼ਿਕਰਯੋਗ ਹੈ ਕਿ ਸਾਬਕਾ ਮਰਹੂਮ ਮੰਤਰੀ ਸ਼ੇਰ ਸਿੰਘ ਗਾਗੋਵਾਲ ਦੇ ਪਰਵਾਰ (ਕਾਂਗਰਸ ਜ਼ਿਲ੍ਹਾ ਪ੍ਰਧਾਨ ਮਾਈਕਲ ਗਾਗੋਵਾਲ) ਦੀ ਰਿਹਾਇਸ਼ ਵੀ ਇਸੇ ਗਲੀ ਵਿਚ ਹੀ ਹੈ। ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਮਾਨਸਾ ਨੂੰ ਸਾਫ-ਸੁਥਰਾ ਵਾਤਾਵਰਣ ਦੇਣ ਦੀਆਂ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਪਰ ਇਹ ਸਭ ਕੁਝ ਕਾਗ਼ਜ਼ੀ ਹੀ ਜਾਪਦਾ ਹੈ। ਪੀੜਤ ਸ਼ਹਿਰ ਵਾਸੀਆਂ ਨੇ ਆਪਣੀ ਸਮੱਸਿਆ ਜ਼ਾਹਰ ਕਰਦੇ ਹੋਏ ਕਿਹਾ ਕਿ ਲੰਬੇ ਤੋਂ ਸੀਵਰੇਜ ਬੰਦ ਹੋਣ ਕਾਰਨ ਸ਼ਹਿਰ ਦਾ ਗੰਦਾ ਪਾਣੀ ਉਨ੍ਹਾਂ ਦੇ ਘਰਾਂ ਤੇ ਗਲੀਆਂ 'ਚ ਜਮ੍ਹਾਂ ਹੋਣ ਕਰਕੇ ਨਰਕ 'ਚ ਦਿਨ ਕੱਟਣੇ ਪੈ ਰਹੇ ਹਨ। ਸਰਕਾਰੇ ਦਰਬਾਰੇ ਕਈ ਵਾਰ ਗੁਹਾਰ ਲਾਈ, ਪਰ ਕੋਈ ਹੱਲ ਨਹੀਂ ਹੋ ਰਿਹਾ। ਤਸਵੀਰਾਂ ਸ਼ਹਿਰ ਦੇ ਹੋਏ ਵਿਕਾਸ ਦੀ ਪੋਲ ਖੋਲ੍ਹ ਰਹੀਆਂ ਹਨ। ਗਲੀਆਂ ਵਿੱਚ ਫੈਲੇ ਗੰਦੇ ਪਾਣੀ ਕਾਰਨ ਵੱਖ-ਵੱਖ ਮੁਹੱਲਿਆਂ 'ਚ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਹੋਇਆ ਤੇ ਦੂਜੇ ਪਾਸੇ ਬਿਮਾਰੀਆਂ ਦਾ ਪ੍ਰਕੋਪ ਜ਼ੋਰਾਂ 'ਤੇ ਹੈ, ਜਿਸ ਕਾਰਨ ਏਰੀਏ 'ਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਮੁਹੱਲਾ ਵਾਸੀਆਂ ਦਾ ਕਹਿਣਾ ਹੈ ਕਿ ਕਈ ਵਾਰ ਸ਼ਿਕਾਇਤਾਂ ਲਿਖਾਉਣ ਤੋਂ ਬਾਅਦ ਵੀ ਸਮੱਸਿਆ ਜਿਉਂ ਦੀ ਤਿਉਂ ਹੀ ਹੈ। ਮੁਹੱਲਾ ਨਿਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਜਲਦੀ ਉਨ੍ਹਾਂ ਦੀ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਵਿਭਾਗ ਦੇ ਦਫ਼ਤਰ ਦੇ ਬਾਹਰ ਧਰਨਾ ਲਾਉਣ ਲਈ ਮਜਬੂਰ ਹੋ ਜਾਣਗੇ, ਜਿਸਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

## ਕਾਤਰਾਂ

### ਟੇਬਲ ਟੈਨਿਸ ਲਈ ਟਰਾਇਲ 24 ਤੋਂ

**ਬਰਨਾਲਾ (ਰਾਜਿੰਦਰ ਸਿੰਘ, ਰਾਕੇਸ਼ ਨੀਟਾ)**-ਜ਼ਿਲ੍ਹਾ ਖੇਡ ਅਫਸਰ ਬਰਨਾਲਾ ਬਲਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਸਟੇਟ ਇੰਸਟੀਚਿਊਟ ਆਫ ਸਪੋਰਟਸ ਲਈ ਸਾਲ 2023-24 ਦੌਰਾਨ ਖਿਡਾਰੀ/ਖਿਡਾਰਨਾਂ ਦੇ ਰੈਜ਼ੀਡੈਂਸ਼ਲ ਵਿੰਗ ਦੇ ਦਾਖ਼ਲੇ ਲਈ ਜ਼ਿਲ੍ਹਾ ਬਰਨਾਲਾ ਵਿਖੇ ਮਿਤੀ 24 ਅਤੇ 25 ਅਪ੍ਰੈਲ ਨੂੰ ਐਲ.ਬੀ.ਐਸ ਕਾਲਜ ਬਰਨਾਲਾ ਵਿਖੇ ਟੇਬਲ ਟੈਨਿਸ (ਅੰਡਰ 12, ਅੰਡਰ 14, ਅੰਡਰ 17, ਅੰਡਰ 19) ਲਈ ਟਰਾਇਲ ਲਏ ਜਾਣੇ ਹਨ। ਇਨ੍ਹਾਂ ਦੇ ਫਾਈਨਲ ਮਿਤੀ 26 ਅਪ੍ਰੈਲ ਨੂੰ ਹੋਣਗੇ। ਇਹ ਟਰਾਇਲ ਸਵੇਰੇ 9 ਵਜੇ ਤੋਂ ਸ਼ੁਰੂ ਹੋਣਗੇ। ਉਨ੍ਹਾਂ ਖਿਡਾਰੀਆਂ ਨੂੰ ਸਮੇਂ ਸਿਰ ਪੁੱਜਣ ਦਾ ਸੱਦਾ ਦਿੱਤਾ।

### ਬਾਰਿਸ਼ ਨਾਲ ਮਕਾਨ ਦੀ ਛੱਤ ਡਿੱਗੀ, ਬਜ਼ੁਰਗ ਦੀ ਮੌਤ



**ਮਲੋਟ (ਗੁਰਮੀਤ ਸਿੰਘ ਮੱਕੜ)**-ਬੀਤੀ ਰਾਤ ਬਾਰਿਸ਼ ਤੇ ਤੇਜ਼ ਝੱਖੜ ਕਾਰਨ ਬੁੱਧਵਾਰ ਸਵੇਰੇ 10 ਵਜੇ ਦੇ ਕਰੀਬ ਮਲੋਟ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਗਲੀ ਨੰਬਰ 8 ਵਿੱਚ ਇੱਕ ਕਮਰੇ ਦੀ ਛੱਤ ਡਿੱਗਣ ਨਾਲ ਕਰੀਬ 65 ਸਾਲਾ ਬਜ਼ੁਰਗ ਜੋਗਿੰਦਰ ਸਿੰਘ ਦੀ ਮਲਬੇ ਥੱਲੇ ਆਉਣ ਨਾਲ ਮੌਤ ਹੋ ਗਈ। ਗੁਆਂਢ ਵਿੱਚ ਰਹਿਣ ਵਾਲੇ ਬਲੌਰ ਸਿੰਘ ਨੇ ਦੱਸਿਆ ਕਿ ਕਰੀਬ ਰਾਤ 10 ਵਜੇ ਹੋਈ ਬਾਰਿਸ਼ ਨਾਲ ਮਕਾਨ ਦੀ ਛੱਤ ਡਿੱਗ ਗਈ। ਬਜ਼ੁਰਗ ਜੋਗਿੰਦਰ ਸਿੰਘ ਕਮਰੇ ਵਿੱਚ ਸੁੱਤਾ ਹੋਇਆ ਸੀ ਤਾਂ ਛੱਤ ਡਿੱਗਣ ਨਾਲ ਉਹ ਮਲਬੇ ਥੱਲੇ ਆ ਗਿਆ, ਜਿਸ ਨੂੰ ਲੋਕਾਂ ਵੱਲੋਂ ਕੱਢ ਕੇ ਹਸਪਤਾਲ ਲਿਜਾਇਆ ਗਿਆ, ਪ੍ਰੰਤੂ ਹਸਪਤਾਲ ਪਹੁੰਚਣ 'ਤੇ ਉਸ ਦੀ ਮੌਤ ਹੋ ਗਈ। ਉਨ੍ਹਾਂ ਨੇ ਪਿੱਛੇ ਪਰਿਵਾਰ ਨੂੰ ਸਰਕਾਰ ਕੋਲੋਂ ਸਹਾਇਤਾ ਦੀ ਮੰਗ ਕੀਤੀ ਹੈ।

### ਆਜ਼ਾਦੀ ਘੁਲਾਟੀਆਂ/ਵਾਰਸਾਂ ਦੇ ਮਸਲਿਆਂ ਸੰਬੰਧੀ ਮੀਟਿੰਗ

**ਬਰਨਾਲਾ (ਰਾਜਿੰਦਰ ਬਰਾੜ/ਰਾਕੇਸ਼ ਨੀਟਾ)**-ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਆਜ਼ਾਦੀ ਘੁਲਾਟੀਆਂ/ਉਨ੍ਹਾਂ ਦੇ ਵਾਰਸਾਂ ਦੇ ਮਸਲੇ ਹੱਲ ਕਰਨ ਲਈ ਚਲਾਈ ਵਿਸ਼ੇਸ਼ ਸ਼ਿਕਾਇਤ ਨਿਵਾਰਨ ਮੁਹਿੰਮ ਤਹਿਤ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ 'ਚ ਸਹਾਇਕ ਕਮਿਸ਼ਨਰ (ਜ) ਸੁਖਪਾਲ ਸਿੰਘ ਵੱਲੋਂ ਆਜ਼ਾਦੀ ਘੁਲਾਟੀਆਂ ਦੇ ਵਾਰਸਾਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਆਜ਼ਾਦੀ ਘੁਲਾਟੀਆਂ/ਵਾਰਸਾਂ ਨੂੰ ਵੱਖ ਵੱਖ ਵਿਭਾਗਾਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਪੁੱਛਿਆ। ਇਸ 'ਤੇ ਆਜ਼ਾਦੀ ਘੁਲਾਟੀਆਂ ਨਾਲ ਸਬੰਧਤ ਜਥੇਬੰਦੀਆਂ ਦੇ ਅਹੁਦੇਦਾਰਾਂ/ਨੁਮਾਇੰਦਿਆਂ ਵੱਲੋਂ ਸੁਤੰਤਰਤਾ ਸੈਨਾਨੀਆਂ ਦੇ ਵਾਰਡਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਧਿਆਨ 'ਚ ਲਿਆਂਦੀਆਂ ਗਈਆਂ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਸੁਖਪਾਲ ਸਿੰਘ ਨੇ ਕਿਹਾ ਕਿ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੇ ਮਸਲੇ ਦਫ਼ਤਰਾਂ 'ਚ ਪਹਿਲ ਦੇ ਆਧਾਰ 'ਤੇ ਨਿਬੇੜੇ ਜਾਣ ਤੇ ਉਨ੍ਹਾਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇ। ਇਸ ਮੌਕੇ ਆਜ਼ਾਦੀ ਘੁਲਾਟੀਆਂ ਨਾਲ ਸਬੰਧਤ ਵੱਖ ਵੱਖ ਜਥੇਬੰਦੀਆਂ ਦੇ ਅਹੁਦੇਦਾਰ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

### ਹੈਰੋਇਨ ਸਮੇਤ ਦੋ ਕਾਬੂ

**ਦੋਦਾ (ਵਕੀਲ ਬਰਾੜ)**-ਥਾਣਾ ਕੋਟਭਾਈ ਦੀ ਪੁਲਸ ਵੱਲੋਂ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕਸਦਿਆਂ ਦੋ ਵਿਅਕਤੀਆਂ ਨੂੰ 5.50 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਨ ਦਾ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕੋਟਭਾਈ ਦੇ ਐਸ.ਐਚ.ਓ. ਰਮਨ ਕੁਮਾਰ ਕੰਬੋਜ ਨੇ ਦੱਸਿਆ ਕਿ ਜਦ ਏ.ਐਸ.ਆਈ. ਗੁਰਮੀਤ ਸਿੰਘ ਚੌਕੀ ਇੰਚਾਰਜ ਦੋਦਾ ਸਮੇਤ ਪੁਲਸ ਪਾਰਟੀ ਗਸ਼ਤ 'ਤੇ ਸਨ ਤਾਂ ਉਨ੍ਹਾਂ ਚੰਦਭਾਨ ਡਰੇਨ ਨੇੜੇ ਦੋ ਨੌਜਵਾਨਾਂ ਨੂੰ ਇੱਕ ਜਗ੍ਹਾ 'ਤੇ ਬੈਠੇ ਛੋਟੇ ਕੰਪਿਊਟਰ ਕੰਡੇ 'ਤੇ ਕੁਝ ਤੋਲਦੇ ਵੇਖਿਆ ਗਿਆ ਤਾਂ ਉਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਸ਼ੱਕੀ ਹਾਲਤ 'ਚ ਫੜੇ ਗਏ ਨੌਜਵਾਨਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਤੋਂ 5.5 ਗ੍ਰਾਮ ਚਿੱਟੇ ਰੰਗ ਦਾ ਪਾਊਡਰ ਬਰਾਮਦ ਹੋਇਆ। ਪੁਲਸ ਵੱਲੋਂ ਫੜੇ ਗਏ ਦੋਹਾਂ ਮੁਲਜ਼ਮਾਂ ਦੀ ਪਛਾਣ ਜਗਨਾਮ ਸਿੰਘ ਉਰਫ ਜਾਨੀ ਵਾਸੀ ਦੋਦਾ ਤੇ ਗੁਰਦੀਪ ਸਿੰਘ ਉਫ ਨਿੱਕਾ ਵਾਸੀ ਕਾਉਣੀ ਵਜੋਂ ਹੋਈ ਹੈ, ਜਿਨ੍ਹਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਹਰਪ੍ਰੀਤ ਸਿੰਘ ਨੇ ਇੰਟਰ 'ਵਰਸਿਟੀ ਐਥਲੈਟਿਕਸ ਚੈਂਪੀਅਨਸ਼ਿਪ 'ਚ ਜਿੱਤੇ ਦੋ ਤਮਗੇ

**ਮੋਗਾ (ਅਮਰਜੀਤ ਬੱਬਰੀ)**

■ ਦਫ਼ਤਰ ਬੁਲਾ ਕੇ ਡੀ ਸੀ ਨੇ ਕੀਤਾ ਸਨਮਾਨਤ



ਘੱਲ ਕਲਾਂ ਦੇ 25 ਸਾਲਾ ਹਰਪ੍ਰੀਤ ਸਿੰਘ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਐਥਲੈਟਿਕਸ ਚੈਂਪੀਅਨਸ਼ਿਪ 16 ਟਾਪ ਰਨਰਾਂ ਦੇ ਖੇਡ ਮੁਕਾਬਲਿਆਂ ਵਿੱਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਕੇ ਦੋ ਤਮਗੇ ਬਰੌਨਜ਼ ਤੇ ਸਿਲਵਰ ਜਿੱਤਣ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਹ ਖੇਡ ਮੁਕਾਬਲੇ 13 ਤੋਂ 16 ਮਾਰਚ 2023 ਤੱਕ ਚੈਨਈ ਵਿਖੇ ਚੱਲੇ ਸਨ। 400 ਮੀਟਰ ਮੈਕਸ ਰਿਲੇਅ ਵਿੱਚੋਂ ਬਰੌਨਜ਼ ਤਮਗਾ ਤੇ 400 ਮੀਟਰ ਰਿਲੇਅ ਵਿੱਚੋਂ ਸਿਲਵਰ ਤਮਗਾ ਪ੍ਰਾਪਤ ਕਰਨ ਵਾਲੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਦਾ ਦਿਲ ਤੋਂ ਧੰਨਵਾਦੀ ਹੈ ਕਿ ਉਨ੍ਹਾਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਉਨ੍ਹਾਂ ਦਾ ਉਤਸ਼ਾਹ ਵੀ ਵਧਾਇਆ ਤੇ ਉਸ ਦੀ ਵਿੱਤੀ ਮਦਦ ਵੀ ਕੀਤੀ। ਉਸ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਲਈ ਚੇਨਈ ਵਿਖੇ ਉਸ ਦੇ ਰਹਿਣ ਸਹਿਣ, ਖਾਣ ਪੀਣ ਤੇ ਟਿਕਟ ਦਾ ਸਾਰਾ ਖਰਚਾ ਡਿਪਟੀ ਕਮਿਸ਼ਨਰ ਵੱਲੋਂ ਦਿੱਤਾ ਗਿਆ।

ਉਸ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਜੀ ਦੇ ਇਸ ਤਰ੍ਹਾਂ ਦੇ ਸਹਿਯੋਗ ਤੇ ਥਾਪੜੇ ਦਾ ਉਹ ਹਮੇਸ਼ਾ ਰਿਣੀ ਰਹੇਗਾ। ਉਸ ਨੇ ਕਿਹਾ ਕਿ ਉਸ ਨੂੰ ਬਹੁਤ ਖੁਸ਼ੀ ਹੈ ਕਿ ਡਿਪਟੀ ਕਮਿਸ਼ਨਰ ਜੀ ਨੇ ਉਸ ਨੂੰ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਅੱਗੇ ਤੋਂ ਵੀ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ।

ਡਿਪਟੀ ਕਮਿਸ਼ਨਰ ਨੇ ਹਰਪ੍ਰੀਤ ਸਿੰਘ ਨੂੰ ਆਪਣੇ ਦਫ਼ਤਰ ਬੁਲਾ ਕੇ ਸਨਮਾਨਤ ਕੀਤਾ ਤੇ ਦੱਸਿਆ ਕਿ ਕਾਮਯਾਬ ਇਨਸਾਨ ਨਾਲ ਤਾਂ ਹਰ ਕੋਈ ਖੜ ਜਾਂਦਾ, ਪ੍ਰੰਤੂ ਕਿਸੇ ਖੇਤਰ ਵਿੱਚ ਕਾਮਯਾਬ ਹੋਣ ਲਈ ਯਤਨ ਕਰ ਰਹੇ ਇਨਸਾਨ ਨਾਲ ਖੜਨਾ ਹੀ ਸੱਚੀ ਇਨਸਾਨੀਅਤ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਆਪਣੇ ਖੇਤਰ ਵਿੱਚ ਕਾਮਯਾਬ ਹੋਣ ਲਈ ਸਿਰਤੋੜ ਯਤਨ ਕਰ ਰਿਹਾ ਹੈ, ਜ਼ਿਲ੍ਹਾ ਪ੍ਰਸ਼ਾਸਨ ਤੇ ਉਨ੍ਹਾਂ ਵੱਲੋਂ ਨਿੱਜੀ ਤੌਰ 'ਤੇ ਵੀ ਉਸ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾਵੇਗੀ ਤਾਂ ਕਿ ਉਹ ਖੇਡਾਂ ਦੇ ਖੇਤਰ ਵਿੱਚ ਆਪਣੇ ਮਾਤਾ ਪਿਤਾ, ਜ਼ਿਲ੍ਹੇ ਤੇ ਪੰਜਾਬ ਦਾ ਨਾਮ ਰੌਸ਼ਨ ਕਰ ਸਕੇ।

# ਨਰਸਿੰਗ ਸਕੂਲਾਂ ਤੇ ਕਾਲਜਾਂ ਦੇ ਪ੍ਰਿੰਸੀਪਲਾਂ ਦੀ ਇਕ ਰੋਜ਼ਾ ਲਾਜ਼ਮੀ ਵਰਕਸ਼ਾਪ

**ਕੋਟਕਪੂਰਾ (ਸ਼ਾਮ ਲਾਲ ਚਾਵਲਾ)**



ਪੰਜਾਬ ਸਰਕਾਰ ਦੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੀ ਅਗਵਾਈ ਹੇਠ ਪੀ.ਐੱਨ.ਆਰ.ਸੀ., ਪੰਜਾਬ ਦੇ ਨਰਸਿੰਗ ਸਕੂਲਾਂ ਤੇ ਕਾਲਜਾਂ ਦੇ ਪ੍ਰਿੰਸੀਪਲਾਂ ਲਈ ਪਿਛਲੇ ਦਿਨੀਂ ਮਿਉਂਸਪਲ ਭਵਨ ਸੈਕਟਰ 35, ਚੰਡੀਗੜ੍ਹ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਇੱਕ ਰੋਜ਼ਾ ਲਾਜ਼ਮੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ 'ਚ ਨਰਸਿੰਗ ਸਕੂਲਾਂ ਤੇ ਕਾਲਜਾਂ ਦੇ ਸੰਸਥਾਗਤ ਮੁਖੀਆਂ ਨੇ ਹਿੱਸਾ ਲਿਆ। ਇਹ ਸਿੱਖਿਆ ਪ੍ਰਣਾਲੀ 'ਚ ਸੁਧਾਰ ਕਰਨ ਤੇ ਪ੍ਰਿੰਸੀਪਲਾਂ ਦੇ ਪ੍ਰਬੰਧਕੀ ਹੁਨਰ ਨੂੰ ਵਧਾਉਣ ਦੇ ਵਿਸ਼ੇ 'ਤੇ ਸੀ।

ਪੰਜਾਬ ਦੇ ਨਰਸਿੰਗ ਸਕੂਲਾਂ ਤੇ ਕਾਲਜਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ, ਸਕੱਤਰ ਤੇ ਮੈਂਬਰਾਂ ਦੀ ਸ਼ਮੂਲੀਅਤ ਰਹੀ। ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਦੇ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਵਰਕਸ਼ਾਪ ਦਾ ਉਦਘਾਟਨ ਕੀਤਾ। ਅਸਿਸਟੈਂਟ ਚੀਫ ਸੈਕਟਰੀ ਅਨੁਰਾਗ ਅਗਰਵਾਲ, ਡਾ. ਟੀ ਦਿਲੀਪ ਕੁਮਾਰ ਪ੍ਰਧਾਨ ਇੰਡੀਅਨ ਨਰਸਿੰਗ ਕੌਂਸਲ, ਡਾ: ਸਰਵਜੀਤ ਕੌਰ (ਸਕੱਤਰ) ਤੇ ਸ਼੍ਰੀਮਤੀ ਭਾਰਤੀ (ਸੰਯੁਕਤ ਸਕੱਤਰ) ਸ਼ਾਮਲ ਹੋਏ। ਪੰਜਾਬ ਨਰਸਿੰਗ ਟ੍ਰੇਨਿੰਗ ਇੰਸਟੀਚਿਊਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਤੇ ਬਾਬਾ ਫਰੀਦ ਕਾਲਜ ਆਫ ਨਰਸਿੰਗ ਕੋਟਕਪੂਰਾ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਜੀਤ ਸਿੰਘ ਢਿੱਲੋਂ ਨੇ ਉਕਤ ਵਰਕਸ਼ਾਪ ਕਰਨ ਲਈ ਰਜਿਸਟਰਾਰ ਡਾ. ਪੁਨੀਤ ਗਿਰਧਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਿਛਲੇ 25 ਸਾਲਾਂ 'ਚ ਇਹ ਪਹਿਲੀ ਵਰਕਸ਼ਾਪ ਹੈ। ਉਨ੍ਹਾਂ ਕਿਹਾ ਕਿ ਐਡਮਿਨਸਟ੍ਰੇਟਿਵ ਸਕਿਲਜ ਐਂਡ ਲੇਟੈਸਟ ਟਰੈਂਡਜ਼ ਇੰਨ ਨਰਸਿੰਗ ਐਜੂਕੇਸ਼ਨ ਦੇ ਵਿਸ਼ੇ 'ਤੇ ਵਿਚਾਰ ਚਰਚਾ ਬਹੁਤ ਜ਼ਰੂਰੀ ਸੀ। ਇਸ ਵਿਸ਼ੇ 'ਤੇ ਵਿਚਾਰ ਚਰਚਾ ਨਾਲ ਬਹੁਤ ਕੁਝ ਚੰਗਾ ਨਿਕਲ ਕੇ ਸਾਹਮਣੇ ਆਇਆ ਹੈ, ਜੋ ਕਿ ਨਰਸਿੰਗ ਕਿੱਤੇ ਨੂੰ ਮਾਨਵਤਾ ਦੀ ਸੇਵਾ ਦੇ ਪੱਖੋਂ ਬੁਲੰਦੀਆਂ 'ਤੇ ਲੈ ਜਾਵੇਗਾ, ਇਹ ਹੀ ਇਸ ਵਰਕਸ਼ਾਪ ਦੀ ਸਫਲਤਾ ਹੈ। ਇਸ ਮੌਕੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਵਿਦੇਸ਼ਾਂ ਵਿੱਚੋਂ ਨਰਸਿੰਗ ਕਿੱਤੇ ਵਿੱਚ ਬੱਚਿਆਂ ਦਾ ਰੁਝਾਨ ਬਣਾਉਣ ਦੇ ਉਪਰਾਲੇ ਕਰਨ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜ਼ਰੂਰਤਮੰਦਾਂ ਲਈ ਆਏ ਪੈਨਸ਼ਨ ਦੇ ਚੈੱਕ ਲਾਭਪਾਤਰੀਆਂ ਨੂੰ ਸੌਂਪੇ ਗਏ। ਜ਼ਿਕਰਯੋਗ ਹੈ ਕਿ ਡਾਕਟਰ ਐਸ ਪੀ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਇਸ ਸੰਸਥਾ ਰਾਹੀਂ ਹਜ਼ਾਰਾਂ ਲੋਕਾਂ ਨੂੰ ਦਵਾਈਆਂ, ਰਾਸ਼ਨ ਤੇ ਹੋਰ ਵੱਖ- ਵੱਖ ਸਮਿਆਂ 'ਤੇ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹਰਜਿੰਦਰ ਸਿੰਘ ਕਤਨਾ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਇਸ ਥਾਂ 'ਤੇ ਫਿਜ਼ਿਓਥਰੈਪੀ ਸੈਂਟਰ ਤੇ ਦੰਦਾਂ ਦਾ ਹਸਪਤਾਲ ਬਣਾਉਣ ਦੀ ਯੋਜਨਾ ਹੈ। ਬਲਾਕ ਪ੍ਰਧਾਨ ਜਗਦੀਸ਼ ਥਿੰਦ ਨੇ ਦੱਸਿਆ ਕਿ ਇਸ ਸਰਕਾਰੀ ਸਕੂਲਾਂ, ਬੱਸ ਅੱਡਿਆਂ ਤੇ ਹੋਰ ਜਨਤਕ ਥਾਵਾਂ 'ਤੇ ਜਿੱਥੇ ਪੀਣ ਵਾਲਾ ਪਾਣੀ ਠੀਕ ਨਹੀਂ ਹੈ, ਉਥੇ ਆਰ ਓ ਸਿਸਟਮ ਲਗਾਏ ਜਾ ਰਹੇ ਹਨ। ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਅਮਰਜੀਤ ਕੌਰ ਅਨੁਸਾਰ ਕਰੋਨਾ ਕਾਲ ਤਾਂ ਆਮ ਲੋਕਾਂ, ਸਿਵਲ ਤੇ ਪੁਲਸ ਪ੍ਰਸ਼ਾਸਨ ਲਈ ਪੀ ਪੀ ਈ ਕਿੱਟਾਂ, ਦਵਾਈਆਂ ਦਾ ਪ੍ਰਬੰਧ ਕਰਨ ਦੇ ਨਾਲ ਆਕਸੀਜਨ ਹੁਣ ਪਲਾਂਟ ਲਗਾ ਕੇ ਵੀ ਆਮ ਜਨਤਾ ਲਈ ਦਿੱਤੇ ਗਏ ਹਨ। ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਬਹੁਤ ਹੀ ਸਸਤੇ ਰੇਟਾਂ ਤੇ ਵਧੀਆ ਨਵੀਂ ਤਕਨੀਕ ਨਾਲ ਕੀਤੇ ਜਾਂਦੇ ਮੈਡੀਕਲ ਟੈਸਟਾਂ ਦਾ ਆਮ ਲੋਕ ਲਾਭ ਉਠਾਉਣ। ਇਸ ਮੌਕੇ ਸਚਿਨ ਆਵਲਾ, ਬਲਦੇਵ ਰਾਜ ਸਿੰਘ ਥਿੰਦ, ਹਰਪ੍ਰੀਤ ਸਿੰਘ ਸੋਢੀ, ਹਰਜਿੰਦਰ ਹਾਂਡਾ, ਵਿਜੇ ਥਿੰਦ ਤੋਂ ਇਲਾਵਾ ਹੋਰ ਵੀ ਅਹੁਦੇਦਾਰ ਮੌਜੂਦ ਸਨ।

# ਸ੍ਰੀਰਾਮ ਕਾਲਜ ਡੱਲਾ ਵਿਖੇ ਵਿਦਾਇਗੀ ਪਾਰਟੀ




**ਜਗਰਾਓਂ (ਨਛੱਤਰ ਸੰਧੂ)**-ਬੀਤੇ ਦਿਨੀਂ ਸ੍ਰੀਰਾਮ ਕਾਲਜ ਡੱਲ੍ਹਾ ਵਿਖੇ ਕਾਲਜ ਦੇ ਪ੍ਰਿੰਸੀ: ਪ੍ਰੋ: ਸਤਵਿੰਦਰ ਕੌਰ ਦੀ ਰਹਿਨੁਮਾਈ ਹੇਠ ਵੱਖ ਵੱਖ ਸੀਨੀਅਰ ਕਲਾਸਾਂ ਜਿਵੇਂ ਐਮ ਏ, ਪੀ ਜੀ, ਡੀ ਸੀ ਏ, ਬੀ ਏ, ਬੀ ਕਾਮ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ, ਜਿਸ ਵਿੱਚ ਜੂਨੀਅਰ ਵਿਦਿਆਰਥੀਆਂ ਵੱਲੋਂ ਚਾਹ ਤੇ ਖਾਣੇ ਦੇ ਪ੍ਰਬੰਧ ਦੇ ਨਾਲ-ਨਾਲ ਰੰਗਾਰੰਗ ਪ੍ਰੋਗਰਾਮ ਵੀ ਕੀਤਾ ਗਿਆ। ਸਭ ਤੋਂ ਪਹਿਲਾਂ ਜੂਨੀਅਰ ਕਲਾਸਾਂ ਵੱਲੋਂ ਹਾਲ ਦੇ ਦਰਵਾਜ਼ੇ ਵਿੱਚ ਸੀਨੀਅਰ ਕਲਾਸਾਂ ਦਾ ਵੀ ਸਵਾਗਤ ਕੀਤਾ। ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਮੈਡਮ ਦੀ ਇਜਾਜ਼ਤ ਲੈਂਦਿਆਂ ਸ਼ਬਦ ਗਾਇਨ ਨਾਲ ਰੰਗਾਰੰਗ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਬੀ ਕਾਮ ਭਾਗ ਪਹਿਲਾ ਦੀ ਵਿਦਿਆਰਥਣ ਰਮਨਦੀਪ ਕੌਰ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਅਮਨਪ੍ਰੀਤ ਕੌਰ ਨੇ ਆਪਣੀ ਸਪੀਚ ਦੁਆਰਾ ਸੀਨੀਅਰ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ। ਪ੍ਰੋਗਰਾਮ ਦੌਰਾਨ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਕੀਤੀਆਂ ਗਈਆਂ। ਜੂਨੀਅਰ ਵਿਦਿਆਰਥੀਆਂ ਵੱਲੋਂ ਸੀਨੀਅਰ ਵਿਦਿਆਰਥੀਆਂ 'ਤੇ ਖੂਬਸੂਰਤ ਕੁਮੈਂਟ ਲਗਾ ਕੇ ਉਨ੍ਹਾਂ ਨੂੰ ਤੋਹਫੇ ਦਿੱਤੇ ਗਏ।

# ਖਤਰਨਾਕ ਹੋ ਸਕਦੈ ਜਿਗਰ ਨਾਲ ਜੁੜੀਆਂ ਬਿਮਾਰੀਆਂ ਨੂੰ ਨਜ਼ਰਅੰਦਾਜ਼ ਕਰਨਾ : ਡਾ. ਜਤਿੰਦਰ ਪਾਲ ਸਿੰਘ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਡਾ. ਰੰਜੂ ਸਿੰਗਲਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀ.ਐਚ.ਸੀ ਚੱਕ ਸ਼ੇਰੇ ਵਾਲਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਪਾਲ ਸਿੰਘ ਦੀ ਯੋਗ ਅਗਵਾਈ ਹੇਠ ਸੀ.ਐਚ.ਸੀ ਅਤੇ ਹੋਰ ਸਿਹਤ ਕੇਂਦਰਾਂ ਤੇ ਵਿਸ਼ਵ ਜਿਗਰ ਦਿਵਸ ਦੇ ਮੌਕੇ ਜਾਗਰੂਕਤਾ ਕੈਂਪ ਲਗਾਏ ਗਏ। ਡਾ. ਜਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਇਕ ਰਿਪੋਰਟ ਅਨੁਸਾਰ ਜਿਗਰ ਨਾਲ ਸੰਬੰਧਤ ਬਿਮਾਰੀਆਂ ਕਾਰਨ ਦੁਨੀਆ ਭਰ ਵਿੱਚ ਲਗਭਗ 20 ਲੱਖ ਲੋਕ ਆਪਣੀ ਜਾਨ ਗੁਆ ਦਿੰਦੇ ਹਨ। ਇਨ੍ਹਾਂ ਵਿਚੋਂ ਲਗਭਗ 18.3 ਪ੍ਰਤੀਸ਼ਤ ਕੇਸ ਸਿਰਫ ਭਾਰਤ ਵਿੱਚ ਹਨ। ਮਾੜੀ ਜੀਵਨ ਸ਼ੈਲੀ ਅਤੇ ਸ਼ਰਾਬ ਦਾ ਜ਼ਿਆਦਾ ਸੇਵਨ ਇਸ ਖਤਰੇ ਨੂੰ ਹੋਰ ਵੀ ਵਧਾ ਰਿਹਾ ਹੈ। ਜਿਗਰ ਸਾਡੇ ਖੂਨ ਵਿੱਚ ਪੈਦਾ ਹੋਣ ਵਾਲੇ ਜ਼ਹਿਰੀਲੇ ਪਦਾਰਥਾਂ ਅਤੇ ਹੋਰ ਫਾਲਤੂ ਉਤਪਾਦਾਂ ਨੂੰ ਫਿਲਟਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਚਰਬੀ ਨੂੰ ਹਜ਼ਮ ਕਰਨ ਵਿੱਚ ਮਦਦ ਕਰਨ ਲਈ ਬਾਇਲ ਬਣਾਉਂਦਾ ਹੈ ਅਤੇ ਊਰਜਾ ਪ੍ਰਦਾਨ ਕਰਨ ਲਈ ਗਲੂਕੋਜ਼ ਨੂੰ ਸਟੋਰ ਕਰਦਾ ਹੈ।

ਉਨ੍ਹਾਂ ਦੱਸਿਆ ਕਿ ਬਹੁਤ ਜ਼ਿਆਦਾ ਥਕਾਵਟ, ਉਲਟੀਆਂ, ਭੁੱਖ ਦੀ ਕਮੀ, ਖਾਰਸ਼ ਵਾਲੀ ਚਮੜੀ, ਪੇਟ ਦੇ ਹੇਠਲੇ ਹਿੱਸੇ ਵਿੱਚ ਦਰਦ ਅਤੇ ਸੋਜ, ਪਿਸ਼ਾਬ ਦੇ ਰੰਗ ਵਿੱਚ ਤਬਦੀਲੀ ਆਦਿ ਜਿਗਰ ਦੀ ਬਿਮਾਰੀਆਂ ਦੇ ਸ਼ੁਰੂਆਤੀ ਲੱਛਣ ਹਨ। ਸਿਹਤਮੰਦ ਭੋਜਨ ਖਾਣ, ਸ਼ਰਾਬ ਪੀਣ ਤੋਂ ਪਰਹੇਜ਼ ਕਰਨ ਅਤੇ ਹੈਪੇਟਾਈਟਸ ਦੇ ਵਿਰੁੱਧ ਨਿਯਮਿਤ ਟੀਕਾਕਰਨ ਕਰਵਾ ਕੇ ਜਿਗਰ ਦੀ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਮੁੱਖ ਮੰਤਰੀ ਪੰਜਾਬ ਹੈਪੇਟਾਈਟਸ-ਸੀ ਰਲੀਫ ਫੰਡ ਯੋਜਨਾ ਰਾਹੀਂ ਹਰੇਕ ਜ਼ਿਲ੍ਹਾ ਹਸਪਤਾਲਾਂ ਵਿਖੇ ਇਸ ਬਿਮਾਰੀ ਦੀ ਜਾਂਚ ਅਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਤੇ ਐਸ.ਆਈ ਪਰਮਜੀਤ ਸਿੰਘ, ਫਾਰਮੇਸੀ ਅਫਸਰ ਅਮਰਜੀਤ ਸਿੰਘ, ਮ.ਪ.ਹ.ਵ (ਮੇਲ) ਮਨਜੀਤ ਸਿੰਘ, (ਫੀਮੇਲ) ਅਮਨਦੀਪ ਕੌਰ, ਸੀ.ਐਚ.ਓ ਹਰਵਿੰਦਰ ਕੌਰ, ਆਸ਼ਾ ਵਰਕਰ ਤੇ ਪਿੰਡ ਵਾਸੀ ਮੌਜੂਦ ਸਨ

# ਡੀ ਏ ਵੀ ਸਕੂਲ ਵਿਖੇ ਮਹਾਤਮਾ ਹੰਸ ਰਾਜ ਦਾ ਜਨਮ ਦਿਹਾੜਾ ਮਨਾਇਆ

**ਮਲੋਟ (ਗੁਰਮੀਤ ਸਿੰਘ ਮੱਕੜ)**




ਸਥਾਨਕ ਡੀ.ਏ.ਵੀ. ਪਬਲਿਕ ਸਕੂਲ ਵਿੱਚ ਡੀ.ਏ.ਵੀ. ਦੇ ਸੰਸਥਾਪਕ ਮਹਾਤਮਾ ਹੰਸ ਰਾਜ ਜੀ ਦਾ ਜਨਮ ਦਿਹਾੜਾ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਧਰਮਾਚਾਰੀਆ ਰਾਮ ਚੰਦਰ ਸ਼ਾਸਤਰੀ ਦੀ ਅਗਵਾਈ ਵਿੱਚ ਹਵਨ ਯੱਗ ਕੀਤਾ ਗਿਆ। ਇਸ ਤੋਂ ਬਾਅਦ ਸਕੂਲ ਦੀਆਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਵੱਲੋਂ ਭਜਨ ਗਾਏ ਗਏ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ, ਬਿਲਡਿੰਗ ਠੇਕੇਦਾਰ ਗੁਰਮੀਤ ਸਿੰਘ ਤੇ ਅਧਿਆਪਕਾਂ ਨੇ ਬੂਟੇ ਲਗਾਏ। ਇਸ ਉਪਰੰਤ ਵਿਦਿਆਰਥੀਆਂ ਦੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਸਕੂਲ ਦੀ ਪ੍ਰਿੰਸੀਪਲ ਬਠਲਾ ਨੇ ਕਿਹਾ ਕਿ ਮਹਾਤਮਾ ਹੰਸ ਰਾਜ ਜੀ ਅਣਵੰਡੇ ਭਾਰਤ ਦੇ ਪੰਜਾਬ ਦੇ ਆਰਿਆ ਸਮਾਜ ਦੇ ਉੱਘੇ ਆਗੂ ਤੇ ਸਿੱਖਿਆ ਸ਼ਾਸਤਰੀ ਸਨ, ਜਿਨ੍ਹਾਂ ਨੇ ਬਿਨਾਂ ਤਨਖਾਹ ਲਏ ਆਪਣਾ ਸਾਰਾ ਜੀਵਨ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਮਰਪਿਤ ਕਰ ਦਿੱਤਾ ਅਤੇ ਜੋ ਬੂਟਾ ਉਨ੍ਹਾਂ ਨੇ ਕਈ ਸਾਲ ਪਹਿਲਾਂ ਸਿੱਖਿਆ ਲਈ ਡੀ.ਏ.ਵੀ. ਸੰਸਥਾ ਦੇ ਰੂਪ ਵਿੱਚ ਲਗਾਇਆ ਸੀ, ਅੱਜ ਉਹ ਇੱਕ ਵਿਸ਼ਾਲ ਬੋਹੜ ਦੇ ਰੁੱਖ ਦੇ ਰੂਪ ਵਿਚ ਦੇਸ਼-ਵਿਦੇਸ਼ ਦੇ ਵਿਦਿਆਰਥੀਆਂ ਨੂੰ ਗਿਆਨ ਦੀ ਰੌਸ਼ਨੀ ਨਾਲ ਰੌਸ਼ਨ ਕਰ ਰਿਹਾ ਹੈ।ਇਹ ਸਕੂਲ ਦੇ ਚੇਅਰਮੈਨ ਸ਼੍ਰੀ ਰਵੀ ਛਾਬੜਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਮਹਾਤਮਾ ਹੰਸ ਰਾਜ ਜੀ ਨੇ ਆਪਣਾ ਸਮੁੱਚਾ ਜੀਵਨ ਸਮਾਜ ਸੁਧਾਰ ਤੇ ਵਿੱਦਿਅਕ ਤਰੱਕੀ ਲਈ ਸਮਰਪਿਤ ਕਰ ਦਿੱਤਾ, ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਵੱਲੋਂ ਸਥਾਪਤ ਸੰਸਥਾ ਨੂੰ ਅੱਗੇ ਤੋਰਦੇ ਰਹੀਏ ਤਾਂ ਜੋ ਸਿੱਖਿਆ ਦਾ ਪ੍ਰਚਾਰ ਤੇ ਪ੍ਰਸਾਰ ਨਿਰੰਤਰ ਹੁੰਦਾ ਰਹੇ। ਇਸ ਮੌਕੇ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ। ਵਿਦਿਆਰਥੀ ਸਮਾਜ ਨੂੰ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮਹਾਤਮਾ ਜੀ ਦੇ ਜਨਮ ਦਿਹਾੜੇ ਨੂੰ ਮਨਾਉਣਾ ਤਾਂ ਹੀ ਸਾਰਥਕ ਹੋਵੇਗਾ, ਜਦੋਂ ਅਸੀਂ ਉਨ੍ਹਾਂ ਦੇ ਕਾਰਜਾਂ ਨੂੰ ਜਨ-ਜਨ ਤੱਕ ਲੈ ਕੇ ਜਾਵਾਂਗੇ ਤੇ ਸਮਾਜ ਸੇਵਾ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾ ਕੇ ਪੀੜਤਾਂ ਤੇ ਬੇਸਹਾਰਾ ਲੋਕਾਂ ਦੀ ਸੇਵਾ ਕਰਾਂਗੇ। ਇਸ ਮੌਕੇ

# ਲੋਕਾਂ ਨੂੰ ਜਲਦੀ ਤੇ ਸਸਤਾ ਨਿਆਂ ਦੇਣ ਲਈ ਤਤਪਰ ਹੈ ਕਾਨੂੰਨੀ ਸੇਵਾਵਾਂ ਅਥਾਰਟੀ : ਸ਼ਿਲਪਾ

**ਭੀਖੀ (ਧਰਮਵੀਰ ਸ਼ਰਮਾ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਾਨਸਾ ਵੱਲੋਂ ਸਥਾਨਕ ਸਤੀ ਮਾਤਾ ਮੰਦਰ ਵਿਖੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਪਹੁੰਚੇ ਸੀ ਜੇ ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਾਨਸਾ ਮੈਡਮ ਸ਼ਿਲਪਾ ਵੱਲੋਂ ਇਕੱਤਰ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤੇ ਜੋ ਲੋਕ ਇਹ ਕਾਨੂੰਨੀ ਸੇਵਾਵਾਂ ਲੈਣ ਦੇ ਹੱਕਦਾਰ ਹਨ, ਉਨ੍ਹਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਵੱਖ-ਵੱਖ ਕਾਨੂੰਨੀ ਸੇਵਾਵਾਂ ਬਾਰੇ ਸੀਜੇਐੱਮ ਮੈਡਮ ਸ਼ਿਲਪਾ ਨੇ ਕਿਹਾ ਕਿ ਬਿਨਾਂ ਕੋਈ ਪੈਸਾ ਖਰਚ ਕੀਤਿਆਂ ਇਨ੍ਹਾਂ ਮੁਫ਼ਤ ਸੇਵਾਵਾਂ ਦਾ ਲਾਭ ਲਿਆ ਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਇਸ ਸਕੀਮ ਦੇ ਨਾਲ ਗਰੀਬ ਤੇ ਪਿੱਛੜੇ ਸਮਾਜ ਦੇ ਲੋਕ ਜੋ ਆਪਣੇ ਪ੍ਰਾਈਵੇਟ ਵਕੀਲ ਮੁਕੱਰਰ ਨਹੀਂ ਕਰ ਸਕਦੇ। ਉਨ੍ਹਾਂ ਲੋਕਾਂ ਨੂੰ ਜ਼ਿਆਦਾ ਫਾਇਦਾ ਹੋਵੇਗਾ ਤੇ ਇਸ ਨਾਲ ਲੋਕਾਂ ਨੂੰ ਆਪਣੇ ਕੇਸਾਂ ਦਾ ਨਿਪਟਾਰਾ ਕਰਵਾਉਣ ਵਿੱਚ ਸਹਾਇਤਾ ਮਿਲੇਗੀ ਅਤੇ ਲੋਕਾਂ ਦਾ ਕਾਨੂੰਨੀ ਸੇਵਾਵਾਂ ਅਥਾਰਟੀ ਵਿੱਚ ਵਿਸ਼ਵਾਸ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਮਕਸਦ ਆਮ ਲੋਕਾਂ ਨੂੰ ਜਲਦੀ ਤੇ ਸਸਤਾ ਨਿਆਂ ਦਿਵਾਉਣ ਸਬੰਧੀ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹਰ ਪਿੰਡ ਤੱਕ ਪਹੁੰਚ ਕਰਕੇ ਮੁਫ਼ਤ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਤਾਂ ਕਿ ਕੋਈ ਵੀ ਵਿਅਕਤੀ ਨਿਆਂ ਜਾਂ ਇਸ ਮਹਿਕਮੇ ਦੁਆਰਾ ਦਿੱਤੀਆਂ ਜਾਂਦੀਆਂ ਵੱਖ ਵੱਖ ਸਕੀਮਾਂ ਤੋਂ ਵਾਂਝਾ ਨਾ ਰਹਿ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਸਤਾ ਤੇ ਛੇਤੀ ਨਿਆ ਮਿਲੇ, ਝਗੜਿਆਂ ਦਾ ਨਿਪਟਾਰਾ ਆਪਸੀ ਸਹਿਮਤੀ ਤੇ ਰਜ਼ਾਮੰਦੀ ਨਾਲ ਹੋਵੇ, ਲੋਕਾਂ ਦੇ ਮਨਾਂ ਵਿੱਚੋਂ ਦੁਸ਼ਮਣੀ ਨੂੰ ਜੜ੍ਹੋਂ ਖਤਮ ਕੀਤਾ ਜਾਵੇ। ਇਨ੍ਹਾਂ ਸਾਰੇ ਉਦੇਸ਼ਾ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਹਮੇਸ਼ਾ ਹੀ ਲੋਕਾਂ ਦੇ ਫਾਇਦੇ ਲਈ ਤਤਪਰ ਰਹੀ ਹੈ। ਉਨ੍ਹਾਂ ਲੋਕਾਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਕਿ ਉਹ ਆਪਣੇ ਕੇਸ ਕੌਮੀ ਲੋਕ ਅਦਾਲਤ ਵਿੱਚ ਲਗਾਉਣ, ਜਿਸ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਫਾਇਦਾ ਹੋ ਸਕੇ। ਇਸ ਮੌਕੇ ਮੱਖਣ ਹਾਜੀ ਸਾਬਕਾ ਕੌਂਸਲਰ, ਅਜੈ ਗਿਸ਼ੀ, ਦਰਸ਼ਨ ਸਿੰਘ, ਭਗਵੰਤ ਸਿੰਘ, ਕੇਵਲ ਰਾਮ, ਜਗਤਾਰ ਸਿੰਘ, ਚਰਨਜੀਤ ਕੌਰ, ਦਰਸ਼ਨਾ ਦੇਵੀ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।



ਲੋਕਾਂ ਨੂੰ ਜਾਣਕਾਰੀ ਦਿੰਦੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਮੈਡਮ ਸ਼ਿਲਪਾ।

# ਐੱਸ ਐੱਮ ਓ ਡਾ. ਭਸੀਨ ਤੇ ਟੀਮ ਦਾ ਏ ਡੀ ਸੀ ਵੱਲੋਂ ਵਿਸ਼ੇਸ਼ ਸਨਮਾਨ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਹਾਰਟ ਅਟੈਕ ਦੇ ਸੀਰੀਅਸ 22 ਮਰੀਜ਼ਾਂ ਨੂੰ ਮੌਤ ਦੇ ਮੂੰਹ 'ਚੋਂ ਬਚਾਉਣ ਲਈ ਸਿਵਿਲ ਹਸਪਤਾਲ ਖੰਨਾ ਦੇ ਐੱਸ. ਐੱਮ. ਓ. ਡਾਕਟਰ ਮਨਿੰਦਰ ਸਿੰਘ ਭਸੀਨ ਨੂੰ ਏ. ਡੀ. ਸੀ ਅਮਰਜੀਤ ਸਿੰਘ ਬੈਂਸ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਬੁੱਧਵਾਰ ਸਿਵਿਲ ਹਸਪਤਾਲ ਖੰਨਾ ਵਿਖੇ ਆਪਣੇ ਵਿਸ਼ੇਸ਼ ਦੌਰੇ 'ਤੇ ਪਹੁੰਚੇ ਏ.ਡੀ.ਸੀ. ਸ੍ਰੀ ਬੈਂਸ ਨੇ ਜਿੱਥੇ ਐੱਸ. ਐੱਮ. ਓ. ਡਾਕਟਰ ਭਸੀਨ ਦੇ ਯੋਗਦਾਨ ਦੀ ਬਹੁਤ ਸ਼ਲਾਘਾ ਕੀਤੀ। ਇਸ ਮੌਕੇ ਸਿਵਿਲ ਹਸਪਤਾਲ ਦੇ ਐੱਸ ਐੱਮ ਓ. ਡਾਕਟਰ ਭਸੀਨ ਨੇ ਦੱਸਿਆ ਕਿ ਸਾਡੇ ਸਿਵਿਲ ਸਰਜਨ ਲੁਧਿਆਣਾ ਡਾਕਟਰ ਹਰਿੰਦਰ ਕੌਰ ਦੀ ਅਗਵਾਈ 'ਚ ਸਾਡੇ ਸਿਵਿਲ ਹਸਪਤਾਲ ਖੰਨਾ ਵਿੱਚ ਹਾਰਟ ਅਟੈਕ ਦੇ ਲਈ ਬਹੁਤ ਹੀ ਮਹਿੰਗਾ ਇੰਜੈਕਸ਼ਨ ਟੈਨੇਕਟੇਸ, ਜਿਸ ਦੀ ਕੀਮਤ ਪੰਜਾਹ ਹਜ਼ਾਰ ਰੁਪਏ ਹੈ, ਜੋ ਕਿ ਪੰਜਾਬ ਸਰਕਾਰ ਵੱਲੋਂ ਸਾਨੂੰ ਬਿਲਕੁੱਲ ਮੁਫਤ ਮਿਲਿਆ ਤੇ ਉਸ ਨਾਲ ਅਸੀਂ ਹਾਰਟ ਅਟੈਕ ਦੇ ਬਹੁਤ ਹੀ ਸੀਰੀਅਸ 22 ਕੇਸ, ਜੋ ਆਏ ਸਭ ਨੂੰ ਹੀ ਬਚਾ ਲਿਆ ਗਿਆ। ਇਹ ਸਾਡੇ ਹਸਪਤਾਲ ਦੀ ਬਹੁਤ ਵਧੀਆ ਕਾਰਗੁਜ਼ਾਰੀ ਹੈ, ਜਿਸ ਲਈ ਅੱਜ ਵਿਸ਼ੇਸ਼ ਤੌਰ 'ਤੇ ਮੈਨੂੰ ਤੇ ਸਾਡੇ ਸਾਰੇ ਸਟਾਫ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਉਨ੍ਹਾ ਦੱਸਿਆ ਕਿ ਇਹ ਟੀਕਾ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਵੱਲੋਂ ਉਪਲਬਧ ਕਰਵਾਇਆ ਗਿਆ। ਉਨ੍ਹਾ ਦੱਸਿਆ ਕਿ ਲੁਧਿਆਣਾ ਦੇ ਪ੍ਰੋਜੈਕਟ ਡਾਇਰੈਕਟਰ ਡਾਕਟਰ ਬਿਸਵ ਮੋਹਨ ਪ੍ਰਿੰਸੀਪਲ ਇੰਨਵੈਸਟੀਗੇਟਰ ਸਟੈਮੀ ਆਈ ਸੀ ਐੱਮ ਆਰ ਪ੍ਰੋਜੈਕਟ ਲੁਧਿਆਣਾ ਡੀ ਐੱਮ ਸੀ ਦੇ ਡਾਕਟਰ ਦੀ ਸਾਰੀ ਦੇਖ ਰੇਖ 'ਚ ਚੱਲ ਰਿਹਾ ਹੈ। ਉਨ੍ਹਾ ਦੇ ਨਾਲ ਉਨ੍ਹਾਂ ਦੇ ਪੂਰੇ ਡਾਕਟਰੀ ਸਟਾਫ, ਜਿਸ ਵਿੱਚ ਡਾ: ਮਨਿੰਦਰ ਸਿੰਘ ਭਸੀਨ ਐੱਸ.ਐੱਮ.ਓ, ਡਾ: ਹਰਬਿੰਦਰ ਸਿੰਘ, ਡਾ: ਸਾਇਨੀ ਅਗਰਵਾਲ, ਡਾ: ਗੁਰਵਿੰਦਰ ਕੱਕੜ, ਡਾ: ਆਕਾਸ਼ ਗੋਇਲ, ਡਾ. ਫਰੈਂਕੀ, ਡਾ: ਸੁਦੀਪ ਸਿੱਧੂ, ਡਾ. ਨਵਦੀਪ ਜੱਸਲ, ਡਾ: ਰਾਘਵ ਅਗਰਵਾਲ, ਨਰਸਿੰਗ ਸਟਾਫ ਕੁਲਵੀਰ ਕੌਰ, ਸਟਾਫ ਨਰਸ ਪ੍ਰਭਜੋਤ ਕੌਰ, ਅੰਮ੍ਰਿਤਪਾਲ ਕੌਰ, ਗੁਰਪ੍ਰੀਤ ਕੌਰ ਨੂੰ ਵੀ ਸਨਮਾਨਤ ਕੀਤਾ ਗਿਆ।

# ਮਾਰਕਫੈੱਡ ਦੇ ਡਾਇਰੈਕਟਰ ਤੇ ਜ਼ਿਲ੍ਹਾ ਮੈਨੇਜਰ ਵੱਲੋਂ ਕਣਕ ਦੀ ਖਰੀਦ ਤੇ ਲਿਫਟਿੰਗ ਦਾ ਜਾਇਜ਼ਾ

**ਮੱਖੂ (ਰਛਪਾਲ ਸਿੰਘ ਸੰਧੂ)**

ਕਣਕ ਦੇ ਸੀਜ਼ਨ ਦੇ ਸਬੰਧ ਵਿੱਚ ਮਾਰਕਫੈਡ ਦੇ ਡਾਇਰੈਕਟਰ ਰਣਜੀਤ ਸਿੰਘ ਖਿੰਡਾ ਤੇ ਜ਼ਿਲ੍ਹਾ ਮੈਨੇਜਰ ਕਮਲਦੀਪ ਸਿੰਘ ਵੱਲੋਂ ਦਾਣਾ ਮੰਡੀ ਦੇ ਦੌਰੇ ਦੌਰਾਨ ਆੜ੍ਹਤੀਆਂ ਨਾਲ ਗੱਲਬਾਤ ਕਰਦਿਆਂ ਕਣਕ ਦੀ ਖਰੀਦ ਤੇ ਲਿਫਟਿੰਗ ਦੇ ਪ੍ਰਬੰਧਾਂ ਜਾਇਜ਼ਾ ਲਿਆ ਗਿਆ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਸਰਪ੍ਰਸਤ ਮਹਿੰਦਰ ਸਿੰਘ ਸੰਘੇੜਾ, ਪ੍ਰਧਾਨ ਰਜੀਵ ਠੁਕਰਾਲ ਲੱਕੀ ਵੱਲੋਂ ਆੜ੍ਹਤੀਆਂ ਨੂੰ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਬਾਰੇ ਆ ਰਹੀ ਦਿੱਕਤ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਤੱਕ ਦਾਣਾ ਮੰਡੀ ਵਿੱਚੋਂ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਖਰੀਦੀਆਂ ਹੋਈਆਂ ਕਣਕ ਦੀਆਂ ਬੋਰੀਆਂ ਦੀ ਸਾਰੀਆਂ ਖਰੀਦ ਏਜੰਸੀਆਂ ਦੀ ਇਕ ਹੀ ਕਣਕ ਦੀ ਸਪੈਸ਼ਲ ਲੋਡ ਹੋਈ, ਜਿਸ ਕਾਰਨ ਦਾਣਾ ਮੰਡੀ ਵਿੱਚ ਕਣਕ ਦੀਆਂ ਬੋਰੀਆਂ ਦੇ ਵੱਡੇ-ਵੱਡੇ ਅੰਬਾਰ ਲੱਗੇ ਹੋਏ ਹਨ ਅਤੇ ਮੌਸਮ ਵਿਭਾਗ ਮੁਤਾਬਕ ਤਿੰਨ ਲਗਾਤਾਰ ਬਾਰਿਸ਼ ਦੇ ਆਸਾਰ ਦੱਸੇ ਜਾ ਰਹੇ ਹਨ। ਇਸ ਲਈ ਦਾਣਾ ਮੰਡੀ ਵਿੱਚ ਖਰੀਦੀ ਹੋਈ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਲਈ ਸਪੈਸ਼ਲ ਦੇ ਨਾਲ ਗੁਦਾਮਾਂ ਵਿਚ ਵੀ ਕਣਕ ਸਟੋਰ ਕਰਵਾਈ ਜਾਵੇ ਤਾਂ ਜੁ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਮਾਰਕਫੈਡ ਡਾਇਰੈਕਟ ਰਣਜੀਤ ਸਿੰਘ ਖਿੰਡਾ ਤੇ ਜ਼ਿਲ੍ਹਾ ਮੈਨੇਜਰ ਕਮਲਦੀਪ ਸਿੰਘ ਨੇ ਆੜ੍ਹਤੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਦੇ ਸਬੰਧ ਵਿੱਚ ਐਫ ਸੀ ਆਈ ਦੇ ਅਧਿਕਾਰੀਆਂ ਨਾਲ ਗੱਲਬਾਤ ਚੱਲ ਰਹੀ ਹੈ। ਉਮੀਦ ਹੈ ਕਿ ਇਕ ਦੋ ਦਿਨਾਂ ਵਿਚ ਐਫ ਸੀ ਆਈ ਵੱਲੋ ਕਣਕ ਦੀਆਂ ਸਪੈਸ਼ਲ ਦੇ ਨਾਲ ਗੁਦਾਮਾਂ ਵਿਚ ਵੀ ਕਣਕ ਸਟੋਰ ਕੀਤੀ ਜਾਵੇਗੀ। ਕਣਕ ਦੇ ਸੀਜਨ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾਰਕਫੈਡ ਵੱਲੋਂ ਕਣਕ ਦੀ ਖਰੀਦ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਹਨ। ਕਣਕ ਦੇ ਸੀਜਨ ਦੌਰਾਨ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਮਾਰਕਫੈਡ ਦੇ ਜ਼ਿਲ੍ਹਾ ਮੈਨੇਜਰ ਕਮਲਦੀਪ ਸਿੰਘ ਨੇ ਕਿਹਾ ਮੰਡੀਆਂ ਵਿੱਚ ਕਣਕ ਦੀ ਖਰੀਦ ਪੂਰੀ ਪਾਰਦਰਸ਼ੀ ਚੱਲ ਰਹੀ ਅਤੇ ਕਿਸਾਨਾਂ ਦੀ ਫ਼ਸਲ ਦੀ ਅਦਾਇਗੀ ਵੀ ਨਾਲ ਨਾਲ ਚੱਲ ਰਹੀ ਹੈ। ਮਾਰਕਫੈਡ ਵੱਲੋਂ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਹੁਣ ਤੱਕ 87133 ਮੀਟ੍ਰਿਕ ਟਨ ਦੇ ਕਰੀਬ ਕਣਕ ਖਰੀਦ ਕੀਤੀ ਜਾ ਚੁੱਕੀ ਹੈ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ 'ਚ ਸ਼ਖ਼ਸੀਅਤ ਦੀ ਉਸਾਰੀ ਵਿਸ਼ੇ 'ਤੇ ਸੈਮੀਨਾਰ

**ਜਗਰਾਉਂ (ਅਮਿਤ ਖੰਨਾ/ਨਛੱਤਰ ਸੰਧੂ)**



ਬੀ.ਬੀ.ਐੱਸ.ਬੀ ਕਾਨਵੈਂਟ ਸਕੂਲ, ਸਿੱਧਵਾਂ ਬੇਟ ਜੋ ਸਕੂਲ ਵਿੱਚ ਧਾਰਮਿਕ ਤੇ ਸੱਭਿਆਚਾਰਕ ਗਤੀਵਿਧੀਆਂ ਕਰਾਉਂਦੀ ਰਹਿੰਦੀ ਹੈ। ਇਸੇ ਲੜੀ ਤਹਿਤ 'ਸੇਵ ਅਵਰ ਸੋਲ' ਚੈਰੀਟੇਬਲ ਐਂਡ ਐਜੂਕੇਸ਼ਨ ਸੁਸਾਇਟੀ ਲੁਧਿਆਣਾ, ਜਿਸਦਾ ਹੈੱਡ ਆਫ਼ਿਸ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੈ, ਵੱਲੋਂ ਗੁਰਬਾਣੀ ਦੀ ਲੋਅ ਵਿੱਚ ਆਪਣੀ ਸ਼ਖ਼ਸੀਅਤ ਦੀ ਉਸਾਰੀ ਵਿਸ਼ੇ 'ਤੇ ਸੈਮੀਨਾਰ ਕਰਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸੁਸਾਇਟੀ ਦੇ ਨੁਮਾਇੰਦੇ ਸਤਨਾਮ ਸਿੰਘ ਵੱਲੋਂ ਬੱਚਿਆਂ ਵਿੱਚ ਘਟ ਰਹੀਆਂ ਨੈਤਿਕ ਕਦਰਾਂ ਕੀਮਤਾਂ ਭਰਨ ਸੰਬੰਧੀ ਬੱਚਿਆਂ ਨਾਲ ਗੁਰਬਾਣੀ ਤੇ ਅਧਾਰਿਤ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਨਾਲ ਸੁਰਜੀਤ ਸਿੰਘ ਤੇ ਗੁਰਸੇਵਕ ਸਿੰਘ ਵੀ ਹਾਜ਼ਰ ਸਨ। ਉਨ੍ਹਾਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਸੰਬੰਧੀ ਗੁਰਬਾਣੀ ਦੇ ਮਹਾਨ ਵਿਦਵਾਨਾ ਅਤੇ ਮਹਾਪੁਰਖਾਂ ਦੀਆਂ ਉਦਾਹਰਨਾਂ ਦੇ ਕੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਅਰਥ ਸਮਝਾਉਣ ਦੀ ਭਰਪੂਰ ਅਤੇ ਸ਼ਲਾਘਾਯੋਗ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਜਦੋਂ ਬੱਚੇ ਪਹਿਲੀ ਸੈਂਚੀ ਪੜ੍ਹ ਲੈਣਗੇ, ਉਪਰੰਤ ਦੂਜੀ, ਫਿਰ ਤੀਜੀ ਤੇ ਚੌਥੀ ਸੈਂਚੀ ਸਕੂਲ ਵਿਖੇ ਹੀ ਉਪਲਬਧ ਕਰਾਈ ਜਾਇਆ ਕਰੇਗੀ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸ੍ਰੀਮਤੀ ਅਨੀਤਾ ਕੁਮਾਰੀ ਨੇ ਸਤਨਾਮ ਸਿੰਘ, ਸੁਰਜੀਤ ਸਿੰਘ ਤੇ ਗੁਰਸੇਵਕ ਸਿੰਘ ਦਾ ਸਕੂਲ ਵਿਖੇ ਆਉਣ ਤੇ ਬੱਚਿਆਂ ਨੂੰ ਗੁਰਬਾਣੀ ਦੇ ਲੜ ਲਾਉਣ ਅਤੇ ਉਨ੍ਹਾਂ ਵਿੱਚ ਨੈਤਿਕ ਕਦਰਾਂ ਕੀਮਤਾਂ ਭਰਨ ਲਈ ਉਪਰਾਲਾ ਕਰਨ 'ਤੇ ਧੰਨਵਾਦ ਕੀਤਾ।

ਸਮੂਹ ਮੈਨੇਜਮੈਂਟ ਕਮੇਟੀ, ਜਿਸ ਵਿੱਚ ਚੇਅਰਮੈਨ ਸ੍ਰੀ ਸਤੀਸ਼ ਕਾਲੜਾ, ਪ੍ਰਧਾਨ ਸ੍ਰੀ ਰਜਿੰਦਰ ਬਾਵਾ, ਵਾਈਸ ਚੇਅਰਮੈਨ ਸ਼੍ਰੀ ਹਰਕ੍ਰਿਸ਼ਨ ਭਗਵਾਨ ਦਾਸ ਬਾਵਾ, ਮੈਨੇਜਿੰਗ ਡਾਇਰੈਕਟਰ ਸ੍ਰੀ ਸ਼ਾਮ ਸੁੰਦਰ ਭਾਰਦਵਾਜ ਤੇ ਵਾਈਸ ਪ੍ਰੈਜੀਡੈਂਟ ਸ਼੍ਰੀ ਸਨੀ ਅਰੋੜਾ ਤੇ ਡਾਇਰੈਕਟਰ ਰਾਜੀਵ ਸੱਗੜ ਹਾਜ਼ਰ ਸਨ।

CMYK

21-April-PAGE-11-Majha-2023.qxd 4/20/2023 10:43 PM Page 1



# ਜਨਮ ਸ਼ਤਾਬਦੀ ਸੰਬੰਧੀ ਖ਼ਾਲਸਾ ਫ਼ਤਹਿ ਮਾਰਚ ਅਗਲੇ ਪੜਾਅ ਲਈ ਰਵਾਨਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਤ ਖ਼ਾਲਸਾ ਫ਼ਤਹਿ ਮਾਰਚ ਜੋ 16 ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦਿੱਲੀ ਤੋਂ ਆਰੰਭ ਕੀਤਾ ਗਿਆ ਸੀ, ਅੱਜ ਗੁਰਦੁਆਰਾ ਸਾਹਿਬ ਛੋਟੇ ਸਾਹਿਬਜ਼ਾਦੇ ਤੋਂ ਅਗਲੇ ਪੜਾਅ ਲਈ ਖਾਲਸਈ ਜਾਹੋ-ਜਲਾਲ ਨਾਲ ਰਵਾਨਾ ਹੋਇਆ। ਇਹ ਫ਼ਤਹਿ ਮਾਰਚ 4 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਕੇ ਸੰਪੰਨ ਹੋਵੇਗਾ। ਦਿੱਲੀ ਦੇ ਫ਼ਤਹਿ ਨਗਰ ਸਥਿਤ ਗੁਰਦੁਆਰਾ ਸਾਹਿਬ ਛੋਟੇ ਸਾਹਿਬਜ਼ਾਦੇ ਵਿਖੇ ਨਗਰ ਕੀਰਤਨ ਦੀ ਅੱਗੇ ਰਵਾਨਗੀ ਤੋਂ ਪਹਿਲਾਂ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੇ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ। ਜਿਉਂ ਹੀ ਫ਼ਤਹਿ ਮਾਰਚ ਦੀ ਰਵਾਨਗੀ ਹੋਈ ਤਾਂ ਵੱਡੀ ਗਿਣਤੀ 'ਚ ਪੁੱਜੀ ਸੰਗਤ ਨੇ ਫੁੱਲਾਂ ਦੀ ਵਰਖਾ ਕਰਕੇ ਸਤਿਕਾਰ ਭੇਟ ਕੀਤਾ। ਗੁਰਦੁਆਰਾ ਸਾਹਿਬ ਛੋਟੇ ਸਾਹਿਬਜ਼ਾਦੇ ਫ਼ਤਹ ਨਗਰ ਤੋਂ ਆਰੰਭ ਹੋਣ ਮਗਰੋਂ ਖ਼ਾਲਸਾ ਫ਼ਤਹ ਮਾਰਚ ਦਿੱਲੀ ਦੇ ਤਿਲਕ ਨਗਰ, ਜਨਕਪੁਰੀ, ਵਿਕਾਸਪੁਰੀ, ਰਿੰਗ ਰੋਡ, ਮੀਰਾ ਬਾਗ, ਗੁਰੂ ਹਰਿਕ੍ਰਿਸ਼ਨ ਨਗਰ, ਸੁੰਦਰ ਨਗਰ, ਮੰਗੋਲਪੁਰੀ, ਰੋਹਿਨੀ, ਪੀਤਮਪੁਰਾ, ਬਾਈਪਾਸ ਸੰਜੇ ਗਾਂਧੀ ਟਰਾਂਸਪੋਰਟ ਨਗਰ ਤੋਂ ਹੁੰਦਾ ਹੋਇਆ ਡੇਰਾ ਬਾਬਾ ਸੁੱਖਾ ਸਿੰਘ ਜੀ ਕਾਰਸੇਵਾ ਵਾਲੇ ਕਲੰਦਰੀ ਗੇਟ ਕਰਨਾਲ ਵਿਖੇ ਪੁੱਜਾ। ਰਸਤੇ ਵਿੱਚ ਸੰਗਤਾਂ ਨੇ ਉਤਸ਼ਾਹ ਨਾਲ ਨਗਰ ਕੀਰਤਨ ਵਿਚ ਹਾਜ਼ਰੀ ਭਰੀ ਅਤੇ ਕਈ ਥਾਵਾਂ 'ਤੇ ਲੰਗਰ ਆਦਿ ਦੇ ਪ੍ਰਬੰਧ ਵੀ ਕੀਤੇ। ਨਗਰ ਕੀਰਤਨ ਦਾ ਹਰਿਆਣਾ ਪਹੁੰਚਣ 'ਤੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਮੈਂਬਰ ਤੇਜਿੰਦਰਪਾਲ ਸਿੰਘ, ਬੀਬੀ ਮਨਜੀਤ ਕੌਰ, ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ ਨੇ ਭਰਵਾਂ ਸਵਾਗਤ ਕੀਤਾ। ਖ਼ਾਲਸਾ ਫ਼ਤਹਿ ਮਾਰਚ ਦੌਰਾਨ ਸਿੱਖ ਜਰਨੈਲਾਂ ਦੇ ਇਤਿਹਾਸਕ ਸ਼ਸ਼ਤਰਾਂ ਵਾਲੀ ਬੱਸ ਸੰਗਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਖ਼ਾਲਸਾ ਫ਼ਤਹਿ ਮਾਰਚ ਦੌਰਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ, ਮੈਂਬਰ ਗੁਰਮਿੰਦਰ ਸਿੰਘ ਮਠਾਰੂ, ਬੀਬੀ ਰਣਜੀਤ ਕੌਰ, ਸੁਖਵਿੰਦਰ ਸਿੰਘ ਬੱਬਰ, ਕੁਲਦੀਪ ਸਿੰਘ ਭੋਗਲ, ਸੁਖਦੇਵ ਸਿੰਘ ਰਿਆਤ, ਸਿਮਰਜੀਤ ਸਿੰਘ, ਦਿੱਲੀ ਸਿੱਖ ਮਿਸ਼ਨ ਦੇ ਇੰਚਾਰਜ ਸੁਰਿੰਦਰਪਾਲ ਸਿੰਘ ਸੁਮਾਨਾ, ਜਸਵੀਰ ਸਿੰਘ ਲੌਂਗੋਵਾਲ, ਇੰਚਾਰਜ ਮਨਜੀਤ ਸਿੰਘ, ਕਰਤਾਰ ਸਿੰਘ, ਵਧੀਕ ਮੈਨੇਜਰ ਨਿਸ਼ਾਨ ਸਿੰਘ, ਸੁਰਿੰਦਰ ਸਿੰਘ ਰਾਮਗੜੀਆ ਸਮੇਤ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ।

## ਹੰਸਾਂ ਵਾਲਾ ਦੇ ਸਮੂਹ ਨਗਰ ਨਿਵਾਸੀਆਂ ਵੱਲੋਂ ਖਹਿਰਾ ਦੀ ਬਦਲੀ ਰੱਦ ਕਰਨ ਦੀ ਮੰਗ

ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ) ਪਿੰਡ ਹੰਸਾ ਵਾਲਾ ਵਾਲਾ ਦੇ ਸਮੂਹ ਨਗਰ ਨਿਵਾਸੀਆਂ ਦੀ ਪੰਚਾਇਤ ਘਰ 'ਚ ਭਾਰੀ ਇਕੱਤਰਤਾ ਹੋਈ, ਜਿਸ 'ਚ ਸਰਕਾਰ ਵੱਲੋਂ ਐਸ ਈ ਗੁਰਸ਼ਰਨ ਸਿੰਘ ਖਹਿਰਾ ਦੀ ਬਦਲੀ ਜੋ ਕਿ ਜ਼ਿਲ੍ਹਾ ਤਰਨ ਤਾਰਨ ਤੋਂ ਅੰਮ੍ਰਿਤਸਰ ਵਿਖੇ ਕਰ ਦਿੱਤੀ ਗਈ ਹੈ। ਇਸ ਸੰਬੰਧ 'ਚ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਇਮਾਨਦਾਰ ਮਿਹਨਤੀ ਅਤੇ ਲੋਕ ਹਿੱਤ 'ਚ ਕੰਮ ਕਰਨ ਵਾਲੇ ਇਸ ਅਫਸਰ ਦੀ ਜੋ ਬਦਲੀ ਕੀਤੀ ਗਈ ਹੈ ਤੇ ਮੁੜ ਵਿਚਾਰ ਕੀਤੀ ਜਾਵੇ ਅਤੇ ਇਹ ਬਦਲੀ ਨੂੰ ਤਰੁੰਤ ਰੱਦ ਕੀਤਾ ਜਾਵੇ। ਨਗਰ ਨਿਵਾਸੀਆਂ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਐਸ ਈ ਗੁਰਸ਼ਰਨ ਸਿੰਘ ਖਹਿਰਾ ਪਿੰਡ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਬਿਨਾਂ ਕਿਸੇ ਭੇਦ ਭਾਵ ਤੋਂ ਕਰਦੇ ਹਨ। ਇਸ ਮੌਕੇ ਸਾਬਕਾ ਸਰਪੰਚ ਆਤਮਾ ਸਿੰਘ, ਪ੍ਰਕਾਸ਼ ਸਿੰਘ, ਸਰਬਜੀਤ ਸਿੰਘ ਮੈਂਬਰ, ਸਿੰਦਰ ਸਿੰਘ, ਲੱਖਾ ਸਿੰਘ ਮੱਲੀ, ਕਰਤਾਰ ਸਿੰਘ ਮੱਲੀ, ਗੁਰਭੇਜ ਸਿੰਘ ਮੱਲੀ, ਹਰਦੀਪ ਸਿੰਘ ਲਾਟੂ ਸਰਪੰਚ, ਸੁਖਦੇਵ ਸਿੰਘ ਡੀ ਸੀ, ਬਲਵਿੰਦਰ ਸਿੰਘ, ਜਗੀਰ ਸਿੰਘ, ਸੁਖਜਾਪ ਸਿੰਘ ਮੱਲੀ, ਰਣਜੀਤ ਸਿੰਘ ਪੰਪ ਵਾਲੇ, ਜਗੀਰ ਸਿੰਘ ਮੱਲੀ, ਪੰਨਾ ਸਿੰਘ, ਹੀਰਾ ਸਿੰਘ, ਰਣਜੀਤ ਸਿੰਘ ਬਿਜਲੀਵਾਲਾ, ਜਸਵਿੰਦਰ ਸਿੰਘ ਫੌਜੀ, ਗੁਰਜੰਟ ਸਿੰਘ, ਸਰਵਣ ਸਿੰਘ, ਪਰਗਟ ਸਿੰਘ, ਗੱਜਣ ਸਿੰਘ, ਚਰਨਜੀਤ ਸਿੰਘ, ਸੁਖਦੇਵ ਸਿੰਘ ਫੌਜੀ, ਜਸਬੀਰ ਸਿੰਘ, ਸ਼ਮਸ਼ੇਰ ਸਿੰਘ, ਗੱਜਣ ਸਿੰਘ, ਕੁਲਬੀਰ ਸਿੰਘ, ਗੁਰਜੀਤ ਸਿੰਘ, ਆਦਿ ਹਾਜ਼ਰ ਸਨ।

# ਰਾਸ਼ਟਰੀ ਲੋਕ ਅਦਾਲਤ 13 ਮਈ ਨੂੰ

ਗੁਰਦਾਸਪੁਰ ( ਜਨਕ ਮਹਾਜਨ) - ਨਵਦੀਪ ਕੌਰ ਗਿੱਲ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 13 ਮਈ (ਦਿਨ ਸ਼ਨੀਵਾਰ) ਨੂੰ ਲੱਗ ਰਹੀ ਰਾਸ਼ਟਰੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਆਪਣੇ ਕੇਸਾਂ ਨੂੰ ਲਗਾ ਕੇ ਸਸਤਾ ਤੇ ਛੇਤੀ ਨਿਆਂ ਹਾਸਲ ਕਰਨ। ਮੈਡਮ ਨਵਦੀਪ ਕੌਰ ਗਿੱਲ ਨੇ ਲੋਕ ਅਦਾਲਤਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਸਮਝੌਤੇ/ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਉਨ੍ਹਾਂ ਕਿਹਾ ਕਿ ਗੰਭੀਰ ਕਿਸਮ ਦੇ ਫ਼ੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਲੋਕ ਅਦਾਲਤਾਂ ਵਿੱਚ ਫੈਸਲੇ ਲਈ ਸ਼ਾਮਲ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਜੋ ਝਗੜਾ ਅਦਾਲਤ ਵਿੱਚ ਨਾ ਚੱਲਦਾ ਹੋਵੇ, ਉਹ ਮਾਮਲਾ ਵੀ ਲੋਕ ਅਦਾਲਤ ਵਿੱਚ ਦਰਖਾਸਤ ਦੇ ਕੇ ਰਾਜ਼ੀਨਾਮੇ ਲਈ ਲਿਆਂਦਾ ਜਾ ਸਕਦਾ ਹੈ। ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਰਾਸ਼ਟਰੀ ਲੋਕ ਅਦਾਲਤ ਹਰ ਤਿੰਨ ਮਹੀਨੇ ਬਾਅਦ ਲੱਗਦੀ ਹੈ ਜਦਕਿ ਲੋਕ ਅਦਾਲਤਾਂ ਹਰ ਮਹੀਨੇ ਦੇ ਅਖੀਰਲੇ ਕੰਮ-ਕਾਜੀ ਸ਼ਨੀਵਾਰ ਨੂੰ ਰਾਜ ਦੀਆਂ ਸਾਰੀਆਂ ਅਦਾਲਤਾਂ ਵਿੱਚ ਲਗਾਈਆਂ ਜਾਂਦੀਆਂ ਹਨ। ਇਸ ਦੇ ਨਾਲ-ਨਾਲ ਲੇਬਰ ਕੋਰਟ ਅਤੇ ਉਪਭੋਗਤਾ ਫੋਰਮ ਵਿੱਚ ਹਰ ਮਹੀਨੇ ਦੇ ਅਖੀਰਲੇ ਸ਼ੁੱਕਰਵਾਰ ਨੂੰ ਲੋਕ-ਅਦਾਲਤ ਲਗਾਈ ਜਾਂਦੀ ਹੈ। ਉਨ੍ਹਾ ਦੱਸਿਆ ਕਿ ਇਸ ਦੇ ਨਾਲ ਸਮੇਂ-ਸਮੇਂ 'ਤੇ ਔਰਤਾਂ ਅਤੇ ਬੱਚਿਆਂ ਦੇ ਕੇਸਾਂ ਸੰਬੰਧੀ, ਪਰਿਵਾਰਕ ਕੇਸ, ਮੋਟਰ ਦੁਰਘਟਨਾ ਕੇਸ ਆਦਿ ਲਈ ਸਪੈਸ਼ਲ ਲੋਕ ਅਦਾਲਤਾਂ ਅਤੇ ਮੈਗਾ ਲੋਕ ਅਦਾਲਤਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ।

ਉਨ੍ਹਾ ਦੱਸਿਆ ਕਿ ਮੋਟਰ ਐਕਸੀਡੈਂਟ ਕਲੇਮ, ਲੈਂਡ ਐਕੁਜੇਸ਼ਨ ਕੇਸ ਅਤੇ ਫੈਮਿਲੀ ਡਿਸਪਿਊਟ ਦੇ ਕੇਸਾਂ ਦੇ ਨਿਪਟਾਰੇ ਲਈ ਵਿਸ਼ੇਸ਼ ਤੌਰ 'ਤੇ ਲੋਕ ਅਦਾਲਤ 15 ਜੁਲਾਈ ਅਤੇ 21 ਅਕਤੂਬਰ ਨੂੰ ਵੀ ਲਗਾਈ ਜਾ ਰਹੀ ਹੈ। ਉਨ੍ਹਾ ਕਿਹਾ ਕਿ ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਚਾਹਵਾਨ ਵਿਅਕਤੀ, ਜੇਕਰ ਕੇਸ ਅਦਾਲਤ ਵਿੱਚ ਲੰਬਿਤ ਹੈ ਤਾਂ ਸੰਬੰਧਤ ਅਦਾਲਤ ਦੇ ਜੱਜ ਸਾਹਿਬਾਨ ਨੂੰ ਅਤੇ ਜੇਕਰ ਝਗੜਾ/ਕੇਸ ਅਦਾਲਤ ਵਿੱਚ ਲੰਬਿਤ ਨਹੀਂ ਹੈ ਤਾਂ ਸਕੱਤਰ, ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਲਿਖਤੀ ਦਰਖਾਸਤ ਰਾਹੀਂ ਬੇਨਤੀ ਕਰ ਸਕਦੇ ਹਨ। ਉਨ੍ਹਾ ਦੱਸਿਆ ਕਿ ਲੋਕ ਅਦਾਲਤਾਂ ਦੇ ਬਹੁਤ ਲਾਭ ਹਨ। ਲੋਕ ਅਦਾਲਤ ਵਿੱਚ ਛੇਤੀ ਤੇ ਸਸਤਾ ਨਿਆਂ ਮਿਲਦਾ ਹੈ। ਇਸ ਦੇ ਫੈਸਲੇ ਨੂੰ ਦੀਵਾਨੀ ਕੋਰਟ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ। ਲੋਕ ਅਦਾਲਤਾਂ ਦੇ ਫੈਸਲੇ ਖਿਲਾਫ ਕੋਈ ਅਪੀਲ ਨਹੀਂ ਹੁੰਦੀ ਅਤੇ ਇਸ ਵਿਚ ਫੈਸਲਾ ਆਪਸੀ ਸਹਿਮਤੀ ਅਤੇ ਰਜ਼ਾਮੰਦੀ ਨਾਲ ਕਰਵਾਇਆ ਜਾਂਦਾ ਹੈ। ਲੋਕ ਅਦਾਲਤ 'ਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵੀ ਵਾਪਸ ਮਿਲ ਜਾਂਦੀ ਹੈ। ਇਸ ਦੇ ਫੈਸਲੇ ਅੰਤਿਮ ਹੁੰਦੇ ਹਨ। ਨਵਦੀਪ ਕੌਰ ਗਿੱਲ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਮੁਫਤ ਕਾਨੂੰਨੀ ਸਹਾਇਤਾ ਲੈਣ ਅਤੇ ਲੋਕ ਅਦਾਲਤ ਵਿੱਚ ਕੇਸ ਲਗਵਾਉਣ ਲਈ ਜ਼ਿਲਾ ਤੇ ਸੈਸ਼ਨਜ਼-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾ ਅਧਾਰਟੀ, ਗੁਰਦਾਸਪੁਰ, ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ)-ਕਮ-ਚੇਅਰਪਰਸਨ, ਉਪ-ਮੰਡਲ ਪੱਧਰੀ ਕਾਨੂੰਨੀ ਸੇਵਾ ਕਮੇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 13 ਮਈ ਨੂੰ ਲੱਗ ਰਹੀ ਰਾਸ਼ਟਰੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਆਪਣੇ ਕੇਸਾਂ ਨੂੰ ਲਗਾ ਕੇ ਸਸਤਾ ਤੇ ਛੇਤੀ ਨਿਆਂ ਹਾਸਲ ਕਰਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ 'ਚ ਵਿਸ਼ਵ ਧਰਤੀ ਦਿਵਸ ਮਨਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੀ ਸਰਪ੍ਰਸਤੀ ਅਧੀਨ ਚਲਾਏ ਜਾ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਵਿਖੇ ਸੀਨੀਅਰ ਵਿੰਗ ਵੱਲੋਂ ਅੱਜ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ । ਇਸ ਵਿੱਚ ਵਿਦਿਆਰਥੀਆ ਦੀਆਂ 'ਧਰਤੀ ਮਾਂ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਪ੍ਰਦੂਸ਼ਣ ਰਹਿਤ ਰੱਖਣ' ਸੰਬੰਧੀ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਗਤੀਵਿਧੀਆਂ ਵਿੱਚ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਪ੍ਰਦੂਸ਼ਣ ਘੱਟ ਕਰਨ, ਆਪਣੇ ਆਲੇ-ਦੁਆਲੇ ਨੂੰ ਸੁੰਦਰ ਅਤੇ ਹਰਿਆ ਭਰਿਆ ਬਣਾਉਣ, ਧਰਤੀ ਨੂੰ ਉਪਜਾਊ ਅਤੇ ਸਾਫ ਸੁਥਰੀ ਰੱਖਣ ਦੇ ਸੰਦੇਸ਼ ਦਿੰਦੇ ਸੁੰਦਰ ਪੋਸਟਰ ਬਣਾਏ । ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਫਾਲਤੂ ਸਮਾਨ ਤੋਂ ਬਹੁਤ ਸੁੰਦਰ ਕਾਗਜ਼ ਦੇ ਬੈਗ, ਪੈਨ ਸਟੈਂਡ, ਕੰਧ ਲਟਕਨ, ਧਰਤੀ ਮਾਂ ਦੇ ਮਾਡਲ ਆਦਿ ਬਹੁਤ ਕੁਝ ਬਣਾ ਕੇ ਇਹ ਸੁਨੇਹਾ ਦਿੱਤਾ ਕਿ ਫਾਲਤੂ ਸਮਾਨ ਵਰਤੋਂ ਵਿੱਚ ਲਿਆ ਕੇ ਮਿੱਟੀ ਪ੍ਰਦੂਸ਼ਣ ਘੱਟ ਕੀਤਾ ਜਾ ਸਕਦਾ ਹੈ । ਸਕੂਲ ਪ੍ਰਿੰਸੀਪਲ ਮਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਭਾਗ ਲੈਣ ਵਾਲੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਵਿਦਿਆਰਥੀਆਂ ਨੂੰ ਵਾਤਾਵਰਨ ਸ਼ੁੱਧ ਰੱਖਣ ਅਤੇ ਪ੍ਰਦੂਸ਼ਣ ਘਟਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੁੱਖ ਅਧਿਆਪਕਾ ਕਵਲਪ੍ਰੀਤ ਕੌਰ, ਸਮਾਜਕ ਸਿੱਖਿਆ, ਵਿਗਿਆਨ ਅਤੇ ਕਲਾ ਵਿਭਾਗ ਦੇ ਅਧਿਆਪਕ ਵੀ ਹਾਜ਼ਰ ਸਨ ।

## ਨਹਿਰਾਂ 'ਚ ਗੰਦਗੀ/ਕੂੜਾ-ਕਰਕਟ ਸੁੱਟਣ 'ਤੇ ਕੀਤਾ ਜਾਵੇਗਾ ਜੁਰਮਾਨਾ : ਡਿਪਟੀ ਕਮਿਸ਼ਨਰ



ਪਠਾਨਕੋਟ: (ਦਵਿੰਦਰ ਸਿੰਘ )- ਅਗਰ ਕੋਈ ਵਿਅਕਤੀ ਨਿਕਾਸੀ ਪਾਣੀ ਵਿੱਚ ਕੂੜਾ ਕਰਕਟ ਸੁੱਟਦਾ ਪਾਇਆ ਗਿਆ ਤਾਂ ਉਸ ਵਿਅਕਤੀ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਕਰੀਬ ਪੰਜ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਜੇਕਰ ਉਹ ਵਿਅਕਤੀ ਜੁਰਮਾਨਾ ਅਦਾ ਕਰਨ ਤੋਂ ਨਾਂਹ ਕਰੇਗਾ ਤਾਂ ਕਾਨੂੰਨ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ। ਇਹ ਪ੍ਰਗਟਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਇੱਕ ਮੀਟਿੰਗ ਦੌਰਾਨ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਰਾਜ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸਖਚੈਨ ਸਿੰਘ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵੱਖ ਵੱਖ ਸੰਬੰਧਤ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਵਿਸ਼ੇਸ਼ ਉਪਰਾਲਾ ਹੈ ਕਿ ਲੋਕਾਂ ਨੂੰ ਸ਼ੁੱਧ ਵਾਤਾਵਰਣ ਦਿੱਤਾ ਜਾਵੇ ਪਰ ਦੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਕੁਝ ਅਜਿਹੇ ਸਥਾਨ ਹਨ ਜਿਥੇ ਕੁਦਰਤੀ ਜਲ ਸਰੋਤਾਂ ਅੰਦਰ ਗੰਦਾ ਪਾਣੀ ਮਿਲ ਰਿਹਾ ਹੈ ਅਤੇ ਲੋਕਾਂ ਵੱਲੋਂ ਨਾਲੀਆਂ ਅਤੇ ਹੋਰ ਜਲ ਸਰੋਤਾਂ ਅੰਦਰ ਸੁੱਟਿਆ ਜਾ ਰਿਹਾ ਕੂੜਾ ਕਰਕਟ/ਗੰਦਗੀ ਕੁਦਰਤੀ ਜਲ ਸਰੋਤਾਂ ਨੂੰ ਗੰਦਾ ਤਾਂ ਕਰਦੇ ਹੀ ਹਨ, ਇਸ ਦੇ ਨਾਲ ਹੀ ਪਾਣੀ ਬਲਾਕ ਵੀ ਕਰਦੇ ਹਨ। ਉਨ੍ਹਾ ਨਗਰ ਨਿਗਮ ਪਠਾਨਕੋਟ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਖੱਡੀ ਅਤੇ ਹੋਰ ਸਥਾਨਾਂ ਤੋਂ ਜੋ ਸ਼ਹਿਰ ਦਾ ਪਾਣੀ ਜਲ ਸਰੋਤਾਂ ਅੰਦਰ ਮਿਲ ਰਿਹਾ ਹੈ ਇਸ 'ਤੇ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਧਿਆਨ ਰੱਖਿਆ ਜਾਵੇ ਕਿ ਲੋਕਾਂ ਵੱਲੋਂ ਘਰਾਂ ਦਾ ਕੂੜਾ ਕਰਕਟ ਨਹਿਰਾਂ ਅੰਦਰ ਨਾ ਸੁੱਟਿਆ ਜਾਵੇ। ਉਨ੍ਹਾ ਨਹਿਰੀ ਵਿਭਾਗ ਨੂੰ ਵੀ ਆਦੇਸ਼ ਕਰਦਿਆਂ ਕਿਹਾ ਕਿ ਸੁਜਾਨਪੁਰ ਦੇ ਨਜ਼ਦੀਕ ਨਹਿਰ ਅੰਦਰ ਮਿਲ ਰਹੇ ਗੰਦੇ ਪਾਣੀ ਦਾ ਵੀ ਉੱਚਿਤ ਹੱਲ ਕੱਢਿਆ ਜਾਵੇ ਅਤੇ ਅਗਰ ਕੋਈ ਕੂੜਾ ਕਰਕਟ ਜਾਂ ਗੰਦਗੀ ਨਹਿਰਾਂ ਅੰਦਰ ਜਾਂ ਨਿਕਾਸੀ ਪਾਣੀਆਂ ਅੰਦਰ ਸੁੱਟਦਾ ਹੈ ਤਾਂ ਮੌਕੇ 'ਤੇ ਪੰਜ ਹਜ਼ਾਰ ਰੁਪਏ ਦਾ ਚਲਾਨ ਕੱਟਿਆ ਜਾਵੇ। ਚਲਾਨ ਨਾ ਭੁਗਤਣ ਦੀ ਸੂਰਤ ਵਿੱਚ ਅੱਗੇ ਦੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਕੁਝ ਪਿੰਡਾਂ ਅੰਦਰ ਵੀ ਅਜਿਹੀ ਹੀ ਸਮੱਸਿਆ ਦੇਖਣ ਨੂੰ ਮਿਲ ਰਹੀ ਹੈ ਜਿਸ ਦੇ ਚਲਦਿਆਂ ਪੰਚਾਇਤ ਨਾਲ ਮਿਲ ਕੇ ਪੰਚਾਇਤ ਨੂੰ ਹਦਾਇਤ ਕੀਤੀ ਜਾਵੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾਵੇ। ਉਨ੍ਹਾ ਵੱਖ ਵੱਖ ਵਿਭਾਗੀ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਮਾਧੋਪੁਰ ਬਿਆਸ ਲਿੰਕ ਨਹਿਰ ਜੋ ਕਿ ਮਲਿਕਪੁਰ ਤੋਂ ਹੋ ਕੇ ਗੁਜ਼ਰਦੀ ਹੈ ਇਸ ਦੇ ਕਿਨਾਰਿਆਂ 'ਤੇ ਬਣੇ ਹੋਟਲ ਅਤੇ ਢਾਬਿਆਂ ਦੀ ਵੀ ਚੈਕਿੰਗ ਕੀਤੀ ਜਾਵੇ ਕਿਉਂਕਿ ਉਨ੍ਹਾਂ ਵੱਲੋਂ ਵੀ ਪ੍ਰਤੀਦਿਨ ਗੰਦਾ ਪਾਣੀ ਨਹਿਰਾਂ ਅੰਦਰ ਮਿਲਾਇਆ ਜਾਂਦਾ ਹੈ।

## ਸਰਕਾਰੀ ਐਲੀਮੈਂਟਰੀ ਸਕੂਲ ਪਾਖਰਪੁਰਾ ਵਿਖੇ ਨਵੇਂ ਪ੍ਰੀ-ਪ੍ਰਾਇਮਰੀ ਕਮਰੇ ਦਾ ਉਦਘਾਟਨ




ਜੈਤੀਪੁਰ (ਮਨਮੋਹਨ ਸਿੰਘ) ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪਾਖਰਪੁਰਾ ਵਿਖੇ ਨਵੇਂ ਵਿਦਿਅਕ ਸੈਸਨ ਦੀ ਆਰੰਭਤਾ 'ਤੇ ਪ੍ਰਮਾਤਮਾ ਦਾ ਓਟ-ਆਸਰਾ ਲੈਣ ਲਈ ਸ੍ਰੀ ਸੁਖਮਨੀ ਸਾਹਿਬ ਸਾਹਿਬ ਪਾਠ ਅਤੇ ਕਥਾ ਕੀਰਤਨ ਕਰਵਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਅਧਿਆਪਕ ਡਾ. ਸੰਤਸੇਵਕ ਸਿੰਘ ਸਰਕਾਰੀਆ ਨੇ ਦੱਸਿਆ ਕੇ ਸਮੂਹ ਸਟਾਫ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੀ ਤੰਦਰੁਸਤੀ, ਵਿੱਦਿਆ ਦੀ ਬਖਸ਼ਿਸ਼, ਤਰੱਕੀ ਅਤੇ ਸਕੂਲ ਅਤੇ ਨਗਰ ਦੀ ਚੜ੍ਹਦੀਕਲਾ ਨਮਿਤ ਗੁਰੂ ਸਾਹਿਬ ਦਾ ਆਸ਼ੀਰਵਾਦ ਲਿਆ ਗਿਆ। ਇਸ ਸਮੇਂ ਉੱਘੇ ਸਮਾਜਸੇਵੀ ਅਤੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਰਣਜੀਤ ਸਿੰਘ ਹੁੰਦਲ ਅਤੇ ਸਰਪੰਚ ਭਜਨ ਕੌਰ ਹੁੰਦਲ ਵੱਲੋਂ ਪ੍ਰੀ-ਪ੍ਰਾਇਮਰੀ ਲਈ ਤਿਆਰ ਕੀਤੇ ਨਵੇਂ ਕਮਰੇ ਦਾ ਉਦਘਾਟਨ ਵੀ ਕੀਤਾ ਗਿਆ।

ਸਰਪੰਚ ਸਾਹਿਬ ਵੱਲੋਂ ਸਕੂਲ ਸਟਾਫ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਵਿਕਾਸ ਕਾਰਜਾਂ ਲਈ ਪੰਚਾਇਤ ਵੱਲੋਂ ਹਰੇਕ ਤਰ੍ਹਾਂ ਦਾ ਸਹਿਯੋਗ ਦੇਣ ਲਈ ਕਿਹਾ। ਇਸ ਸਮੇਂ ਉਪਰੋਕਿਤ ਤੋਂ ਇਲਾਵਾ ਸਰਪੰਚ ਗੁਰਮੀਤ ਸਿੰਘ ਬੱਲ, ਐਸ ਐਮ ਸੀ ਚੇਅਰਮੈਨ ਸਰਦੂਲ ਸਿੰਘ ਮਿੰਟੂ, ਗੁਰਪਿੰਦਰ ਸਿੰਘ ਬੱਲ, ਸਬੇਗ ਸਿੰਘ ਫੌਜੀ, ਸੀ ਐੱਚ ਟੀ ਹਰਵਿੰਦਰ ਕੱਥੂਨੰਗਲ, ਸੀ ਐੱਚ ਟੀ ਜਤਿੰਦਰ ਸਿੰਘ ਵੇਰਕਾ, ਬੀ ਐਮ ਟੀ ਕੁਲਬੀਰ ਸਿੰਘ ਨਾਗ, ਬਲਾਕ ਸਿੱਖਿਆ ਦਫਤਰ ਵੱਲੋਂ ਗੁਰਵਿੰਦਰ ਸਿੰਘ ਸੀਨੀਅਰ ਸਹਾਇਕ, ਸਾਹਿਲ ਕੁਮਾਰ ਅਕਾਊਂਟੈਂਟ, ਭੁਪਿੰਦਰ ਕੱਥੂਨੰਗਲ, ਅਰਵਿੰਦਰ ਸਿੰਘ ਰਵੀ, ਸਤਿੰਦਰ ਸਿੰਘ ਸਰਕਾਰੀਆ, ਜਗਦੀਪ ਸਿੰਘ ਕੱਥੂਨੰਗਲ, ਸਨਰਾਜ ਸਿੰਘ, ਬਚਿੱਤਰ ਸਿੰਘ, ਭਗਵੰਤ ਸਿੰਘ, ਲਵਪ੍ਰੀਤ ਸਿੰਘ, ਵਿਮਲਜੀਤ ਸਿੰਘ, ਕੈਪਟਨ ਸਿੰਘ, ਕੁਲਵਿੰਦਰ ਸਿੰਘ, ਸਮੀਰ ਪਾਠਕ, ਭੁਪਿੰਦਰ ਸਿੰਘ ਅਬਦਾਲ, ਇੰਦਰਜੀਤ ਕੌਰ, ਮੰਜੂ ਬਾਲਾ, ਰਾਜਇੰਦਰ ਕੌਰ, ਸਰਨਜੀਤ ਕੌਰ, ਪ੍ਰਮਿੰਦਰ ਕੌਰ, ਹਰਪਾਲ ਕੌਰ, ਪ੍ਰੀਆ ਸਰਮਾ, ਨਵਨੀਤ ਕੌਰ, ਕਿਰਨਦੀਪ, ਸਰਬਜੀਤ ਕੌਰ, ਨਰਿੰਦਰ ਕੌਰ ਆਦਿ ਹਾਜ਼ਰ ਸਨ।

## ਡੀਡਾ ਵਿਖੇ ਵਿਸ਼ੇਸ਼ ਜਨ ਸੁਣਵਾਈ ਕੈਂਪ



ਗੁਰਦਾਸਪੁਰ, (ਜਨਕ ਮਹਾਜਨ) - ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਲੋਕਾਂ ਦੇ ਵਿੱਚ ਜਾ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਿਸ਼ੇਸ਼ ਜਨ ਸੁਣਵਾਈ ਕੈਂਪ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ ਐੱਸ.ਡੀ.ਐੱਮ. ਦੀਨਾਨਗਰ ਪਰਮਪ੍ਰੀਤ ਸਿੰਘ ਗੁਰਾਇਆ ਵੱਲੋਂ ਅੱਜ ਦੀਨਾਨਗਰ ਤਹਿਸੀਲ ਦੇ ਪਿੰਡ ਡੀਡਾ ਵਿਖੇ ਵਿਸ਼ੇਸ਼ ਜਨ ਸੁਣਵਾਈ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਦਾ ਹੱਲ ਕੀਤਾ ਗਿਆ।

ਐੱਸ.ਡੀ.ਐੱਮ. ਪਰਮਪ੍ਰੀਤ ਸਿੰਘ ਗੁਰਾਇਆ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਬਿਨਾਂ ਦੇਰੀ ਅਤੇ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਤਹਿਤ ਅੱਜ ਦੀਨਾਨਗਰ ਤਹਿਸੀਲ ਦੇ ਪਿੰਡ ਡੀਡਾ ਵਿਖੇ 'ਜਨ ਸੁਣਵਾਈ ਕੈਂਪ' ਦਾ ਆਯੋਜਨ ਕੀਤਾ ਗਿਆ । ਗੁਰਾਇਆ ਨੇ ਦੱਸਿਆ ਕਿ ਕੈਂਪ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਹਨ ਅਤੇ ਉਨ੍ਹਾਂ ਦੇ ਸਮਾਂਬੱਧ ਹੱਲ ਲਈ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਕਰ ਦਿੱਤੇ ਗਏ ਹਨ।

ਉਨ੍ਹਾ ਕਿਹਾ ਕਿ ਇਨ੍ਹਾਂ ਸ਼ਿਕਾਇਤਾਂ/ਮੁਸ਼ਕਲਾਂ ਦੇ ਨਿਪਟਾਰੇ ਸੰਬੰਧੀ ਕੀਤੀ ਜਾ ਰਹੀ ਕਾਰਵਾਈ ਦੀ ਐੱਸ.ਡੀ.ਐੱਮ. ਦਫ਼ਤਰ ਵੱਲੋਂ ਪੈਰਵੀ ਵੀ ਕੀਤੀ ਜਾਵੇਗੀ। ਇਸ ਜਨ ਸੁਣਵਾਈ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਬਾਰੇ ਵੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

# ਕਾਲਕਾ ਵੱਲੋਂ ਦਿੱਲੀ ਸਮਾਗਮਾਂ 'ਚ ਤਿੰਨ ਕਰੋੜ ਖਰਚ ਦੇ ਦੋਸ਼ ਨੂੰ ਸ਼੍ਰੋਮਣੀ ਕਮੇਟੀ ਨੇ ਨਕਾਰਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸਿੱਖ ਕੌਮ ਦੇ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਵਿਖੇ ਕੀਤੇ ਗਏ ਸਮਾਗਮਾਂ ਦੇ ਖਰਚਿਆਂ ਬਾਰੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਨੂੰ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਗੁੰਮਰਾਹਕੁੰਨ ਕਰਾਰ ਦਿੱਤਾ ਹੈ। ਕਾਹਲਵਾਂ ਨੇ ਕਿਹਾ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਆਪਣੇ ਸਿਆਸੀ ਆਕਾਵਾਂ ਨੂੰ ਖ਼ੁਸ਼ ਕਰਨ ਲਈ ਸ਼੍ਰੋਮਣੀ ਕਮੇਟੀ ਖਿਲਾਫ ਗਲਤ ਪ੍ਰਚਾਰ ਕਰ ਰਹੇ ਹਨ। ਉਨ੍ਹਾ ਕਿਹਾ ਕਿ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਤੋਂ ਆਰੰਭ ਹੋਏ ਖਾਲਸਾ ਫ਼ਤਹਿ ਮਾਰਚ ਸਮੇਂ ਇਹ ਆਗੂ ਖ਼ੁਦ ਮੌਜੂਦ ਸਨ। ਉਨ੍ਹਾ ਕਿਹਾ ਕਿ ਖਾਲਸਾ ਫ਼ਤਹ ਮਾਰਚ ਪ੍ਰਤੀ ਸੰਗਤਾਂ ਵਿੱਚ ਉਤਸ਼ਾਹ ਦਾ ਪਤਾ ਤਾਂ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਸਵੇਰੇ 10:00 ਵਜੇ ਆਰੰਭ ਹੋਇਆ ਇਹ ਮਾਰਚ ਰਾਤ 11:00 ਵਜੇ ਆਪਣੇ ਪੜਾਅ ਫ਼ਤਹਿ ਨਗਰ ਪੁੱਜਾ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਨੇ ਕਿਹਾ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਸਿਰਮੌਰ ਸੰਸਥਾ ਹੈ, ਜੋ ਆਪਣੇ ਜ਼ੁੰਮੇਵਾਰੀ ਬਾਖੂਬੀ ਨਿਭਾਅ ਰਹੀ ਹੈ। ਸਿੱਖ ਕੌਮ ਦੇ ਇਤਿਹਾਸ ਨਾਲ ਸੰਬੰਧਤ ਸ਼ਤਾਬਦੀਆਂ ਨੂੰ ਮਨਾਉਣਾ ਸੰਸਥਾ ਦਾ ਫ਼ਰਜ਼ ਹੈ, ਜਿਸ ਨੂੰ 100 ਸਾਲ ਸਫ਼ਰ ਦੌਰਾਨ ਬਾਖੂਬੀ ਨਿਭਾਇਆ ਜਾ ਰਿਹਾ ਹੈ। ਇੰਝ ਲੱਗ ਰਿਹਾ ਹੈ ਕਿ ਜਿਵੇਂ ਕਾਲਕਾ ਰਾਜਸੀ ਹਿੱਤਾਂ ਲਈ ਜਾਣਬੁੱਝ ਕੇ ਸਿੱਖ ਸੰਗਤਾਂ ਵਿਚ ਦੁਬਿਧਾ ਖੜ੍ਹੀ ਕਰਨ ਦੇ ਯਤਨ ਕਰ ਰਹੇ ਹਨ। ਇੱਕ ਸੰਸਥਾ ਦੇ ਮੁਖੀ ਹੁੰਦਿਆਂ ਉਨ੍ਹਾਂ ਵੱਲੋਂ ਮਹਾਨ ਯੋਧਿਆਂ ਦੇ ਸ਼ਤਾਬਦੀ ਦਿਹਾੜਿਆਂ ਅਤੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਕਾਰਜਾਂ 'ਚ ਰਾਜਨੀਤੀ ਕਰਨੀ ਉਚਿਤ ਨਹੀਂ। ਉਨ੍ਹਾ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਤਿੰਨ ਕਰੋੜ ਖਰਚਣ ਦੀ ਕਹੀ ਗਈ ਗੱਲ ਸੰਗਤਾਂ ਨੂੰ ਇਸ ਗੁੰਮਰਾਹਕੁੰਨ ਪ੍ਰਚਾਰ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾ ਕਾਲਕਾ ਨੂੰ ਸਵਾਲ ਕੀਤਾ ਕਿ ਜੇਕਰ ਉਨ੍ਹਾਂ ਪਾਸ ਤਿੰਨ ਕਰੋੜ ਦੇ ਖਰਚਿਆਂ ਦੇ ਸਬੂਤ ਹਨ ਤਾਂ ਪੇਸ਼ ਕਰਨ, ਨਹੀਂ ਤਾਂ ਜਨਤਕ ਮੁਆਫ਼ੀ ਮੰਗਣ। ਸਿੱਖ ਜਰਨੈਲ ਦੀ ਸ਼ਤਾਬਦੀ ਦੇ ਸਮਾਗਮ ਮਨਾਉਣ 'ਚ ਵੱਡਾ ਹਿੱਸਾ ਸੰਗਤਾਂ ਤੇ ਸ਼ਰਧਾਲੂਆਂ ਵੱਲੋਂ ਪਾਇਆ ਗਿਆ ਹੈ। ਕੇਵਲ ਲੋੜੀਂਦੇ ਖਰਚੇ ਹੀ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਹਨ, ਜੋ ਸਿੱਖ ਕੌਮ ਦੀ ਸਰਬਉੱਚ ਸੰਸਥਾ ਦੀ ਜ਼ਿੰਮੇਵਾਰੀ ਬਣਦੀ ਹੈ।



# ਮੀਂਹ ਤੇ ਗੜੇਮਾਰੀ ਨਾਲ ਕਿਸਾਨਾਂ ਦੀਆਂ ਬਚੀਆਂ ਉਮੀਦਾਂ 'ਤੇ ਫਿਰਿਆ ਪਾਣੀ



ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਅੱਜ ਦੁਪਹਿਰ ਬਾਅਦ ਜ਼ਿਲ੍ਹਾ ਤਰਨ ਤਾਰਨ ਤੇ ਪੱਟੀ ਇਲਾਕੇ ਦੇ ਵੱਖ-ਵੱਖ ਥਾਵਾਂ 'ਤੇ ਹੋਈ ਗੜੇਮਾੜੀ ਤੇ ਪਏ ਮੀਂਹ ਕਾਰਨ ਕਿਸਾਨਾਂ ਦੀ ਪੱਕੀ ਕਣਕ ਦੀ ਫ਼ਸਲ ਖਰਾਬ ਹੋ ਜਾਣ ਨਾਲ ਕਿਸਾਨਾਂ ਦੀਆਂ ਬਚੀਆਂ ਖੁਚੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ।

ਪਿੰਡ ਪ੍ਰਿੰਗੜੀ ਅੰਦਰ ਕਿਸਾਨਾਂ ਨੇ ਗੜੇਮਾਰੀ ਦਿਖਾਉਂਦਿਆਂ ਕਿਹਾ ਕਿ ਪਹਿਲਾਂ ਪਏ ਮੀਂਹ ਕਾਰਨ ਕਣਕ ਦੀ ਫ਼ਸਲ ਡਿਗ ਗਈ, ਜਿਸ ਦੀ ਕਟਾਈ ਕਰਨ ਵਿੱਚ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਹੁਣ ਕਣਕ ਦੀ ਕਟਾਈ ਕਰਨ ਦੌਰਾਨ ਹੋਰ ਜ਼ਿਆਦਾ ਮੁਸ਼ਕਲ ਆਵੇਗੀ। ਇਸ ਮੌਕੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟਬੁੱਢਾ ਤੇ ਮੇਜਰ ਸਿੰਘ ਪ੍ਰਿੰਗੜੀ ਨੇ ਕਿਹਾ ਕਿ ਪਹਿਲਾਂ ਪਏ ਮੀਂਹ ਕਾਰਨ ਕਿਸਾਨਾਂ ਦੀ ਖ਼ਰਾਬ ਫ਼ਸਲ ਦਾ ਸਰਕਾਰ ਵੱਲੋਂ ਹੁਣ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ ਪਰ ਅੱਜ ਦੀ ਗੜੇਮਾਰੀ ਤੇ ਮੀਂਹ ਨਾਲ ਕਿਸਾਨਾਂ ਦਾ ਹੋਰ ਭਾਰੀ ਆਰਥਕ ਨੁਕਸਾਨ ਹੋਇਆ ਹੈ, ਜਿਸ ਕਾਰਨ ਕਰਜ਼ੇ ਦੀ ਮਾਰ ਝੱਲ ਰਿਹਾ ਕਿਸਾਨ ਹੋਰ ਕਰਜ਼ਾਈ ਹੋਵੇਗਾ । ਉਨ੍ਹਾਂ ਕਿਹਾ ਕਿ ਪਸ਼ੂਆਂ ਦੇ ਚਾਰੇ ਲਈ ਤੂੜੀ ਬਣਾਉਣ ਵਿੱਚ ਭਾਰੀ ਰੁਕਾਵਟ ਆਵੇਗੀ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿਸਾਨਾਂ ਦੀਆਂ ਖ਼ਰਾਬ ਹੋਈਆਂ ਫ਼ਸਲਾਂ ਦਾ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ।

# ਅਬਾਦ ਹੁਨਰ ਹੱਟ ਦੀ ਸਥਾਪਨਾ

ਗੁਰਦਾਸਪੁਰ (ਜਨਕ ਮਹਾਜਨ) - ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਇੱਕ ਹੋਰ ਪਹਿਲਕਦਮੀ ਨਾਲ ਜ਼ਿਲ੍ਹੇ ਦੇ ਸਵੈ ਸਹਾਇਤਾਂ ਸਮੂਹਾਂ ਨਾਲ ਜੁੜ ਕੇ ਆਪਣੀ ਉਪਜੀਵਕਾ ਕਮਾ ਰਹੀਆਂ ਔਰਤਾਂ ਦੀ ਆਮਦਨ ਵਿੱਚ ਵਾਧਾ ਹੋਇਆ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਵਿਖੇ ਚਲਾਏ ਜਾ ਰਹੇ 'ਅਬਾਦ ਹੁਨਰ ਹੱਟ' ਨੇ ਸਵੈ ਸਹਾਇਤਾਂ ਸਮੂਹਾਂ ਨੂੰ ਉਨ੍ਹਾਂ ਵੱਲੋਂ ਤਿਆਰ ਕੀਤੇ ਸਮਾਨ ਨੂੰ ਵੇਚਣ ਲਈ ਇੱਕ ਬਹੁਤ ਵਧੀਆ ਪਲੇਟਫਾਰਮ ਮੁਹੱਈਆ ਕਰਵਾਇਆ ਹੈ। ਅਬਾਦ ਹੁਨਰ ਹੱਟ ਨੇ ਗੁਰਦਾਸਪੁਰ ਸ਼ਹਿਰ ਵਿੱਚ ਬਹੁਤ ਥੋੜ੍ਹੇ ਸਮੇਂ ਅੰਦਰ ਆਪਣੀ ਮਾਰਕਿਟ ਬਣਾ ਲਈ ਹੈ ਅਤੇ ਲੋਕਾਂ ਵੱਲੋਂ ਇਥੋਂ ਵੱਖ-ਵੱਖ ਉਤਪਾਦਾਂ ਨੂੰ ਖਰੀਦਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਅਬਾਦ ਹੁਨਰ ਹੱਟ ਬਾਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮਨਮੋਹਨ ਸਿੰਘ ਨੇ ਦੱਸਿਆ ਕਿ ਏਥੇ ਵੇਚਿਆ ਜਾਂਦਾ ਸਾਰਾ ਸਮਾਨ ਜ਼ਿਲ੍ਹੇ ਦੇ ਸਵੈ ਸਹਾਇਤਾ ਸਮੂਹਾਂ ਦੀਆਂ ਮਿਹਨਤੀ ਸਵਾਣੀਆਂ ਵੱਲੋਂ ਆਪਣੇ ਘਰਾਂ ਵਿੱਚ ਤਿਆਰ ਕੀਤਾ ਜਾਂਦਾ ਹੈ, ਜਿਸ ਦੀ ਕੁਆਲਿਟੀ ਬਹੁਤ ਵਧੀਆ ਹੋਣ ਦੇ ਨਾਲ ਕੀਮਤਾਂ ਵੀ ਬਹੁਤ ਵਾਜਬ ਹਨ। ਉਨ੍ਹਾ ਕਿਹਾ ਕਿ ਸਵੈ ਸਹਾਇਤਾ ਸਮੂਹਾਂ ਵੱਲੋਂ ਪਿੰਡਾਂ ਵਿੱਚ ਘਰੇਲੂ ਜ਼ਰੂਰਤ ਦਾ ਸਮਾਨ ਬਣਾਇਆ ਜਾ ਰਿਹਾ ਸੀ ਪਰ ਉਸ ਦੀ ਮਾਰਕਟਿੰਗ ਨਾ ਹੋਣ ਕਰਕੇ ਸਵੈ ਸਹਾਇਤਾ ਸਮੂਹਾਂ ਨੂੰ ਪੂਰਾ ਲਾਭ ਨਹੀਂ ਸੀ ਮਿਲ ਪਾਉਂਦਾ। ਉਨ੍ਹਾ ਕਿਹਾ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਸਵੈ ਸਹਾਇਤਾਂ ਸਮੂਹਾਂ ਵੱਲੋਂ ਤਿਆਰ ਕੀਤੇ ਸਮਾਨ ਨੂੰ ਵੇਚਣ ਲਈ ਪਲੇਟਫਾਰਮ ਮੁਹੱਈਆ ਕਰਵਾਉਣ ਦੇ ਮਕਸਦ ਤਹਿਤ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਦਫ਼ਤਰ ਕੋਲ ਅਬਾਦ ਹੁਨਰ ਹੱਟ ਦੀ ਸਥਾਪਨਾ ਕੀਤੀ ਗਈ ਹੈ, ਜੋ ਕਿ ਮਾਰਕਟਿੰਗ ਦੇ ਪੱਖ ਤੋਂ ਬਹੁਤ ਅਹਿਮ ਸਾਬਤ ਹੋਇਆ ਹੈ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮਨਮੋਹਨ ਸਿੰਘ ਨੇ ਦੱਸਿਆ ਕਿ ਅਬਾਦ ਹੁਨਟ ਹੱਟ ਨੂੰ ਇੱਕ ਸ਼ੋਅਰੂਮ ਵਾਂਗ ਬਣਾਇਆ ਗਿਆ ਹੈ ਅਤੇ ਇਸ ਦਾ ਪ੍ਰਬੰਧ ਚਲਾਉਣ ਲਈ ਸੈਲਫ ਹੈਲਪ ਗਰੁੱਪ ਦੀ ਮੈਂਬਰ ਸੁਖਵਿੰਦਰ ਕੌਰ ਨੂੰ ਸੇਲਜ਼ ਮੈਨੇਜਰ ਬਣਾਇਆ ਗਿਆ ਹੈ। ਉਨ੍ਹਾ ਦੱਸਿਆ ਕਿ ਅਬਾਦ ਹੁਨਰ ਹੱਟ 'ਚ ਸਮਾਨ ਵੇਚਣ ਤੋਂ ਇਲਾਵਾ ਪ੍ਰਸ਼ਾਸਨ ਵੱਲੋਂ ਸਵੈ ਸਹਾਇਤਾਂ ਸਮੂਹਾਂ ਵੱਲੋਂ ਤਿਆਰ ਸਮਾਨ ਦੀ ਬਰੈਂਡਿੰਗ, ਰਜਿਸਟਰੇਸ਼ਨ ਅਤੇ ਪ੍ਰਮੋਸ਼ਨ ਦਾ ਕੰਮ ਵੀ ਕੀਤਾ ਜਾਂਦਾ ਹੈ। ਉਨ੍ਹਾ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਅਬਾਦ ਹੁਨਰ ਹੱਟ ਤੋਂ ਵੱਧ ਤੋਂ ਵੱਧ ਸਮਾਨ ਖਰੀਦਣ ਤਾਂ ਜੋ ਇਹ ਸਮਾਨ ਬਣਾ ਰਹੀਆਂ ਔਰਤਾਂ ਦੀ ਉਪਜੀਵਕਾ ਵਿੱਚ ਵਾਧਾ ਹੋ ਸਕੇ। ਅਬਾਦ ਹੁਨਰ ਹੱਟ ਦੀ ਸੇਲਜ਼ ਮੈਨੇਜਰ ਸੁਖਵਿੰਦਰ ਕੌਰ ਨੇ ਦੱਸਿਆ ਕਿ ਇਥੇ ਘਰੇਲੂ ਵਰਤੋਂ ਦੇ 35 ਤੋਂ ਵੱਧ ਉਤਪਾਦਾਂ ਦੀ ਵਿਕਰੀ ਕੀਤੀ ਜਾ ਰਹੀ ਹੈ ਜਿਸ ਵਿੱਚ ਮੁਰੱਬਾ, ਅਚਾਰ, ਗੁੜ, ਸ਼ੱਕਰ, ਸਰੋਂ ਦਾ ਤੇਲ, ਸ਼ਹਿਦ, ਕੋਧਰੇ ਦਾ ਆਟਾ, ਹੈਂਡ ਵਾਸ਼, ਡਾਲੀਆ, ਗਿਰੀ ਦਾ ਤੇਲ, ਹਲਦੀ, ਸੇਵੀਆਂ, ਚੌਲ, ਸਾਬਣ, ਸਰਫ਼, ਟੂਥਪੇਸਟ, ਫਿਨਾਇਲ ਦਾ ਤੇਲ, ਕਿਚਨ ਮਸਾਲਾ, ਲੱਕੜ ਦੇ ਵੱਖ-ਵੱਖ ਖਿਡੌਣੇ, ਪੱਖੀਆਂ, ਜੂਟ ਦੇ ਬੈਗ, ਵਰਮੀਕੰਪੋਸਟ, ਫੁਲਕਾਰੀਆਂ, ਬਾਗ, ਸਜਾਵਟ ਦਾ ਸਮਾਨ, ਲੇਡੀਜ਼ ਪਰਸ, ਹੱਥੀਂ ਤਿਆਰ ਕੀਤੇ ਉਨੀ ਤੇ ਸੂਤੀ ਕੱਪੜੇ, ਸਜਾਵਟੀ ਫੁੱਲ, ਡੈਕੋਰੇਸ਼ਨ ਦਾ ਸਮਾਨ, ਰੰਗ-ਬਿਰੰਗੇ ਹਾਰ, ਸਜਾਵਟੀ ਤਸਵੀਰਾਂ ਸਮੇਤ ਘਰੇਲੂ ਵਰਤੋਂ ਦਾ ਹੋਰ ਸਮਾਨ ਵੀ ਵੇਚਿਆ ਜਾਂਦਾ ਹੈ।

## ਮੰਡੀਆਂ 'ਚ ਕਣਕ ਦੀ ਖਰੀਦ ਤੇ ਬਾਰਦਾਨੇ ਦਾ ਕੋਈ ਪੁਖਤਾ ਪ੍ਰਬੰਧ ਨਹੀਂ : ਗੋਪੀ ਕਲਸੀਆਂ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਹਲਕਾ ਖੇਮਕਰਨ ਤੋਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਗੋਪੀ ਕਲਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮੰਡੀਆਂ ਵਿੱਚ ਫਸਲ ਦੀ ਖਰੀਦ ਅਤੇ ਬਾਰਦਾਨੇ ਦਾ ਕੋਈ ਪੁਖਤਾ ਪ੍ਰਬੰਧ ਨਹੀਂ। ਉਨ੍ਹਾਂ ਕਿਹਾ ਕਿ ਬਾਰਦਾਨੇ ਦੀ ਥੁੜ ਅਤੇ ਫਸਲ ਦੀ ਖਰੀਦ 'ਚ ਨਿਰੰਤਰਤਾ ਨਾ ਹੋਣਾ 'ਆਪ' ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹਦਾ ਹੈ। ਗੋਪੀ ਕਲਸੀਆਂ ਨੇ ਕਿਹਾ ਕਿ ਮੰਡੀਆਂ ਵਿੱਚ ਕਣਕ ਆਈ ਨੂੰ ਤਕਰੀਬਨ ਇੱਕ ਹਫਤਾ ਹੋ ਗਿਆ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹੁਕਮ ਅਨੁਸਾਰ 1 ਅਪ੍ਰੈਲ ਨੂੰ ਖਰੀਦ ਸ਼ੁਰੂ ਹੋ ਚੁੱਕੀ ਹੈ। ਪਰ ਅੱਜ ਤੱਕ ਮੰਡੀਆ ਵਿੱਚ ਖਰੀਦ ਨਹੀਂ ਕੀਤੀ ਗਈ ਅਤੇ ਨਾ ਹੀ ਮੰਡੀਆਂ ਵਿੱਚ ਬਾਰਦਾਨੇ ਦਾ ਕੋਈ ਪ੍ਰਬੰਧ ਹੈ। ਉਨ੍ਹਾ ਕਿਹਾ ਕਿ ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਤੇ ਮਜ਼ਦੂਰਾਂ ਨਾਲ ਅਣਗਿਣਤ ਵਾਅਦੇ ਕੀਤੇ ਸਨ, ਜਿਨ੍ਹਾਂ 'ਚ ਦਾਣਾ ਮੰਡੀਆਂ ਵਿੱਚ ਕਿਸਾਨਾਂ ਨੂੰ ਖੱਜਲ-ਖੁਆਰੀ ਤੋਂ ਬਚਾਉਣਾ ਅਤੇ ਬਾਰਦਾਨੇ ਦੀ ਘਾਟ ਨਾ ਆਉਣ ਦੇਣਾ, ਇੱਕ ਸਨ। ਉਨ੍ਹਾ ਕਿਹਾ ਕਿ ਪਹਿਲਾਂ ਹੀ ਸੂਬਾ ਸਰਕਾਰ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਜਾਣ ਵਾਲੀ ਕਈ ਸਹੂਲਤਾਂ 'ਤੇ ਆਪਣਾ ਦੱਸ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਪ੍ਰੰਤੂ ਕੇਂਦਰ ਸਰਕਾਰ ਪੰਜਾਬ ਸਰਕਾਰ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਵੇਗੀ। ਉਨ੍ਹਾ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਬੀ ਜੇ ਪੀ ਵੱਡੇ ਪੱਧਰ 'ਤੇ ਜਿੱਤ ਪ੍ਰਾਪਤ ਕਰੇਗੀ ਤੇ ਹਲਕਾ ਖੇਮਕਰਨ ਦੇ ਲੋਕ ਅਨੂਪ ਸਿੰਘ ਭੁੱਲਰ ਨੂੰ ਬੀ ਜੇ ਪੀ ਪਾਰਟੀ ਤੋਂ ਵੱਡੀ ਲੀਡ ਨਾਲ ਵਿਧਾਇਕ ਥਾਪਣਗੇ।

# ਅਨੁਸੂਚਿਤ ਜਾਤੀ ਦੇ ਆਗੂ 'ਤੇ ਹਮਲੇ ਦੀ ਸਖਤ ਨਿੰਦਾ

ਸੰਗਰੂਰ 20 ਅਪ੍ਰੈਲ (ਪ੍ਰਵੀਨ ਸਿੰਘ)-ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਸੰਯੁਕਤ ਮੋਰਚੇ ਦੇ ਆਗੂਆਂ ਦੀ ਮੀਟਿੰਗ ਗੁਰਦੁਆਰਾ ਨਾਨਕਿਆਣਾ ਸਾਹਿਬ ਸੰਗਰੂਰ ਵਿਖੇ ਹੋਈ, ਜਿਸ ਵਿੱਚ ਪੰਜਾਬ ਵਿੱਚ ਕਾਨੂੰਨ ਵਿਵਸਥਾ ਨੂੰ ਲੈ ਕੇ ਪੰਜਾਬ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।

ਨਾਲ ਹੀ ਪੰਜਾਬ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਬਲਵਿੰਦਰ ਗਿੱਲ ਉੱਪਰ ਕੀਤੇ ਗਏ ਹਮਲੇ ਤੇ ਗਰੀਬ ਲੋਕਾਂ ਉੱਪਰ ਹੋ ਰਹੇ ਸੱਭਿਆਚਾਰ ਲਈ ਪੰਜਾਬ ਸਰਕਾਰ ਜ਼ੁੰਮੇਵਾਰ ਹੈ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਗਰੀਬ ਲੋਕਾਂ ਉੱਪਰ ਹੋ ਰਹੇ ਸੱਭਿਆਚਾਰ ਨੂੰ ਪੰਜਾਬ ਸਰਕਾਰ ਰੋਕਣਾ ਚਹੁੰਦੀ ਹੈ ਤਾਂ ਬਲਵਿੰਦਰ ਗਿੱਲ ਉੱਪਰ ਗੋਲੀਆਂ ਚਲਾਉਣ ਵਾਲੇ ਵਿਅਕਤੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

ਉੱਕਤ ਵਿਚਾਰਾਂ ਦਾ ਪ੍ਰਗਟਾਵਾ ਸ੍ਰ. ਵਰਿਆਮ ਸਿੰਘ ਚੰਦੜ ਥਲੇਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਮੋਰਚੇ ਦੇ ਆਗੂਆਂ ਵੱਲੋਂ ਬਲਵਿੰਦਰ ਗਿੱਲ ਨਾਲ ਮੁਲਾਕਾਤ ਕੀਤੀ ਜਾਵੇਗੀ, ਤਾਂ ਜੋ ਉਨ੍ਹਾਂ ਉੱਪਰ ਹਮਲਾ ਕਰਨ ਵਾਲੇ ਵਿਅਕਤੀਆਂ ਬਾਰੇ ਜਾਣਕਾਰੀ ਲਈ ਜਾ ਸਕੇ।

ਇਸ ਮੌਕੇ ਉਨ੍ਹਾਂ ਨਾਲ ਜਗਸੀਰ ਸਿੰਘ ਖੇੜੀ ਚੰਦਵਾ ਪ੍ਰੈੱਸ ਸਕੱਤਰ ਸੁਖਚੈਨ ਸਿੰਘ ਸਾਰੋ ਸਕੱਤਰ ਨਿਰਭੈ ਸਿੰਘ ਛੰਨਾ ਹਾਜ਼ਰ ਸਨ।


**ਵਿਕਰੀ ਨੋਟਿਸ**

ਰੇਵੰਟ ਪ੍ਰਸੀਜ਼ਨ ਇੰਜੀਨੀਅਰਿੰਗ ਲਿਮਟਿਡ (ਪਹਿਲਾਂ ਐਮ ਟੈਕ ਆਟੋ ਲਿਮਟਿਡ ਵਜੋਂ ਜਾਣਿਆ ਜਾਂਦਾ) ('ਏ ਐਮ ਸੀ') ਦੇ ਪ੍ਰਵਾਨਤ ਮਤਾ ਯੋਜਨਾ ਦੀਆਂ ਸ਼ਰਤਾਂ ਮੁਤਾਬਕ ਤੈਅ ਕੀਤੀ ਗਈ ਐੱਸਟਸ ਮੋਨੀਟਰਿੰਗ ਕਮੇਟੀ ਅਮਲ ਅਡਵਾਈਜ਼ਰਜ਼ ਟੂ ਏ ਐਮ ਸੀ ('ਅਡਵਾਈਜ਼ਰ') : ਈ ਵਾਈ ਐੱਲ ਐੱਲ ਪੀ

ਈਮੇਲ ਆਈ ਡੀ : amtekauto.amc@gmail.com

ਇੱਕ ਨਕਲ : sushmit.parwal@in.ey.com,Anushka.khemka@in.ey.com

ਮੋਬਾਇਲ ਨੰ. : +919599942250, +918130153358

ਅਡਵਾਈਜ਼ਰ ਦਾ ਪਤਾ : ਤੀਸਰੀ ਅਤੇ ਛੇਵੀਂ ਮੰਜ਼ਲ , ਵਰਲਡਮਾਰਕ-1, ਆਈ ਜੀ ਆਈ ਏਅਰਪੋਰਟ ਹਾਸਪੀਟੈਲਟੀ ਜ਼ਿਲ੍ਹਾ, ਐਰੋਸਿਟੀ, ਨਵੀਂ ਦਿੱਲੀ-110037 ਭਾਰਤ

**ਈ-ਨਿਲਾਮੀ ਵਿਕਰੀ ਨੋਟਿਸ**

ਰੇਵੰਟ ਪ੍ਰਸੀਜ਼ਨ ਇੰਜੀਨੀਅਰਿੰਗ ਲਿਮਟਿਡ (ਪਹਿਲਾਂ ਐੱਮਟੈੱਕ ਆਟੋ ਲਿਮਟਿਡ ਵਜੋਂ ਜਾਣਿਆ ਜਾਂਦਾ) ਦੇ ਅਚੱਲ ਅਸਾਸਿਆਂ ਦੀ ਵਿਕਰੀ

ਰੇਵੰਟ ਪ੍ਰਸੀਜ਼ਨ ਇੰਜੀਨੀਅਰਿੰਗ ਲਿਮਟਿਡ (ਪਹਿਲਾਂ ਐੱਮਟੈੱਕ ਲਿਮਟਿਡ ਵਜੋਂ ਜਾਣਿਆ ਜਾਂਦਾ) ('ਕੰਪਨੀ') ਇਨਸਾਲਵੈਂਸੀ ਐਂਡ ਬੈਂਕਰਪਟਸੀ ਕੋਡ 2016 ਦੇ ਤਹਿਤ ਕਾਰਪੋਰੇਟ ਇਨਸਾਲਵੈਂਸੀ ਰੈਜ਼ੂਲੇਸ਼ਨ ਪ੍ਰਕਿਰਿਆ ਵਿੱਚੋਂ ਗੁਜ਼ਰ ਰਹੀ ਹੈ। ਕੰਪਨੀ ਲਈ ਤੈਅ ਰੈਜ਼ੂਲੇਸ਼ਨ ਸ਼ਰਤਾਂ ਜਿਵੇਂ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ, ਚੰਡੀਗੜ੍ਹ ਬੈਂਚ ਵੱਲੋਂ ਆਪਣੇ 9 ਜੁਲਾਈ 2020 ਦੇ ਹੁਕਮਾਂ ਮੁਤਾਬਕ (''ਪ੍ਰਵਾਨਤ ਰੈਜ਼ੂਲੇਸ਼ਨ ਪਲਾਨ'') ਏ ਐਮ ਸੀ ਨੂੰ ਅਧਿਕਾਰ ਦਿੱਤਾ ਗਿਆ ਕਿ ਉਹ ਕੰਪਨੀ ਦੀਆਂ ਕੁਝ ਅਚੱਲ ਜਾਇਦਾਦਾਂ ਵੇਚ ਸਕਦੀ ਹੈ। ਈ ਵਾਈ ਵੱਲੋਂ ਏ ਐਮ ਸੀ ਅਤੇ ਇੰਟਰ ਆਲੀਆ ਦੇ ਸੰਬੰਧ 'ਚ ਇੱਕ ਅਡਵਾਈਜ਼ਰ ਨਿਯੁਕਤ ਕੀਤਾ ਗਿਆ ਹੈ, ਜੋ ਕੰਪਨੀ ਦੇ ਹੇਠ ਲਿਖੇ ਅਚੱਲ ਅਸਾਸਿਆਂ ਦੀ ਵਿਕਰੀ ਕਰੇਗਾ।

ਆਮ ਜਨਤਾ ਨੂੰ ਖਾਸ ਕਰਕੇ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੀਆਂ ਜਾਇਦਦਾਂ ਦੀ ਈ-ਨਿਲਾਮੀ 'ਜਿੱਥੇ ਹੈ ਜਿਵੇਂ ਹੈ', 'ਜਿੱਥੇ ਹੈ ਜੋ ਵੀ ਹੈ' ਅਤੇ ਉੱਥੇ 'ਜੋ ਵੀ ਹੈ' ਅਤੇ ਨੋ ਰੀਕੋਰਸ ਬੇਸਿਜ਼ ਦੇ ਅਧਾਰ 'ਤੇ ਕੀਤੀ ਜਾਣੀ ਹੈ।

ਹੇਠਾਂ ਦਰਸਾਈਆਂ ਜਾਇਦਾਦਾਂ ਕੰਪਨੀ ਦੇ ਨਾਨ-ਕੋਰ ਐੱਸਟਸ ਦਾ ਹਿੱਸਾ ਹਨ ਅਤੇ ਕੰਪਨੀ ਦੇ ਉਤਪਾਦਨ ਕਾਰੋਬਾਰਾਂ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ।

| ਜਾਇਦਾਦ ਦਾ ਵੇਰਵਾ | ਈ-ਨਿਲਾਮੀ ਮਿਤੀ ਅਤੇ ਸਮਾਂ | ਰਾਖਵੀਂ ਕੀਮਤ / ਈ ਐਮ ਡੀ ਰਾਸ਼ੀ / ਵਾਧਾ ਰਕਮ | ਦਸਤਾਵੇਜ਼ ਪ੍ਰਕਿਰਿਆ ਵਜੋਂ ਦਸਤਾਵੇਜ਼ ਜਮ੍ਹਾਂ ਕਰਨ ਦੀ ਮਿਤੀ ਅਤੇ ਸਮਾਂ ਅਤੇ ਈ-ਆਕਸ਼ਨ ਵੈੱਬਸਾਈਟ 'ਤੇ ਈ ਐਮ ਡੀ ਦੀ ਅਦਾਇਗੀ ਦੇ ਸਬੂਤ |
| --- | --- | --- | --- |
| ਖੇਤੀਬਾੜੀ ਵਾਲੀ ਜ਼ਮੀਨ : ਪਿੰਡ ਰਜਿੰਦਰਗੜ੍ਹ, ਹੱਦਬਸਤ ਨੰ: 263, ਤਹਿ: ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ-140406 ਜ਼ਮੀਨ ਮਿਣਤੀ 80,634 ਵਰਗ ਮੀਟਰ (ਮਤਲਬ 19.925 ਏਕੜ) ਹੱਦਾਂ : ਉੱਤਰ : ਖੇਤੀਬਾੜੀ ਵਾਲੀ ਜ਼ਮੀਨ ਦੱਖਣ : ਰੇਲਵੇ ਲਾਈਨ ਪੂਰਬ : ਐੱਚ ਟੀ ਲਾਈਨ, ਪੱਛਮ : 18 ਫੁੱਟ ਚੌੜੀ ਸੜਕ। (''ਸਬਜੈਕਟ ਪ੍ਰਾਪਰਟੀ'') | ਮਿਤੀ : 05.05.2023 ਸਮਾਂ : 60 ਮਿੰਟ ਦੁਪਹਿਰ 12.00 ਵਜੇ ਤੋਂ ਦੁਪਹਿਰ ਬਾਅਦ 1.00 ਵਜੇ ਤੱਕ 5 ਮਿੰਟ ਦੇ ਹਰੇਕ ਅਸੀਮਤ ਵਾਧੇ ਨਾਲ। | ਰਾਖਵੀਂ ਕੀਮਤ : ਰੁਪਏ 522.00 ਲੱਖ / ਰਕਮ ਬਿਆਨਾ ਜਮ੍ਹਾਂ : (ਈ ਐਮ ਡੀ) ਰੁਪਏ 52.20 ਲੱਖ / ਬੋਲੀ ਵਾਧਾ ਰਕਮ ਰੁਪਏ : 1.00 ਲੱਖ | 03.05.2023 ਨੂੰ ਸ਼ਾਮ 4.00 ਵਜੇ ਜਾਂ ਪਹਿਲਾਂ |

ਨਾਨ-ਡਿਸਕਲੋਜ਼ਰ ਅੰਡਰਟੇਕਿੰਗ ਅਤੇ ਕੇ ਵਾਈ ਸੀ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ 25.04.2023 ਨੂੰ ਸ਼ਾਮ 4.00 ਵਜੇ ਤੋਂ ਪਹਿਲਾਂ ਈਮੇਲ amtekauto.amc@gmail.com with cc to: sushmit.parwal@in.ey.com, Anushka.khemka@in.ey.com ਅਤੇ shikhar.mundra@in.ey.com

ਚਾਹਵਾਨ ਬੋਲੀਕਾਰਾਂ ਨੂੰ ਆਪਣੇ 4 ਪ੍ਰਤੀਨਿਧੀਆਂ ਸਮੇਤ ਮੌਕੇ 'ਤੇ ਪੜਤਾਲ ਲਈ ਸਿਰਫ ਇੱਕ ਮੌਕਾ ਮਿਲੇਗਾ।

1. ਈ-ਨਿਲਾਮੀ 'ਜਿੱਥੇ ਹੈ ਜਿਵੇਂ ਹੈ', 'ਜਿੱਥੇ ਹੈ, ਜੋ ਵੀ ਹੈ ਅਤੇ ਉੱਥੇ ਜੋ ਵੀ ਹੈ' ਅਤੇ ਨੋ ਰੀਕੋਰਸ ਬੇਸਿਜ਼ ਦੇ ਆਧਾਰ ਉੱਤੇ ਕੀਤੀ ਜਾਣੀ ਹੈ ਅਤੇ ਆਨਲਾਈਨ ਨਿਲਾਮੀ ਹੋਵੇਗੀ। ਈ-ਨਿਲਾਮੀ ਸਾਡੇ ਸਰਵਿਸ ਪ੍ਰੋਵਾਈਡਰ M/s C1 India Pvt Ltd ਰਾਹੀਂ ਵੈੱਬ ਪੋਰਟਲ https://www.bankeauctions.com ਰਾਹੀਂ ਹੋਵੇਗੀ। ਈ-ਨਿਲਾਮੀ ਟੈਂਡਰ ਦਸਤਾਵੇਜ਼, ਨਾਨ-ਡਿਸਕਲੋਜ਼ਰ ਅੰਡਰਟੇਕਿੰਗ ਦੇ ਡਰਾਫਟ ਵਗੈਰਾ, ਆਨਲਾਈਨ ਨਿਲਾਮੀ ਹੋਰ ਲੋੜੀਂਦੇ ਦਸਤਾਵੇਜ਼, ਘੋਸ਼ਣਾ, ਆਨਲਾਈਨ ਨਿਲਾਮੀ ਵਿਕਰੀ ਦੀਆਂ ਜਨਰਲ ਸ਼ਰਤਾਂ ਅਤੇ ਨਿਯਮ https://www.bankeauctions.com 'ਤੇ ਉਪਲੱਬਧ ਹਨ।
2. ਚਾਹਵਾਨ ਬੋਲੀਕਾਰਾਂ ਨੂੰ ਜਾਇਦਾਦ ਜੋ ਨਿਲਾਮੀ 'ਤੇ ਲਗਾਈ ਗਈ ਹੈ, ਦੀ ਆਪਣੇ ਤੌਰ 'ਤੇ ਵੱਖਰੀ ਪੜਤਾਲ ਕਰ ਲੈਣੀ ਚਾਹੀਦੀ ਹੈ ਅਤੇ ਦਾਅਵੇ/ਹੱਕ-ਹਕੂਕ/ਬਕਾਏ/ਜਾਇਦਾਦ ਉੱਪਰ ਕਿਸੇ ਕਿਸਮ ਦਾ ਭਾਰ ਆਦਿ ਦਾ ਬੋਲੀ ਜਮ੍ਹਾਂ ਕਰਾਉਣ ਤੋਂ ਪਹਿਲਾਂ ਪਤਾ ਕਰ ਲੈਣਾ ਚਾਹੀਦਾ ਹੈ। ਈ-ਨਿਲਾਮੀ ਇਸ਼ਤਿਹਾਰ ਇਸ ਦੀ ਗਾਰੰਟੀ ਨਹੀਂ ਲੈਂਦਾ ਅਤੇ ਨਾ ਹੀ ਕੋਈ ਵਾਅਦਾ ਕਰਦਾ ਹੈ, ਨਾ ਹੀ ਏ ਐਮ ਸੀ ਬਾਰੇ ਕੋਈ ਜ਼ਾਮਨੀ ਲੈਂਦਾ ਹੈ ਅਤੇ ਨਾ ਹੀ ਅਡਵਾਈਜ਼ਰ ਕੋਈ ਜ਼ਿੰਮੇਵਾਰੀ ਕਬੂਲ ਕਰਦਾ ਹੈ। ਅਡਵਾਈਜ਼ਰ/ਏ ਐਮ ਸੀ ਕਿਸੇ ਵੀ ਤਰ੍ਹਾਂ ਦੇ ਇਸ ਜਾਇਦਾਦ ਸੰਬੰਧੀ ਤੀਸਰੀ ਧਿਰ ਦੇ ਦਾਅਵੇ/ਹੱਕ-ਹਕੂਕ/ਬਕਾਏ/ਜਾਇਦਾਦ ਉੱਪਰ ਕਿਸੇ ਕਿਸਮ ਦਾ ਭਾਰ ਲਈ ਜ਼ਿੰਮੇਵਾਰ ਨਹੀਂ ਹੋਵੇਗਾ। ਏ ਐਮ ਸੀ ਨੂੰ ਇਹ ਅਧਿਕਾਰ ਹੋਵੇਗਾ ਕਿ ਨਿਲਾਮੀ ਪ੍ਰਕਿਰਿਆ ਨੂੰ ਉਹ ਤਬਦੀਲ ਕਰ ਸਕਦਾ ਹੈ, ਉਸ ਵਿੱਚ ਸੋਧ ਕਰ ਸਕਦਾ ਹੈ, ਉਸ ਦੇ ਮਤੇ ਵੀ ਸੋਧ ਕਰ ਸਕਦਾ ਹੈ, ਉਸ ਵਿੱਚ ਵਾਧਾ ਕਰ ਸਕਦਾ ਹੈ, ਕਿਸੇ ਭਾਗ ਨੂੰ ਅੱਗੇ ਪਾ ਸਕਦਾ ਹੈ ਜਾਂ ਪ੍ਰਕਿਰਿਆ ਰੋਕ ਸਕਦਾ ਹੈ ਅਤੇ ਇਹ ਏ ਐਮ ਸੀ ਦੀ ਸਮਝ 'ਤੇ ਹੋਵੇਗਾ ਕਿ ਉਹ ਕਿਸੇ ਵੀ ਸਟੇਜ 'ਤੇ ਕਿਸੇ ਵੀ ਕਾਰਨਵੱਸ ਬੋਲੀ ਰੋਕ ਸਕਦਾ ਹੈ।
3. ਸਾਰੀਆਂ ਸਟੈਚੂਟਰੀ ਦੇਣਦਾਰੀਆਂ/ਟੈਕਸ/ਰੱਖ-ਰਖਾਅ ਦੀ ਫੀਸ/ਬਿਜਲੀ/ਪਾਣੀ ਦੇ ਬਿੱਲ ਆਦਿ ਜੋ ਉਸ ਤਰੀਕ ਤੱਕ ਬਕਾਇਆ ਖੜ੍ਹੇ ਹੋਣ ਅਤੇ ਇਸ ਤਰੀਕ ਤੱਕ ਨਾ ਮਾਲੂਮ ਹੋਣ ਕਾਰਨ ਬਾਅਦ ਵਿੱਚ ਦੇਣਯੋਗ ਹੋਣ ਦਾ ਪਤਾ ਲੱਗੇ, ਦਾ ਸਾਰਾ ਭਾਰ ਸਫਲ ਬੋਲੀਕਾਰ (ਬੋਲੀਕਾਰਾਂ) ਨੂੰ ਉਠਾਉਣਾ ਪਵੇਗਾ। ਏ ਐਮ ਸੀ ਇੱਥੇ ਦਿੱਤੀ ਗਈ ਹਰੇਕ ਜਾਣਕਾਰੀ ਦੀ ਪੁਸ਼ਟੀ ਦੀ ਜ਼ਿੰਮੇਵਾਰੀ ਨਹੀਂ ਲੈਂਦਾ।
4. ਈ-ਨਿਲਾਮੀ ਨਾਲ ਸੰਬੰਧਤ ਸਵਾਲਾਂ ਬਾਰੇ ਚਾਹਵਾਨ ਬੋਲੀਕਾਰ M/s C1 India Pvt.Ltd ਫੋਨ ਨੰ. +91-7291981124/1125/1126/ +91 9594597555 ਜਾਂ ਈਮੇਲ support@bankeauctions.com/hareesh.gowda@c1india.com 'ਤੇ ਸੰਪਰਕ ਕਰ ਸਕਦੇ ਹਨ।

ਈ-ਨਿਲਾਮੀ ਦੀਆਂ ਹੋਰ ਸ਼ਰਤਾਂ ਅਤੇ ਨਿਯਮ ਇਸ ਵੈੱਬਸਾਈਟ ਉੱਤੇ ਪਾ ਦਿੱਤੇ ਗਏ ਹਨ : https://www.bankeauctions.com

ਮਿਤੀ : 21.04.2023 ਸਥਾਨ : ਨਵੀਂ ਦਿੱਲੀ    ਏ ਐਮ ਸੀ ਪ੍ਰਾਸੈੱਸ ਅਡਵਾਈਜ਼ਰ


# ਗੁਰੂ ਨਾਨਕ ਦੇਵ 'ਵਰਸਿਟੀ ਦੀ ਮੇਜ਼ਬਾਨੀ ਹੇਠ ਹੋਵੇਗਾ ਲੈਕਚਰ ਸੀਰੀਜ਼ ਪ੍ਰੋਗਰਾਮ

ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ ) ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਹਾਲ 'ਚ ਹੀ ਵਾਈ-20 ਸਿਖਰ ਸੰਮੇਲਨ ਦੇ ਸਫਲਤਾਪੂਰਵਕ ਆਯੋਜਨ ਦੇ ਬਾਅਦ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਵੱਲੋਂ ਆਯੋਜਿਤ ਕੀਤੇ ਜਾ ਰਹੇ ਜੀ-20 'ਯੂਨੀਵਰਸਿਟੀ ਕਨੈਕਟ: ਐਂਗੇਜਿੰਗ ਯੰਗ ਮਾਈਂਡਸ' ਲੈਕਚਰ ਸੀਰੀਜ਼ ਪ੍ਰੋਗਰਾਮ ਦੀ ਮੇਜ਼ਬਾਨੀ ਦਾ ਮਾਣ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਦੇ ਦਿੱਤਾ ਹੈ। ਵਿਦੇਸ਼ ਮੰਤਰਾਲੇ ਵੱਲੋਂ ਜੀ-20 ਯੂਨੀਵਰਸਿਟੀ ਕਨੈਕਟ ਪ੍ਰੋਗਰਾਮ ਦੇ ਆਯੋਜਨ ਲਈ ਚੁਣੇ ਗਏ 75 ਵਿੱਦਿਅਕ ਅਦਾਰਿਆਂ ਵਿੱਚੋਂ ਚੁਣੇ ਅਦਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 28 ਅਪ੍ਰੈਲ ਨੂੰ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਦਾ ਆਯੋਜਨ ਵਿਦੇਸ਼ ਮੰਤਰਾਲੇ ਅਤੇ ਰੀਸਰਚ ਐਂਡ ਇਨਫਰਮੇਸ਼ਨ ਸਿਸਟਮ ਫਾਰ ਡਿਵੈਲਪਿੰਗ ਕੰਟਰੀਜ਼, ਨਵੀਂ ਦਿੱਲੀ ਅਧਾਰਤ ਖੁਦਮੁਖਤਿਆਰ ਨੀਤੀ ਖੋਜ ਸੰਸਥਾ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਦਾ ਉਦੇਸ਼ ਜੀ-20 ਦੀ ਭਾਰਤ ਦੀ ਪ੍ਰਧਾਨਗੀ ਬਾਰੇ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਅਕਾਦਮਿਕ ਭਾਈਚਾਰੇ ਵਿੱਚ ਜੀ-20 ਦੇ ਹਿੱਸੇ ਵਜੋਂ ਭਾਰਤ ਦੁਆਰਾ ਪ੍ਰਾਪਤ ਕੀਤੇ ਗਏ ਟੀਚਿਆਂ ਦੀ ਡੂੰਘੀ ਸਮਝ ਪੈਦਾ ਕਰਨਾ ਅਤੇ ਇਸ ਉਪਰ ਵਿਚਾਰ ਕਰਨਾ ਹੈ। ਭਾਰਤ ਦੀ ਜੀ-20 ਪ੍ਰੋਗਰਾਮਾਂ ਦੀ ਮੇਜ਼ਬਾਨੀ ਦਾ ਸਿਲਸਿਲਾ 1 ਦਸੰਬਰ, 2022 ਨੂੰ ਸ਼ੁਰੂ ਹੋਇਆ ਅਤੇ ਭਾਰਤ ਦੀ ਅਗਵਾਈ ਹੇਠ ਹੀ ਜੀ-20 ਫੋਰਮ, ਸਤੰਬਰ 2023 ਵਿੱਚ ਨਵੀਂ ਦਿੱਲੀ ਦੇ ਸੰਮੇਲਨ ਵਿੱਚ 43 ਵਫ਼ਦਾਂ ਦੇ ਮੁਖੀਆਂ ਦੇ ਨਾਲ ਹੁਣ ਤੱਕ ਦੀ ਸਭ ਤੋਂ ਵੱਡੀ ਭਾਗੀਦਾਰੀ ਦਾ ਗਵਾਹ ਬਣੇਗਾ।

ਜੀ 20 ਇੱਕ ਵਿਲੱਖਣ ਸਮੂਹ ਹੈ ਜਿਸ ਵਿੱਚ ਗਲੋਬਲ ਜੀ ਡੀ ਪੀ ਦਾ 85 ਪ੍ਰਤੀਸ਼ਤ, ਵਿਸ਼ਵ ਵਪਾਰ ਦਾ 75 ਪ੍ਰਤੀਸ਼ਤ ਅਤੇ ਵਿਸ਼ਵ ਦੀ ਅਬਾਦੀ ਦਾ 65 ਪ੍ਰਤੀਸ਼ਤ ਹੈ। ਗਲੋਬਲ ਸਾਊਥ ਦੇ ਨੇਤਾ ਵਜੋਂ; ਜੀ-20 ਵਰਗੇ ਬਹੁ-ਪੱਖੀ ਫੋਰਮਾਂ ਵਿੱਚ ਆਪਣੀ ਲਾਜ਼ਮੀ ਭੂਮਿਕਾ ਨਾਲ ਭਾਰਤ ਜਿਨ੍ਹਾਂ ਰਾਸ਼ਟਰ ਦੀ ਅਵਾਜ਼ ਨਹੀਂ ਸੁਣੀ ਜਾ ਰਹੀ, ਦੀ ਅਗਵਾਈ ਕਰ ਰਿਹਾ ਹੈ। ਜੀ 20 'ਯੂਨੀਵਰਸਿਟੀ ਕਨੈਕਟ' ਦਾ ਉਦਘਾਟਨ ਹਾਲ ਹੀ ਵਿੱਚ ਵਿਦੇਸ਼ ਮੰਤਰੀ, ਡਾ. ਐਸ ਜੈਸ਼ੰਕਰ ਦੁਆਰਾ ਸੁਸ਼ਮਾ ਸਵਰਾਜ ਭਵਨ ਵਿੱਚ ਸਮਾਗਮ ਦੌਰਾਨ 75 ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਨਾਲ ਕੀਤਾ ਗਿਆ ਸੀ। ਸਮਾਗਮ ਦੌਰਾਨ, ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਵਿਦੇਸ਼ ਮੰਤਰੀ ਨੇ ਕਿਹਾ ਸੀ ਕਿ ਸਾਡੀ ਕੋਸ਼ਿਸ਼ ਆਪਸੀ ਸਲਾਹ ਦੀ ਇੱਕ ਵਿਆਪਕ ਪ੍ਰਕਿਰਿਆ ਨਾਲ ਸਹਿਮਤੀ ਨੂੰ ਹੋਰ ਪ੍ਰਸੰਗਿਕ ਬਣਾਉਣਾ ਹੈ।

ਲੋਕਤੰਤਰ ਦੀ ਮਾਂ ਹੋਣ ਦੇ ਨਾਤੇ ਭਾਰਤ ਦੀ ਜੀ-20 ਪ੍ਰਧਾਨਗੀ ਸਲਾਹਕਾਰੀ, ਸਹਿਯੋਗੀ ਅਤੇ ਨਿਰਣਾਇਕ ਹੋਵੇਗੀ। ਨਤੀਜੇ ਵਜੋਂ, ਇਸ ਪ੍ਰੋਜੈਕਟ 'ਯੂਨੀਵਰਸਿਟੀ ਕਨੈਕਟ' ਅਧੀਨ ਨੌਜਵਾਨ ਸੂਝਬੂਝ ਨੂੰ ਸ਼ਾਮਲ ਕਰਦੇ ਹੋਏ ਆਰ.ਆਈ.ਐਸ ਅਤੇ ਵਿਦੇਸ਼ ਮੰਤਰਾਲੇ ਨੇ ਉੱਚ ਪੱਧਰੀ ਮੀਟਿੰਗਾਂ ਦੇ ਸਮਾਨਾਂਤਰ ਲੈਕਚਰਾਂ ਅਤੇ ਸੈਸ਼ਨਾਂ ਦੀ ਇੱਕ ਲੜੀ ਦੀ ਯੋਜਨਾ ਬਣਾਈ ਹੈ। ਮੁੱਖ ਪ੍ਰੋਗਰਾਮ ਤੋਂ ਪਹਿਲਾਂ, ਸਹਿਭਾਗੀ ਸੰਸਥਾਵਾਂ ਨੂੰ ਉਨ੍ਹਾਂ ਦੇ ਸ਼ਹਿਰਾਂ ਵਿੱਚ ਹੋਣ ਵਾਲੇ ਜੀ-20 ਪ੍ਰੋਗਰਾਮਾਂ ਪ੍ਰਤੀ ਵਿਦਿਆਰਥੀਆਂ ਦੀ ਦਿਲਚਸਪੀ ਲਈ ਲੇਖ ਮੁਕਾਬਲੇ, ਕੁਇਜ਼ ਅਤੇ ਹੋਰ ਉਸਾਰੂ ਗਤੀਵਿਧੀਆਂ ਦਾ ਆਯੋਜਨ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਜੀ 20 ਯੂਨੀਵਰਸਿਟੀ ਕਨੈਕਟ ਸੀਰੀਜ਼ ਦਾ ਹਿੱਸਾ ਬਣਨ ਵਾਲੇ ਵਿਦਿਆਰਥੀ ਵੀ ਆਪਣੇ ਸੁਝਾਵਾਂ ਨੂੰ ਸੋਸ਼ਲ ਮੀਡੀਆ ਰਾਹੀਂ ਉਜਾਗਰ ਕਰ ਸਕਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ 28 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਹੋਣ ਵਾਲੀ ਜੀ-20 'ਯੂਨੀਵਰਸਿਟੀ ਕਨੈਕਟ: ਐਂਗੇਜਿੰਗ ਯੰਗ ਮਾਈਂਡਸ' ਲੈਕਚਰ ਸੀਰੀਜ਼ ਲਈ ਨੋਡਲ ਅਫਸਰ ਵੀ ਨਿਯੁਕਤ ਕਰ ਦਿੱਤਾ ਗਿਆ ਹੈ। ਅਜਿਹੇ ਸਮੇਂ ਵਿੱਚ ਜਿੱਥੇ ਬਹੁਪੱਖੀਵਾਦ ਨੇ ਕੁਝ ਨੇਤਾਵਾਂ ਦੀਆਂ ਅਲੱਗ-ਥਲੱਗ ਨੀਤੀਆਂ ਦੁਆਰਾ ਦੁਨੀਆ ਭਰ ਵਿੱਚ ਅਸਥਿਰਤਾ ਦਾ ਮਾਹੌਲ ਸਿਰਜਿਆ ਹੋਇਆ ਹੈ, ਭਾਰਤ ਟਕਰਾਅ ਤੋਂ ਬਿਨਾਂ ਸਮਝੌਤਿਆਂ ਨੂੰ ਇੱਕ ਮੇਜ਼ 'ਤੇ ਲਿਆਉਣ ਲਈ ਪਾੜੇ ਨੂੰ ਭਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਵਿਸ਼ਵਵਿਆਪੀ ਸਮੱਸਿਆਵਾਂ ਦੇ ਹੱਲ ਲਈ ਆਪਣੀ ਭੂਮਿਕਾ ਨਿਭਾਅ ਰਿਹਾ ਹੈ ਜਿਸ ਲਈ ਸਾਰਿਆਂ ਦੇ ਯਤਨਾਂ ਦੀ ਜਰੂਰਤ ਹੈ। ਇਸ ਸਮੇਂ, ਵਧਦੇ ਗਲੋਬਲ ਤਾਪਮਾਨ, ਅੱਤਵਾਦ, ਸਰਹੱਦੀ ਹਮਲੇ, ਬਜ਼ਾਰ ਦੀ ਅਸਥਿਰਤਾ, ਜਲਵਾਯੂ ਪਰਿਵਰਤਨ ਦੇ ਆਉਣ ਵਾਲੇ ਅਤੇ ਵੱਡੇ ਸੰਕਟ ਨਾਲ ਜੁੜਿਆ ਹੋਇਆ ਹੈ ਅਤੇ ਇਸ ਸੰਬੰਧੀ ਹੋਰਨਾਂ ਉਦਮਾਂ ਦੇ ਨਾਲ ਨਾਲ ਭਾਰਤ ਅੰਤਰਰਾਸ਼ਟਰੀ ਸੂਰਜੀ ਗੱਠਜੋੜ ਅਤੇ ਵਿਸ਼ਵਵਿਆਪੀ ਪਹਿਲਕਦਮੀਆਂ ਦੀ ਸ਼ੁਰੂਆਤ ਕਰਕੇ ਇਹ ਜ਼ਿੰਮੇਵਾਰੀ ਸੰਭਾਲ ਰਿਹਾ ਹੈ।

21-April-PAGE-12.qxd 4/20/2023 10:25 PM Page 1



# ਫਲਾਈਓਵਰ ਦੀ ਦੇਰੀ ਲੋਕਾਂ ਲਈ ਬਣ ਰਹੀ ਸਿਰਦਰਦੀ



**ਨੰਗਲ (ਸੁਰਜੀਤ ਢੇਰ)**

ਸ਼ਹਿਰ ਵਿੱਚ ਬਣ ਰਿਹਾ ਫਲਾਈਓਵਰ ਲੋਕਾਂ ਲਈ ਸਿਰਦਰਦੀ ਬਣਦਾ ਜਾ ਰਿਹਾ ਹੈ। ਇਸ ਪੁਲ ਦਾ ਕੰਮ ਸ਼ੁਰੂ ਹੋਏ ਨੂੰ ਪੰਜ ਸਾਲ ਤੋਂ ਉੱਪਰ ਸਮਾਂ ਹੋ ਗਿਆ ਹੈ। ਦੋ ਸਾਲ ਵਿੱਚ ਪੁਲ ਦਾ ਕੰਮ ਮੁਕੰਮਲ ਹੋ ਜਾਣਾ ਸੀ। ਪਰ ਸਰਕਾਰਾਂ ਦੀ ਅਣਗਿਹਲੀ ਕਾਰਨ ਕੰਮ ਵਿਚ ਦੇਰੀ ਹੋ ਰਹੀ ਹੈ। ਪਿਛਲੇ ਸਾਲ ਤੋਂ ਫਾਟਕ ਬੰਦ ਹੋ ਜਾਣ ਦੇ ਕਾਰਨ ਨਵੀਆਂ ਮੁਸੀਬਤਾਂ ਦਾ ਸ਼ਹਿਰ ਵਾਸੀਆਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਚੀਫ ਵਾਲੇ ਪਾਸੇ ਤੋਂ ਭਾਵੇਂ ਛੋਟੇ ਵਹੀਕਲ ਲੰਘਦੇ ਹਨ। ਪਰ ਰੇਲਵੇ ਟਰੇਨਾਂ ਦੇ ਕਾਰਨ ਲਗਾਤਾਰ ਫਾਟਕ ਬੰਦ ਰਹਿਣ ਕਾਰਨ ਘੰਟਿਆਂ ਬੱਧੀ ਜਾਮ ਲੱਗ ਰਿਹਾ ਹੈ। ਕਈ ਵਾਰ ਤਾਂ ਸ਼ਹਿਰ ਹੀ ਜਾਮ ਹੋ ਜਾਂਦਾ ਹੈ। ਐਮਰਜੈਂਸੀ ਵਹੀਕਲਜ ਲਈ ਹੋਰ ਵੀ ਮੁਸੀਬਤ ਬਣ ਜਾਂਦੀ ਹੈ। ਭਾਵੇਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਡਿਪਟੀ ਕਮਿਸ਼ਨਰ ਰੂਪਨਗਰ ਨੇ ਇਸ ਸਾਲ ਦੇ ਸ਼ੁਰੂ ਵਿੱਚ ਦੌਰਾ ਕਰਕੇ ਸਹਿਰ ਵਾਸੀਆਂ ਨੂੰ ਯਕੀਨ ਦਿਵਾਇਆ ਸੀ ਕਿ 31 ਮਾਰਚ ਨੂੰ ਫਲਾਈਓਵਰ ਦਾ ਇੱਕ ਪਾਸਾ ਚਾਲੂ ਕਰ ਦਿੱਤਾ ਜਾਵੇਗਾ। ਪਰ ਉਨ੍ਹਾਂ ਦੇ ਕਹਿਣ ਦੀ ਦੇਰ ਸੀ। ਫਲਾਈਓਵਰ ਦਾ ਕੰਮ ਠੱਪ ਹੋ ਗਿਆ ਹੈ। ਇਥੇ ਨੰਗਲ ਸੰਘਰਸ਼ ਕਮੇਟੀ ਦੇ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕਰਨੈਲ ਸਿੰਘ ਸੈਣੀ,ਦੀਪਕ ਨੰਦਾ ਕੌਂਸਲਰ ਅਤੇ ਸੁਨੀਲ ਕੁਮਾਰ ਨੇ ਕਿਹਾ ਕਿ ਮੰਤਰੀ ਤੇ ਪ੍ਰਸ਼ਾਸਨ ਦਾ ਲਗਾਤਾਰ ਝੂਠ ਬੋਲਣਾ ਸੋਭਾ ਨਹੀਂ ਦਿੰਦਾ। ਜੇਕਰ ਫਲਾਈਓਵਰ ਦੇ ਕੰਮ ਵਿਚ ਕੋਈ ਅੜਚਨ ਹੈ ਤਾਂ ਉਦੋਂ ਤੱਕ ਬੰਦ ਫਾਟਕ ਨੂੰ ਚਾਲੂ ਕਰਵਾ ਦਿਉ। ਫਾਟਕ ਵੀ ਬੰਦ ਤੇ ਫਲਾਈਓਵਰ ਦਾ ਕੰਮ ਵੀ ਬੰਦ ਹੋਣ ਨਾਲ ਲੋਕਾਂ ਨੂੰ ਵੱਡੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਗੂਆਂ ਨੇ ਮੰਗ ਕੀਤੀ ਕਿ ਜੇਕਰ ਫਲਾਈਓਵਰ ਦਾ ਕੰਮ ਸ਼ੁਰੂ ਨਹੀਂ ਹੋਇਆ ਤਾਂ ਫਿਰ ਸ਼ਹਿਰ ਵਾਸੀ ਵੱਡਾ ਐਕਸ਼ਨ ਕਰਨ ਲਈ ਮਜਬੂਰ ਹੋਣਗੇ। ਇਲਾਕੇ ਦੇ ਲੋਕਾਂ ਨੂੰ ਵੀ ਸੱਦਾ ਦਿੱਤਾ ਕਿ ਸੰਘਰਸ਼ ਤੋਂ ਵਗੈਰ ਹੋਰ ਕੋਈ ਵੀ ਹੱਲ ਨਹੀਂ। ਇਸ ਕਰਕੇ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਸ਼ਹਿਰ ਦੀ ਭਲਾਈ ਲਈ ਦੁਬਾਰਾ ਇਕਜੁੱਟ ਹੋਵੇ।

# ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਕਰਵਾਇਆ ਜਾ ਰਿਹਾ ਦੋ ਦਿਨਾ ਯੋਗਾ ਕੈਂਪ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਆਪਣੇ ਸਿਹਤ ਜਾਗਰੂਕਤਾ ਪ੍ਰੋਗਰਾਮ ਆਰੋਗਿਆ ਪ੍ਰੋਜੈਕਟ ਦੇ ਤਹਿਤ 21 ਅਤੇ 22 ਅਪ੍ਰੈਲ 2023 ਤੱਕ ਸਥਾਨਕ ਭਗਵਾਨ ਪਰਸ਼ੂਰਾਮ ਮਿਊਂਨੀਸੀਪਲ ਪਾਰਕ ਗੌਤਮ ਨਗਰ ਗਲੀ ਨੰਬਰ 4 ਵਿਖੇ 5 ਵਜੇ ਤੋਂ ਸਵੇਰੇ 7 ਵਜੇ ਤੱਕ ਹੋਣ ਜਾ ਰਹੇ ਦੋ ਦਿਨਾਂ ਵਿਸ਼ਾਲ ਵਿਲੱਖਣ ਯੋਗਾ ਕੈਂਪ ਦੇ ਬਾਰੇ ਦੱਸਦੇ ਹੋਏ ਅਤੇ ਸਾਰੇ ਸ਼ਹਿਰ ਨਿਵਾਸੀਆਂ ਨੂੰ ਸੱਦਾ ਦਿੰਦੇ ਹੋਏ ਸੰਸਥਾਨ ਦੀ ਹੁਸ਼ਿਆਰਪੁਰ ਸ਼ਾਖਾ ਦੀ ਸੰਯੋਜਿਕਾ ਸਾਧਵੀ ਰੁਕਮਣੀ ਭਾਰਤੀ ਨੇ ਦੱਸਿਆ ਕਿ ਸੰਸਥਾਨ ਵੱਲੋਂ ਲਗਾਏ ਜਾ ਰਹੇ ਉਕਤ ਕੈਂਪ ਵਿੱਚ ਯੋਗਾ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨ ਲਈ ਸ਼ਿਸ਼ ਯੋਗਾਚਾਰੀਆ ਸਵਾਮੀ ਵਿਗਿਆਨਾਨੰਦ ਵਿਸ਼ੇਸ਼ ਤੌਰ 'ਤੇ ਦਿੱਲੀ ਤੋਂ ਪਹੁੰਚ ਰਹੇ ਹਨ। ਜੋ ਕਿ ਹਰ ਉਮਰ ਵਰਗ ਦੇ ਲੋਕਾਂ ਨੂੰ ਯੋਗ ਅਤੇ ਪ੍ਰਾਣਾਯਾਮ ਦੀਆਂ ਗਤੀਵਿਧੀਆਂ ਦਾ ਅਭਿਆਸ ਬਹੁਤ ਹੀ ਸਰਲ ਅਤੇ ਆਸਾਨ ਤਰੀਕੇ ਨਾਲ ਕਰਾਉਣਗੇ। ਇਸ ਦੇ ਨਾਲ ਹੀ ਸਵਾਮੀ ਵੱਲੋਂ ਆਯੁਰਵੈਦਿਕ ਸਿਹਤ ਸਬੰਧੀ ਫਾਰਮੂਲੇ ਵੀ ਦੱਸੇ ਜਾਣਗੇ। ਸਾਧਵੀ ਜੀ ਨੇ ਦੱਸਿਆ ਕਿ ਇਹ ਦੋ ਦਿਨਾਂ ਕੈਂਪ ਪੂਰੀ ਤਰ੍ਹਾਂ ਮੁਫਤ ਹੈ ਭਾਵ ਇਸਦੀ ਕੋਈ ਫੀਸ ਨਹੀਂ ਹੈ। ਇਸ ਮੌਕੇ ਵਸੁਧਾ ਭਾਰਤੀ, ਮੀਮਾਂਸਾ ਭਾਰਤੀ, ਪੂਨਮ ਭਾਰਤੀ, ਪ੍ਰਿਅੰਕਾ ਭਾਰਤੀ, ਸਲਵਿੰਦਰ ਸਿੰਘ ਸੋਨੀ, ਪਵਨ ਕੁਮਾਰ, ਰਾਜੇਸ਼ ਕੁਮਾਰ, ਡਾ.ਗਗਨ ਚੌਧਰੀ, ਰੋਹਿਤ ਕੁਮਾਰ, ਜਤਿੰਦਰ ਕੁਮਾਰ, ਚਰਨਜੀਤ ਸਿੰਘ ਅਤੇ ਅਮਨ ਹਾਜ਼ਰ ਸਨ।

# ਐਲ ਪੀ ਯੂ ਦੇ ਮਹਿਲਾ ਕ੍ਰਿਕਟਰਾਂ ਨੇ ਆਲ ਇੰਡੀਆ ਇੰਟਰ 'ਵਰਸਿਟੀ ਚੈਂਪੀਅਨਸ਼ਿਪ ਜਿੱਤੀ

**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ ) ਦੀਆਂ ਮਹਿਲਾ ਕ੍ਰਿਕਟਰਾਂ ਆਲ ਇੰਡੀਆ ਇੰਟਰ-ਯੂਨੀਵਰਸਿਟੀ ਕ੍ਰਿਕਟ ਟੂਰਨਾਮੈਂਟ 2022-23 ਵਿੱਚ ਚੈਂਪੀਅਨ ਵਜੋਂ ਉਭਰੀਆਂ ਹਨ । ਪਹਿਲੀ ਵਾਰ ਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਦੇ ਹੋਏ ; ਐਲ.ਪੀ.ਯੂ ਦੀ ਟੀਮ ਨੇ ਚੈਂਪੀਅਨਸ਼ਿਪ ਟਰਾਫੀ ਜਿੱਤਣ ਲਈ ਆਪਣੀ ਸਟੀਕ ਗੇਂਦਬਾਜ਼ੀ, ਬੱਲੇਬਾਜ਼ੀ ਅਤੇ ਫੀਲਡਿੰਗ ਹੁਨਰ ਦਾ ਖੁਲਾਸਾ ਕੀਤਾ। ਚੈਂਪੀਅਨਸ਼ਿਪ ਦਾ ਆਯੋਜਨ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ (ਏ.ਆਈ.ਯੂ.) ਦੇ ਸਹਿਯੋਗ ਨਾਲ ਮੈਸੂਰ ਸ਼ਹਿਰ ਦੇ ਜੇਐਸਐਸ ਕੇਐਸਸੀਏ ਕ੍ਰਿਕਟ ਮੈਦਾਨ ਵਿੱਚ ਕੀਤਾ ਗਿਆ। ਐਲਪੀਯੂ ਟੀਮ ਦੀ ਕਪਤਾਨ ਸੋਨਲ ਕਲਾਲ ਨੂੰ ਸਰਵੋਤਮ ਗੇਂਦਬਾਜ਼ ; ਖਿਡਾਰੀ ਸੁਮਿਤਰਾ ਵਧੀਆ ਬੱਲੇਬਾਜ਼; ਅਤੇ, ਨਜ਼ਮਾ ਨੂੰ ਵੂਮੈਨ ਆਫ ਦਿ ਮੈਚ ਐਲਾਨਿਆ ਗਿਆ। ਮੈਚਾਂ ਦਾ ਫਾਰਮੈਟ ਇੱਕ ਰੋਜ਼ਾ ਅੰਤਰਰਾਸ਼ਟਰੀ ਕ੍ਰਿਕਟ ਟੂਰਨਾਮੈਂਟਾਂ ਤੇ ਆਧਾਰਿਤ ਸੀ। ਐਲਪੀਯੂ ਦੀ ਇਸ ਮਹਿਲਾ ਟੀਮ ਨੇ ਤਿੰਨ ਵਾਰ ਦੀ ਚੈਂਪੀਅਨ ਮਹਾਰਿਸ਼ੀ ਦਯਾਨੰਦ ਯੂਨੀਵਰਸਿਟੀ ਰੋਹਤਕ (ਹਰਿਆਣਾ) ਨੂੰ ਫਾਈਨਲ ਵਿੱਚ 4 ਵਿਕਟਾਂ ਨਾਲ ਅਤੇ ਛੇ ਵਾਰ ਦੀ ਚੈਂਪੀਅਨ ਵੀ ਬੀ ਐਸ ਪੂਰਵਾਂਚਲ ਯੂਨੀਵਰਸਿਟੀ ਜੌਨਪੁਰ (ਉੱਤਰ ਪ੍ਰਦੇਸ਼) ਨੂੰ ਕੁਆਰਟਰ ਫਾਈਨਲ ਵਿੱਚ ਹਰਾਇਆ। ਐਲਪੀਯੂ ਦੀ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸ਼ੰਸਾ ਹਾਸਲ ਕਰਨ ਲਈ ਖੇਡਾਂ ਦੀ ਸੱਚੀ ਭਾਵਨਾ ਅਤੇ ਹੁਨਰ ਨੂੰ ਜ਼ਿੰਦਾ ਰੱਖਣ ਲਈ ਕਿਹਾ । ਫਾਈਨਲ ਮੈਚ ਵਿੱਚ ਟਾਸ ਜਿੱਤ ਕੇ ਐਲਪੀਯੂ ਦੀ ਕਪਤਾਨ ਨੇ ਐਮਡੀ ਯੂਨੀਵਰਸਿਟੀ ਦੀ ਟੀਮ ਨੂੰ ਬੱਲੇਬਾਜ਼ੀ ਲਈ ਭੇਜਿਆ, ਜਿਸ ਨੇ 25 ਓਵਰਾਂ ਵਿੱਚ ਸਾਰੀਆਂ 10 ਵਿਕਟਾਂ ਗੁਆ ਕੇ 126 ਦੌੜਾਂ ਬਣਾਈਆਂ। ਐਲਪੀਯੂ ਦੀ ਟੀਮ ਨੇ ਸਿਰਫ਼ 6 ਵਿਕਟਾਂ ਦੇ ਨੁਕਸਾਨ ਨਾਲ 24.1 ਓਵਰਾਂ ਵਿੱਚ 127 ਦੌੜਾਂ ਦਾ ਟੀਚਾ ਹਾਸਲ ਕਰ ਲਿਆ, ਇਸ ਤਰ੍ਹਾਂ ਚੈਂਪੀਅਨਸ਼ਿਪ ਦੇ ਵੱਕਾਰੀ ਫਾਈਨਲ ਵਿੱਚ ਵਿਰੋਧੀ ਟੀਮ ਨੂੰ 4 ਵਿਕਟਾਂ ਨਾਲ ਹਰਾ ਦਿੱਤਾ। ਐਲ.ਪੀ.ਯੂ ਦੀ ਨਜ਼ਮਾ ਨੇ 65 ਦੌੜਾਂ ਬਣਾਈਆਂ, ਇਸ ਤਰ੍ਹਾਂ ਉਹ ਫਾਈਨਲ ਵਿੱਚ ਸਭ ਤੋਂ ਵੱਧ ਸਕੋਰਰ ਬਣ ਗਈ। ਸੋਨਲ ਅਤੇ ਸ਼ਿਵਾਨੀ ਨੇ ਕ੍ਰਮਵਾਰ ਤਿੰਨ ਵਿਕਟਾਂ (17 ਦੌੜਾਂ ਦੇ ਕੇ) ਅਤੇ ਦੋ ਵਿਕਟਾਂ (24 ਦੌੜਾਂ ਦੇ ਕੇ) ਲਈਆਂ। ਜੀਐਨਡੀਯੂ ਅੰਮ੍ਰਿਤਸਰ ਤੀਜੇ ਸਥਾਨ 'ਤੇ ਰਿਹਾ।




# ਨੈਸ਼ਨਲ ਤੀਰਅੰਦਾਜ਼ੀ ਮੁਕਾਬਲੇ 'ਚ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਨੇ ਮਾਰੀ ਬਾਜ਼ੀ



**ਮੁਕਤਸਰ (ਸ਼ਮਿੰਦਰਪਾਲ/ਪੂਜਾ)**

ਪਿਛਲੇ ਦਿਨੀਂ ਪੰਚਗਨੀ ਮਹਾਂਰਾਸ਼ਟਰ ਵਿਖੇ ਹੋਏ ਸੀ ਬੀ ਐੱਸ ਈ ਨੈਸ਼ਨਲ ਤੀਰ ਅੰਦਾਜ਼ੀ ਟੂਰਨਾਮੈਂਟ ਵਿੱਚ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਸ੍ਰੀ ਮੁਕਤਸਰ ਸਾਹਿਬ ਨੇ ਹਰ ਵਾਰ ਦੀ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਲੜਕੀਆਂ ਤੀਰ ਅੰਦਾਜ਼ੀ 30 ਮੀਟਰ ਵਿੱਚ ਹਰਜਸ਼ਨ ਕੌਰ ਨੇ ਸੋਨ ਤਮਗਾ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 17 ਲੜਕੀਆਂ 50 ਮੀਟਰ ਵਿੱਚ ਹਰਜਸ਼ਨ ਕੌਰ ਨੇ ਸੋਨ ਤਮਗਾ ਹਾਸਲ ਕਰਕੇ ਸਕੂਲ ਤੇ ਜ਼ਿਲ੍ਹੇ ਦਾ ਨਾਂਅ ਨੈਸ਼ਨਲ ਪੱਧਰ 'ਤੇ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਸੰਸਥਾਪਕ ਮਹੰਤ ਕਸ਼ਮੀਰ ਸਿੰਘ ਤੇ ਪ੍ਰਿੰਸੀਪਲ ਸ੍ਰੀ ਮੁਨੀਸ਼ ਚੋਪੜਾ ਨੇ ਹੋਣਹਾਰ ਵਿਦਿਆਰਥਣਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਅੱਗੋਂ ਹੋਰ ਵੀ ਸਖ਼ਤ ਮਿਹਨਤ ਕਰਨ ਲਈ ਪ੍ਰੇਰਤ ਕੀਤਾ। ਇਸ ਮੌਕੇ ਕੋਚ ਰਮਨਦੀਪ ਕੌਰ, ਯਾਦਵਿੰਦਰ ਸਿੰਘ, ਗੁਰਪ੍ਰੀਤ ਸਿੰਘ ਮਾਨ ਹਾਜ਼ਰ ਸਨ।

# ਵਿਧਾਇਕ ਬਲਕਾਰ ਦੀ ਅਗਵਾਈ 'ਚ ਵੱਖ-ਵੱਖ ਪਿੰਡਾਂ ਦੇ ਮੌਜੂਦਾ ਤੇ ਸਾਬਕਾ ਸਰਪੰਚ ਹੋਏ ਆਪ 'ਚ ਸ਼ਾਮਲ

**ਜਲੰਧਰ (ਸ਼ੈਲੀ ਐਲਬਰਟ)**

ਆਮ ਆਦਮੀ ਪਾਰਟੀ (ਆਪ) ਨੇ ਕਾਂਗਰਸ, ਅਕਾਲੀ ਅਤੇ ਭਾਜਪਾ ਨੂੰ ਭਾਰੀ ਝਟਕਾ ਦਿੰਦਿਆਂ ਵਿਧਾਇਕ ਬਲਕਾਰ ਸਿੰਘ ਦੀ ਅਗਵਾਈ ਵਿਚ ਜਲੰਧਰ ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਮੌਜੂਦਾ ਅਤੇ ਸਾਬਕਾ ਸਰਪੰਚ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਐਲਾਨ ਕੀਤਾ । ਇਸ ਦੌਰਾਨ ਬਲਕਾਰ ਸਿੰਘ ਨੇ ਸ਼ਾਮਲ ਹੋਏ ਸਰਪੰਚਾਂ ਦਾ ਪਾਰਟੀ ਵਿਚ ਸਵਾਗਤ ਕਰਦੇ ਹੋਏ ਕਿਹਾ ਕਿ ਇਹਨਾਂ ਮੈਂਬਰਾਂ ਨੂੰ ਪਾਰਟੀ ਵਿਚ ਪੂਰਾ ਮਾਨ-ਸਨਮਾਨ ਦਿੱਤਾ ਜਾਵੇਗਾ। ਪਿੰਡ ਤਲਵਾੜਾ ਦੇ ਮੌਜੂਦਾ ਸਰਪੰਚ ਬੇਅੰਤ ਸਿੰਘ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ। ਇਸ ਦੌਰਾਨ ਵਿਧਾਇਕ ਨੇ ਕਲੋਨੀ ਨਿਵਾਸੀਆਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਪਾਰਟੀ ਵਰਕਰਾਂ ਨੂੰ ਪਾਰਟੀ ਦੇ ਆਈ ਕਾਰਡਾਂ ਨਾਲ ਸਨਮਾਨਿਤ ਕੀਤਾ । ਇਸੇ ਤਰ੍ਹਾਂ ਪਿੰਡ ਹੇਲਰਾਂ ਵਿਖੇ ਮੌਜੂਦਾ ਕਾਂਗਰਸੀ ਸਰਪੰਚ ਅਵਿਨਾਸ਼ ਕੁਮਾਰ, ਪੰਚ ਰਾਜ ਕੁਮਾਰੀ ਅਤੇ ਪੰਚ ਰਛਪਾਲ ਸਿੰਘ ਆਪਣੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ । ਪਿੰਡ ਨੰਦਨ ਪੁਰ ਵਿਖੇ ਸਾਬਕਾ ਸਰਪੰਚ ਐਲਬਰਟ ਅਤੇ ਸਾਬਕਾ ਸਰਪੰਚ ਮੰਗਲ ਸਿੰਘ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਉੱਥੇ ਹੀ ਪਿੰਡ ਹੀਰਾ ਪੁਰ ਵਿਖੇ ਵੱਖ ਵੱਖ ਪਾਰਟੀਆਂ ਤੋਂ ਆਏ ਸਾਥੀਆਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ ਅਤੇ ਪਾਰਟੀ ਵਰਕਰਾਂ ਨੂੰ ਪਾਰਟੀ ਦੇ ਆਈ ਕਾਰਡਾਂ ਨਾਲ ਸਨਮਾਨਿਤ ਕੀਤਾ।



# ਖਾਲਸਾ ਕਾਲਜੀਏਟ ਸਕੂਲ 'ਚ ਦਾਖਲਿਆਂ ਲਈ ਵਿਦਿਆਰਥੀਆਂ 'ਚ ਉਤਸ਼ਾਹ

**ਮਾਹਿਲਪੁਰ, (ਸਫਰੀ)**

ਇੱਥੋਂ ਦੇ ਖਾਲਸਾ ਕਾਲਜ ਮਾਹਿਲਪੁਰ ਦੇ ਕੈਂਪਸ ਵਿੱਚ ਚੱਲ ਰਹੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏਟ ਸਕੂਲ ਵਿੱਚ ਗਿਆਰ੍ਹਵੀ ਅਤੇ ਬਾਰ੍ਹਵੀਂ ਦੀਆਂ ਜਮਾਤਾਂ ਵਿੱਚ ਦਾਖਲਿਆਂ ਲਈ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਵਿਦਿਆਰਥੀ ਕਾਲਜ ਵਿੱਚ ਸਥਾਪਿਤ ਦਾਖਿਲਾ ਅਤੇ ਕਾਊਂਸਲਿੰਗ ਸੈੱਲ ਵਿੱਚ ਪੁੱਜ ਕੇ ਆਪਣੇ ਕੈਰੀਅਰ ਦੀ ਚੋਣ ਅਨੁਸਾਰ ਵੱਖ ਵੱਖ ਕੋਰਸਾਂ ਵਿੱਚ ਦਾਖਿਲਾ ਹਾਸਿਲ ਕਰ ਰਹੇ ਹਨ। ਇਸ ਸਬੰਧੀ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਕਾਲਜੀਏਟ ਸਕੂਲ ਵਿੱਚ ਆਰਟਸ, ਸਾਇੰਸ ਅਤੇ ਕਾਮਰਸ ਦੇ ਸਟਰੀਮ ਸਫਲਤਾ ਪੂਰਵਕ ਚੱਲ ਰਹੇ ਹਨ ਅਤੇ ਕਾਲਜੀਏਟ ਸਕੂਲ ਨੂੰ ਪੜ੍ਹਾਉਣ ਲਈ ਨਿਯੁਕਤ ਕੀਤੇ ਅਧਿਆਪਕ ਉੱਚ ਯੋਗਤਾ ਪ੍ਰਾਪਤ ਅਤੇ ਤਜਰਬੇਕਾਰ ਹਨ। ਇਸ ਮੌਕੇ ਕਾਲਜੀਏਟ ਸਕੂਲ ਦੇ ਇੰਚਾਰਜ ਪ੍ਰੋ ਚੰਦਨ ਕਿਹਾ ਕਿ ਜਲਦ ਹੀ ਨਵੇਂ ਸੈਸ਼ਨ ਦੀਆਂ ਕਲਾਸਾਂ ਆਰੰਭ ਹੋਣ ਜਾ ਰਹੀਆਂ ਹਨ। ਉਨ੍ਹਾਂ ਹੋਰ ਵਿਦਿਆਰਥੀਆਂ ਨੂੰ ਵਿਸ਼ਿਆਂ ਦੀ ਚੋਣ ਕਰਨ ਲਈ ਦਾਖਿਲਾ ਤੇ ਕਾਊਂਸਲਿੰਗ ਸੈੱਲ ਵਿੱਚ ਹਾਜ਼ਰ ਅਧਿਆਪਕਾਂ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ। ਇਸ ਮੌਕੇ ਹਾਜ਼ਰ ਅਧਿਆਪਕਾਂ ਵਿੱਚ ਪ੍ਰੋ ਅਸ਼ੋਕ ਕੁਮਾਰ, ਪ੍ਰੋ ਗੁਰਜੀਤ ਸਿੰਘ, ਪ੍ਰੋ ਸੁਚੇਤਾ, ਪ੍ਰੋ ਰਜਿੰਦਰ ਕੌਰ, ਪ੍ਰੋ ਹਰਪ੍ਰੀਤ ਕੌਰ ਆਦਿ ਸਮੇਤ ਦਾਖਿਲੇ ਦੇ ਚਾਹਵਾਨ ਵਿਦਿਆਰਥੀ ਹਾਜ਼ਰ ਸਨ।



# ਜ਼ਿੰਦਗੀ ਦੇ ਇਮਤਿਹਾਨ ਪਾਸ ਕਰਨ ਲਈ ਵੀ ਸਖਤ ਮਿਹਨਤ ਦੀ ਜ਼ਰੂਰਤ : ਪ੍ਰਿੰ. ਡਾ. ਜੱਸਲ



**ਫਿਲੌਰ (ਨਿਰਮਲ)**

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਧੀਨ ਆਉਂਦੇ ਸਰਕਾਰੀ, ਯੂਨੀਵਰਸਿਟੀ ਤੇ ਪ੍ਰਾਈਵੇਟ ਕਾਲਜਾਂ ਦੀਆਂ ਦੂਜੇ, ਚੌਥੇ ਤੇ ਛੇਵੇਂ ਸਮੈਸਟਰ ਦੀਆਂ ਛਿਮਾਹੀ ਪ੍ਰੀਖਿਆਵਾਂ ਮਈ ਦੇ ਪਹਿਲੇ ਹਫਤੇ ਤੋਂ ਸ਼ੁਰੂ ਹੋ ਰਹੀਆਂ ਹਨ। ਜਿਸ ਦੇ ਮੱਦੇਨਜਰ ਪ੍ਰਿੰਸੀਪਲ ਡਾ.ਪਰਮਜੀਤ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਦੇ ਵਿਦਿਆਰਥੀਆਂ ਨੂੰ ਸਮੈਸਟਰ ਪ੍ਰੀਖਿਆਵਾਂ ਬਾਬਤ ਜਾਣਕਾਰੀ ਦਿੰਦਿਆਂ ਕਿਹਾ ਕਿ ਤੁਸੀਂ ਆਪਣੀ ਮਿਹਨਤ ਤੇ ਪ੍ਰੋਫੈਸਰਾਂ ਦੀ ਅਗਵਾਈ ਨਾਲ ਬਾਕਾਇਦਾ ਪੜ੍ਹਾਈ ਵਿਚ ਰੁਝੇ ਰਹੇ ਹੋ। ਹੁਣ ਉਹ ਵਕਤ ਆ ਗਿਆ ਹੈ ਜਦੋਂ ਪੂਰੇ ਸਮੈਸਟਰ ਵਿਚ ਪੜ੍ਹੇ ਸਿਲੇਬਸ ਦਾ ਮੁਲਾਂਕਣ ਹੋਵੇਗਾ। ਇਸ ਮੌਕੇ ਸਾਰੇ ਵਿਦਿਆਰਥੀ ਏਕਾਗਰ ਚਿੱਤ ਹੋ ਕੇ ਆਪਣੀ ਡੇਟ ਸ਼ੀਟ ਅਨੁਸਾਰ ਪੂਰੇ ਧਿਆਨ ਨਾਲ ਸਿਲੇਬਸ ਦੀ ਦੁਹਰਾਈ ਕਰਨ ਅਤੇ ਅਜਿਹੇ ਵਿਚ ਕੋਈ ਦਿਕਤ ਪੇਸ਼ ਆਵੇ ਤਾਂ ਸੰਬੰਧਿਤ ਪ੍ਰੋਫੈਸਰ ਸਾਹਿਬ ਨਾਲ ਸੰਪਰਕ ਕਰਕੇ ਆਪਣੀ ਸਿੱਖਿਆ ਸੰਬੰਧੀ ਦਿਕਤ ਦਾ ਹੱਲ ਕਰਵਾਉਣ। ਉਨ੍ਹਾਂ ਇਹ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਕਾਦਮਿਕ ਇਮਤਿਹਾਨਾਂ ਵਿੱਚ ਹੀ ਨਹੀਂ ਬਲਕਿ ਜ਼ਿੰਦਗੀ ਦੇ ਇਮਤਿਹਾਨ ਪਾਸ ਕਰਨ ਲਈ ਵੀ ਸਖਤ ਮਿਹਨਤ ਦੀ ਬਹੁਤ ਜਰੂਰਤ ਹੁੰਦੀ ਹੈ। ਜਿਹੜੇ ਵਿਦਿਆਰਥੀ ਮੌਕਾ ਸੰਭਾਲ ਲੈਂਦੇ ਹਨ ਉਹ ਆਪਣੀ ਮੰਜਲ ਨਿਸ਼ਚਿਤ ਸਮੇਂ 'ਤੇ ਹਾਸਲ ਕਰ ਲੈਂਦੇ ਹਨ। ਇਸੇ ਤਰ੍ਹਾਂ ਨਕਲ ਕਰਕੇ ਅੱਗੇ ਨਿਕਲਣ ਦੇ ਭੁਲੇਖੇ ਨੂੰ ਤਿਆਗਣ ਦੀ ਗੱਲ ਵੀ ਆਖੀ ਗਈ।

# ਲਾਇਲਪੁਰ ਖ਼ਾਲਸਾ ਕਾਲਜ 'ਚ ਆਰਮੀ ਵਿੰਗ ਵੱਲੋਂ ਆਪਣੇ ਕੈਡਿਟਸ ਲਈ ਵਿਦਾਇਗੀ ਪਾਰਟੀ

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਨੈਸ਼ਨਲ ਕੈਡਿਟ ਕੌਰ ਦੇ ਆਰਮੀ ਵਿੰਗ ਵੱਲੋਂ ਆਪਣੇ ਕੈਡਿਟਸ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਹ ਪਾਰਟੀ ਸੀ ਸਰਟੀਫਿਕੇਟ ਪਾਸ ਕਰਕੇ ਜਾਣ ਵਾਲੇ ਕੈਡਿਟਸ ਦੇ ਲਈ ਉਨ੍ਹਾਂ ਦੇ ਜੂਨੀਅਰ ਕੈਡਿਟਸ ਵੱਲੋਂ ਆਯੋਜਿਤ ਕੀਤੀ ਗਈ । ਇਸ ਪਾਰਟੀ ਦੀ ਪ੍ਰਧਾਨਗੀ ਕਾਲਜ ਦੇ ਪ੍ਰਿੰਸੀਪਲ ਪ੍ਰੋ.ਜਸਰੀਨ ਕੌਰ ਵੱਲੋਂ ਕੀਤੀ ਗਈ । ਇਸ ਮੌਕੇ 2 ਪੰਜਾਬ ਐੱਨਸੀਸੀ ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਕਰਨਲ ਪ੍ਰਵੀਨ ਕਾਬਤਿਆਲ ਮੁੱਖ ਮਹਿਮਾਨ ਸਨ । ਕੈਡਿਟਸ ਨੇ ਪ੍ਰੋਗਰਾਮ ਦੇ ਵਿਚ ਸਭਿਆਚਾਰਕ ਗੀਤ ਅਤੇ ਗਿੱਧਾ ਭੰਗੜਾ ਪੇਸ਼ ਕੀਤਾ। ਕੈਡਿਟ ਸਿਮਰਨ ਅਤੇ ਅਭਿਸ਼ੇਕ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ। ਗੁੜ੍ਹੀਆਂ ਵਰਮਾ ਨੇ ਹਰਿਆਣਵੀ, ਰਾਜਸਥਾਨੀ ਅਤੇ ਮੱਧ ਭਾਰਤ ਦੇ ਵੱਖ ਵੱਖ ਲੋਕ ਨਾਚਾਂ ਰਾਹੀਂ ਆਪਣੀ ਪ੍ਰਤਿਭਾ ਨੂੰ ਪੇਸ਼ ਕੀਤਾ। ਕੈਡਿਟ ਅਰਦੀਪ ਕੌਰ ਅਤੇ ਜਗਦੀਪ ਸਿੰਘ ਨੇ ਦੋਗਾਣਾ ਪੇਸ਼ ਕੀਤਾ । ਕੈਡਿਟਸ ਨੇ ਸੀਨੀਅਰ ਅੰਡਰ ਅਫ਼ਸਰ ਜਸਪ੍ਰੀਤ ਦੀ ਅਗਵਾਈ ਹੇਠ ਭੰਗੜਾ ਪੇਸ਼ ਕੀਤਾ। ਵਿਦਾਇਗੀ ਪਾਰਟੀ ਵਿੱਚ ਵਿਦਿਆਰਥੀਆਂ ਨੇ ਆਪਣੇ ਐਨਸੀਸੀ ਦੇ ਤਜਰਬੇ ਸਾਂਝੇ ਕੀਤੇ। ਅੰਡਰ ਅਫਸਰ ਹਰਮਨ ਨੂੰ ਮਿਸਟਰ ਫੇਅਰਵੈਲ ਅਤੇ ਸੀਨੀਅਰ ਅੰਡਰ ਅਫ਼ਸਰ ਐਨਥਨੀ ਨੂੰ ਰਨਰ ਅੱਪ ਚੁਣਿਆ ਗਿਆ। ਇਸੇ ਤਰ੍ਹਾਂ ਸੀਨੀਅਰ ਅੰਡਰ ਅਫਸਰ ਦੀਕਸ਼ਾ ਅਤੇ ਅੰਡਰ ਅਫ਼ਸਰ ਵਰਸ਼ਾ ਨੂੰ ਮਿਸ ਫੇਅਰਵੈਲ ਚੁਣਿਆ ਗਿਆ । ਕਮਾਂਡਿੰਗ ਅਫ਼ਸਰ ਕਰਨਲ ਪ੍ਰਵੀਨ ਕਾਬਤਿਆਲ ਨੇ ਕੈਡਿਟਸ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਰੌਸ਼ਨ ਭਵਿੱਖ ਦੀ ਉਮੀਦ ਕੀਤੀ । ਪ੍ਰਿੰਸੀਪਲ ਪ੍ਰੋ.ਜਸਰੀਨ ਕੌਰ ਨੇ ਕਿਹਾ ਕਿ ਐਨਸੀਸੀ ਦੇ ਕੈਂਪ ਅਤੇ ਟ੍ਰੇਨਿੰਗ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਦੀ ਹੈ। ਉਨਾਂ ਕੈਡਿਟਸ ਨੂੰ ਵਧਾਈ ਦਿੱਤੀ ਕਿ ਉਹ ਬਹੁਤ ਅਨੁਸ਼ਾਸਨ ਵਾਲੇ ਵਿਦਿਆਰਥੀ ਹਨ। ਇਤਿਹਾਸ ਵਿਭਾਗ ਦੇ ਮੁਖੀ ਡਾਕਟਰ ਸੁਮਨ ਚੌਪੜਾ ਨੇ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕਰਦਿਆਂ ਉਨ੍ਹਾਂ ਨੂੰ ਦੇਸ਼ ਸੇਵਾ ਪ੍ਰਤੀ ਸਮਰਪਤ ਰਹਿਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਐਨਸੀਸੀ ਅਫਸਰ ਡਾ. ਕਰਨਬੀਰ ਸਿੰਘ ਵੀ ਮੌਜੂਦ ਸਨ।



# ਗੁਰੂ ਨਾਨਕ ਪੈਰਾ-ਮੈਡੀਕਲ ਕਾਲਜ ਢਾਹਾਂ ਕਲੇਰਾਂ ਦਾ ਨਤੀਜਾ ਰਿਹਾ ਸ਼ਾਨਦਾਰ



**ਬਹਿਰਾਮ (ਅਵਤਾਰ ਕਲੇਰ)**

ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠਾਂ ਚੱਲ ਰਹੇ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਕਲਾਸ ਬੀ.ਐਸ.ਸੀ. ( ਰੇਡੀਉ ਐਂਡ ਇਮੇਜਿੰਗ ਟੈਕਨਾਲੋਜੀ ) ਦਾ ਨਤੀਜਾ ਸ਼ਾਨਦਾਰ 100% ਆਇਆ ਹੈ। ਇਹ ਜਾਣਕਾਰੀ ਡਾ. ਪ੍ਰਿੰਅਕਾ ਰਾਜ ਪ੍ਰਿੰਸੀਪਲ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਨੇ ਦੱਸਿਆ ਕਿ ਬੀ.ਐਸ.ਸੀ. ਰੇਡੀਉ ਐਂਡ ਇਮੇਜਿੰਗ ਟੈਕਨੋਲਕਜੀ (ਪਹਿਲਾ ਸਮੈਸਟਰ) ਵਿਚੋਂ ਦੀਆ ਪੁੱਤਰੀ ਜੋਗਾ ਰਾਮ ਪਿੰਡ ਹੀਉਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਸ਼ਾਨਦਾਰ ਅੰਕ (9.20 ਐਸ.ਜੀ.ਪੀ.ਏ.) ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜਦ ਕਿ ਦੂਜਾ ਸਥਾਨ ਦੋ ਵਿਦਿਆਰਥੀਆਂ ਨੇ ਇੱਕੋ ਜਿੰਨੇ ਅੰਕ (9.00 ਐਸ.ਜੀ.ਪੀ.ਏ.) ਪ੍ਰਾਪਤ ਕਰਕੇ ਕੀਤਾ, ਜਿਹਨਾਂ ਵਿਚ ਇਸ਼ਾਨਪ੍ਰੀਤ ਕੌਰ ਪੁੱਤਰੀ ਪ੍ਰਿਤਪਾਲ ਸਿੰਘ ਪਿੰਡ ਔਜਲਾ ਢੱਕ ਜ਼ਿਲ੍ਹਾ ਜਲੰਧਰ ਅਤੇ ਸੰਜਨਾ ਪੁੱਤਰੀ ਜਸਵੀਰ ਸਿੰਘ ਪਿੰਡ ਵਾਹਿਦਪੁਰ ਜ਼ਿਲ੍ਹਾ ਹੁਸ਼ਿਆਰਪੁਰ ਸ਼ਾਮਿਲ ਹਨ। ਕਲਾਸ ਵਿਚੋਂ ਤੀਜਾ ਸਥਾਨ ਕੋਮਲਪ੍ਰੀਤ ਪੁੱਤਰੀ ਕਮਲਜੀਤ ਪਿੰਡ ਖਾਨਖਾਨਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ (8.68 ਐਸ.ਜੀ.ਪੀ.ਏ.) ਪ੍ਰਾਪਤ ਕੀਤਾ ਹੈ। ਇਸ ਮੌਕੇ ਹਰਦੇਵ ਸਿੰਘ ਕਾਹਮਾ ਪ੍ਰਧਾਨ, ਮਲਕੀਅਤ ਸਿੰਘ ਬਾਹੜੋਵਾਲ , ਕੁਲਵਿੰਦਰ ਸਿੰਘ ਢਾਹਾਂ, ਅਮਰਜੀਤ ਸਿੰਘ ਕਲੇਰਾਂ , ਡਾ. ਪ੍ਰਿੰਅਕਾ ਰਾਜ ਪ੍ਰਿੰਸੀਪਲ, ਰਾਜਦੀਪ ਥਿਥਵਾੜ, ਮੈਡਮ ਪ੍ਰਭਜੋਤ ਕੌਰ ਖਟਕੜ, ਮੁਦਾਸਿਰ ਮੋਹੀ ਉਦਦੀਨ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸੰਤ ਬਾਬਾ ਮੱਖਣ ਸਿੰਘ ਕੁਟੀਆ ਟੂਟੋਮਜਾਰਾ ਦੇ ਜਨਮ ਦਿਨ ਮੌਕੇ ਧਾਰਮਿਕ ਸਮਾਗਮ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**

ਨਿਰਮਲ ਕੁਟੀਆ ਟੂਟੋਮਜਾਰਾ ਜਨਮ ਅਸਥਾਨ ਬ੍ਰਹਮ ਗਿਆਨੀ ਸੰਤ ਬਾਬਾ ਦਲੇਲ ਸਿੰਘ ਜੀ ਦੇ ਮੌਜੂਦਾ ਗੱਦੀਨਸ਼ੀਨ ਸੰਤ ਬਾਬਾ ਮੱਖਣ ਸਿੰਘ ਦੇ ਜਨਮ ਦਿਨ ਦੇ ਸਬੰਧ ਵਿੱਚ ਇਸ ਅਸਥਾਨ 'ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਧਾਰਮਕ ਸਮਾਗਮ ਹੋਇਆ। ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਬਾਅਦ ਵਿਚ ਬਾਬਾ ਜੀ ਦੇ ਜਨਮ ਦਿਨ ਦੀ ਖੁਸੀ ਵਿਚ ਸੰਗਤਾਂ ਵੱਲੋ ਕੇਕ ਕੱਟਿਆ ਗਿਆ। ਇਸ ਮੌਕੇ ਸੰਤ ਬਾਬਾ ਮੱਖਣ ਸਿੰਘ ਟੂਟੋਮਜਾਰਾ, ਉਨ੍ਹਾਂ ਦੇ ਸਹਿਯੋਗੀ ਸੰਤ ਬਾਬਾ ਬਲਬੀਰ ਸਿੰਘ ਸਾਸਤਰੀ, ਸੰਤ ਗੁਰਚਰਨ ਸਿੰਘ ਪੰਡਵਾਂ, ਸੰਤ ਬਲਵੀਰ ਸਿੰਘ ਹਰਿਆਣਾ ਭੂੰਗਾ, ਸੰਤ ਹਰਮਨਜੀਤ ਸਿੰਘ ਸਿੰਘੜੀਵਾਲ, ਸੰਤ ਰਿਸੀਰਾਜ ਨਵਾਂਸਹਿਰ, ਸੰਤ ਹਰਮੇਲ ਸਿੰਘ ਹੁਸ਼ਿਆਰਪੁਰ, ਸੰਤ ਹਰੀ ਹਰਦਾਸ ਦਲੈਹੜ, ਸੰਤ ਰਵਿੰਦਰ ਦਾਸ ਊਨਾਂ, ਸੰਤ ਹਰੀ ਦਾਸ ਗੁਸਾਈਆਣਾ, ਸੁਨੀਲ ਕੁਮਾਰ ਸ੍ਰੀਧਰ ਸਰਪੰਚ, ਪਰਸੋਤਮ ਸਿੰਘ ਸਾਬਕਾ ਸਰਪੰਚ, ਮਹਿੰਦਰ ਸਿੰਘ ਪੰਚ, ਦਲਵੀਰ ਸਿੰਘ, ਪਰਮਜੀਤ ਸਿੰਘ ਲੰਬੜਦਾਰ, ਜੈਲਦਾਰ ਹਰਭਜਨ ਸਿੰਘ, ਜਸਵਿੰਦਰ ਸਿੰਘ, ਜਗਤਾਰ ਸਿੰਘ, ਮੋਹਣ ਸਿੰਘ ਇੰਗਲੈਂਡ,ਪੰਡਤ ਸੁਰਿੰਦਰਪਾਲ ਸ਼ਰਮਾ ਮਾਹਿਲਪੁਰ, ਸਰਿਤਾ ਸ਼ਰਮਾ ਸੈਲਾ ਖੁਰਦ, ਕੁਲਵਿੰਦਰ ਬਿੱਟੂ ਸਮੇਤ ਲਾਗਲੇ ਪਿੰਡਾਂ ਦੀਆਂ ਸੰਗਤਾਂ ਵੱਡੀ ਗਿਣਤੀ ਗਿਣਤੀ ਵਿੱਚ ਹਾਜਰ ਸਨ।

# ਜ਼ਿਮਨੀ ਚੋਣਾਂ 'ਚ ਪ੍ਰਚਾਰ ਲਈ ਆਪ ਆਗੂਆਂ ਦੀ ਟੀਮ ਜਲੰਧਰ ਲਈ ਰਵਾਨਾ ਹੋਈ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਜਲੰਧਰ ਵਿਖੇ ਹੋਣ ਵਾਲੀ ਜ਼ਿਮਨੀ ਚੋਣ 'ਚ ਪਾਰਟੀ ਉਮੀਦਵਾਰ ਦੇ ਪੱਖ 'ਚ ਚੋਣ ਪ੍ਰਚਾਰ ਕੀਤੇ ਜਾਣ ਲਈ ਹਲਕਾ ਰੂਪਨਗਰ ਦੇ ਵੱਖ-ਵੱਖ ਪਿੰਡਾਂ 'ਚੋਂ ਆਪ ਪਾਰਟੀ ਦੇ ਸੀਨੀਅਰ ਆਗੂ ਭਾਗ ਸਿੰਘ ਮਦਾਨ ਤੇ ਬਲਾਕ ਆਗੂ ਅਵਤਾਰ ਸਿੰਘ ਕੂਨਰ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਤੇ ਆਗੂਆਂ ਦੀ ਟੀਮ ਰਵਾਨਾ ਹੋਈ। ਆਪ ਆਗੂ ਸੰਦੀਪ ਜੋਸ਼ੀ ਅਤੇ ਗੌਰਵ ਵਿਨਾਇਕ ਨੇ ਆਖਿਆ ਕਿ ਉਕਤ ਚੋਣ ਪ੍ਰਚਾਰ ਦੌਰਾਨ ਪਾਰਟੀ ਆਗੂਆਂ ਵੱਲੋਂ ਆਪ ਵੱਲੋਂ 13 ਮਹੀਨੇ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਜਦਕਿ ਦਿੱਲੀ ਵਿਖੇ ਸਫਲਤਾਪੂਰਵਕ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਗਏ ਲਾਮਿਸਾਲ ਕਾਰਜਾਂ ਤੋਂ ਜਲੰਧਰ ਦੀ ਜਨਤਾ ਨੂੰ ਜਾਣੂੰ ਕਰਵਾਇਆ ਜਾਵੇਗਾ। ਉਕਤ ਰਵਾਨਾ ਹੋਈ ਆਪ ਆਗੂਆਂ ਤੇ ਵਰਕਰਾਂ ਦੀ ਟੀਮ 'ਚ ਵਰਿੰਦਰ ਸਿੰਘ, ਸੰਤੋਖ ਸਿੰਘ ਵਾਲੀਆ, ਸੁਰਜਨ ਸਿੰਘ, ਮਨਜੀਤ ਸਿੰਘ, ਸੁਰਿੰਦਰ ਸਿੰਘ, ਮਹਿੰਦਰ ਚੰਦ ਕੂਨਰ, ਬਿਹਾਰੀ ਲਾਲ, ਬਹਾਦੁਰ ਸ਼ੌਕੀ, ਜਗਤਾਰ ਸਿੰਘ, ਮਨਦੀਪ ਸਿੰਘ, ਗੁਰਪ੍ਰੀਤ ਸਿੰਘ ਬਟਾਰਲਾ, ਕਮਲਜੀਤ ਸਿੰਘ ਮਾਧੋਪੁਰ ਅਤੇ ਕੇਸਰ ਸਿੰਘ ਆਦਿ ਸ਼ਾਮਲ ਸਨ।



## ਕਾਰ ਟਰੱਕ ਨਾਲ ਟਕਰਾਈ

**ਦਸੂਹਾ (ਲਵਜੀਤ ਸਿੰਘ)-** ਦਸੂਹਾ ਰੇਲਵੇ ਸਟੇਸ਼ਨ ਦੇ ਨਜ਼ਦੀਕ ਨੈਸ਼ਨਲ ਹਾਈਵੇ 'ਤੇ ਕਾਰ ਅਤੇ ਟਰੱਕ ਵਿਚਕਾਰ ਹਾਦਸਾ ਹੋ ਗਿਆ। ਇਸ ਹਾਦਸੇ ਵਿੱਚ ਲੜਕੀ ਜੋ ਕਾਰ ਚਲਾ ਰਹੀ ਸੀ ਨੇ ਗਲਤ ਢੰਗ ਨਾਲ ਡਰਾਈਵਿੰਗ ਕਰਦੇ ਹੋਏ ਟਰੱਕ ਨੂੰ ਓਵਰਟੇਕ ਕੀਤਾ ਸੀ। ਜਿਸ ਕਰਕੇ ਟਰੱਕ ਡਰਾਈਵਰ ਨੇ ਜਬਰਦਸਤ ਬ੍ਰੇਕ ਲਗਾਈ। ਜਿਸ ਨਾਲ ਗਲਤ ਢੰਗ ਨਾਲ ਕਾਰ ਚਲਾ ਰਹੀ ਲੜਕੀ ਤੋਂ ਕਾਰ ਦਾ ਕੰਟਰੋਲ ਨਾ ਰਿਹਾ ਅਤੇ ਕਾਰ ਟਰੱਕ ਨਾਲ ਜਾ ਟਕਰਾਈ। ਪਰ ਇਸ ਹਾਦਸਾ ਵਿੱਚ ਜਾਨੀ ਬਚਾਅ ਰਿਹਾ। ਕਾਰ ਸਵਾਰ ਮੌਕੇ ਤੋਂ ਫਰਾਰ ਹੋ ਗਈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਬਿਆਨ ਦਰਜ਼ ਕੀਤੇ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸ਼ਹੀਦ ਹੋਏ ਫੌਜੀ ਜਵਾਨਾਂ ਦੇ ਬੱਚਿਆਂ ਨੂੰ ਪਲੱਸ 2 ਤੱਕ ਦਿੱਤੀ ਜਾਵੇਗੀ ਫ੍ਰੀ ਸਿੱਖਿਆ : ਮਾਰਸ਼ਲ

ਦਸੂਹਾ 20 ਅਪ੍ਰੈਲ (ਲਵਜੀਤ ਸਿੰਘ)-:ਦਸੂਹਾ ਦੇ ਪ੍ਰਸਿਧ ਸਮਾਜ ਸੇਵੀ ਰਜਿੰਦਰ ਸਿੰਘ ਮਾਰਸ਼ਲ ਨੇ ਇਥੇ ਇੱਕਠ ਨੂੰ ਸੰਬੋਧਨ ਕਰਦਿਆਂ ਇਹ ਘੋਸ਼ਣਾ ਕੀਤੀ ਕਿ ਸ਼ਹੀਦ ਹੋਏ ਫੌਜੀ ਜਵਾਨਾਂ ਦੇ ਬੱਚਿਆਂ ਨੂੰ ਨਰਸਰੀ ਤੋਂ ਪਲੱਸ 2 ਤੱਕ ਫ੍ਰੀ ਸਿੱਖਿਆ ਦਿੱਤੀ ਜਾਵੇਗੀ । ਇਸ ਤੋ ਇਲਾਵਾਂ ਫ੍ਰੀ ਕਿਤਾਬਾਂ, ਵਰਦੀ ਅਤੇ ਟਰਾਂਸਪੋਰਟ ਦੀ ਸਹੂਲਤ ਵੀ ਦਿੱਤੀ ਜਾਵੇਗੀ।

# ਐਨ ਆਰ ਆਈ ਕੰਧੋਲਾ ਯੂ ਐਸ ਏ ਦਾ ਸਨਮਾਨ



**ਮੋਰਿੰਡਾ (ਜੈਜੀ ਸਰਦਾਰ)**

ਯੂਥ ਵੈਲਫੇਅਰ ਕਲੱਬ (ਰਜਿ:) ਪਿੰਡ ਓਇੰਦ ਜ਼ਿਲ੍ਹਾ ਐਵਾਰਡ ਜੇਤੂ ਵੱਲੋਂ ਐਨ ਆਰ ਆਈ ਗੁਰਪ੍ਰੀਤ ਸਿੰਘ ਕੰਧੋਲਾ ਯੂ ਐਸ ਏ ਦਾ ਸਨਮਾਨ ਕੀਤਾ ਗਿਆ। ਕਲੱਬ ਦੇ ਪ੍ਰਧਾਨ ਕੁਲਦੀਪ ਸਿੰਘ ਓਇੰਦ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਕੰਧੋਲਾ ਸਾਡੇ ਨਗਰ ਦੇ ਐਨ ਆਰ ਆਈ ਵੀਰ ਹਨ ਜੋ ਹਰ ਸਮੇ ਸਮਾਜ ਭਲਾਈ ਦੇ ਕੰਮਾ ਵਿੱਚ ਭਾਂਵੇ ਖੇਡ ਟੂਰਨਾਮੈਂਟ ਜਾਂ ਕਸ਼ਤੀ ਦੰਗਲ ਹੋਵੇ,ਖੂਨਦਾਨ ਕੈਂਪ,ਕਿਸੇ ਲੋੜਵੰਦ ਵਿਅਕਤੀਅ ਦੇ ਇਲਾਜ ਲਈ,ਧਾਰਮਿਕ ਸਥਾਨਾਂ ਆਦਿ ਲਈ ਹਰ ਸਮੇ ਇਸ ਦਾਨੀ ਪਰਵਾਰ ਵੱਲੋ ਵਧ ਚੜ੍ਹ ਕੇ ਸਹਿਯੋਗ ਦਿੱਤਾ ਜਾਂਦਾ ਹ। ਨਗਰ ਪਿੰਡ ਓਇੰਦ ਦੇ ਹਰੇਕ ਸਰਬ ਸਾਂਝੇ ਸਮਾਗਮਾਂ ਵਿੱਚ ਇਸ ਪਰਿਵਾਰ ਦੇ ਵੱਡੇ ਯੋਗਦਾਨ ਹੁੰਦੇ ਹਨ।

ਇਸੇ ਤਰ੍ਹਾਂ ਇਹਨਾਂ ਦੇ ਸਾਥੀ ਅਮਰਜੀਤ ਸਿੰਘ ਕਾਲਾ ਯੂ ਐਸ ਏ ਦੇ ਵੀ ਵੱਡੇ ਸਹਿਯੋਗ ਹੁੰਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਬਹਾਦਰ ਸਿੰਘ ,ਮੇਜਰ ਸਿੰਘ ਨੰਬਰਦਾਰ,ਹਰਜਿੰਦਰ ਸਿੰਘ,ਅਸਵੀਰ ਆਸ਼ੂ ਮਹਿਰਾ, ਸਕਿੰਦਰ ਸਿੰਘ ਭਗਤ, ਰਣਜੀਤ ਸਿੰਘ, ਧਰਮਿੰਦਰ ਸਿੰਘ, ਕਾਲਾ ਸਿੰਘ ਆਦਿ ਹਾਜ਼ਰ ਸਨ।

# ਐਚ ਆਈ ਐਮ ਟੀ ਕਾਲਜ 'ਚ ਇਨਾਮ ਵੰਡ ਸਮਾਰੋਹ ਕਰਵਾਇਆ

**ਟਾਂਡਾ ਉੜਮੜ (ਓਂਕਾਰ ਸਿੰਘ ਜਸਵਿੰਦਰ ਸੰਧੂ)**

ਐਚ.ਆਈ.ਐਮ.ਟੀ. ਕਾਲਜ ਟਾਂਡਾ ਵਿੱਚ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਅਲੱਗ ਅਲੱਗ ਕੋਰਸਾਂ ਦੇ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਕਾਲਜ ਦੀ ਕਮੇਟੀ ਵਲੋਂ ਇਨਾਮ ਦੇ ਕੇ ਵਿਦਿਆਰਥੀਆ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ 31 ਵਿਦਿਆਰਥੀਆ ਨੂੰ ਸਨਮਾਨਿਤ ਕੀਤਾ ਗਿਆ , ਬੀ.ਸੀ.ਏ. ਪਹਿਲੇ ਸਮੈਸਟਰ ਵਿੱਚ ਪ੍ਰੀਕਸ਼ਾ ਧੀਰ ਨੇ 8.80 ਪ੍ਰਾਪਤ ਕਰਕੇ ਪਹਿਲਾ ਸਥਾਨ , ਅਮਰਜੀਤ ਨੇ 7.92 ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਹਰਦੀਪ ਕੌਰ 7.84 ਹਾਸਿਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ, ਬੀ.ਕੌਮ.(ਐਚ.) ਪਹਿਲੇ ਸਮੈਸਟਰ ਵਿਚ ਨਵਨੀਤ ਕੌਰ ਨੇ 8.40 ਪ੍ਰਾਪਤ ਕਰਕੇ ਪਹਿਲਾ ਸਥਾਨ , ਰਾਜਿੰਦਰ ਕੌਰ ਨੇ 8.16 ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਹੀਨਾ ਕੁਮਾਰੀ 7.32 ਹਾਸਿਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ, ਬੀ. ਐਸ .ਸੀ.( ਆਈ. ਟੀ.) ਪਹਿਲੇ ਸਮੈਸਟਰ ਵਿਚ ਜੋਨਬ ਖਾਤੂੰਨ ਨੇ 8.32 ਪ੍ਰਾਪਤ ਕਰਕੇ ਪਹਿਲਾ ਸਥਾਨ , ਅਗਮਪ੍ਰੀਤ ਕੌਰ ਨੇ 8.28 ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਅਕਾਸ਼ਦੀਪ ਸਿੰਘ 8.08 ਹਾਸਿਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ,ਪੀ ਜੀ ਡੀ ਸੀ ਏ ਪਹਿਲੇ ਸਮੈਸਟਰ ਵਿਚ ਅਮਨਜੋਤ ਨੇ 8.00 ਹਾਸਿਲ ਕਰਕੇ ਪਹਿਲਾਂ ਸਥਾਨ , ਸਿਮਰਨ ਨੇ 7.95 ਹਾਸਿਲ ਕਰਕੇ ਦੂਸਰਾ ਸਥਾਨ, ਆਰਤੀ ਨੇ 7.54 ਹਾਸਿਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ, ਬੀ.ਸੀ. ਏ. ਤੀਜੇ ਸਮੈਸਟਰ ਨੰਦਿਨੀ ਨੇ 8.57 ਹਾਸਿਲ ਕਰਕੇ ਪਹਿਲਾ ਸਥਾਨ, ਹਰਦੀਪ ਕੌਰ ਨੇ 8.43 ਹਾਸਿਲ ਕਰਕੇ ਦੂਸਰਾ ਸਥਾਨ, ਗਗਨਦੀਪ ਕੌਰ ਨੇ 8.04 ਹਾਸਿਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ, ਬੀ. ਐਸ .ਸੀ.( ਆਈ. ਟੀ.) ਤੀਸਰੇ ਸਮੈਸਟਰ ਵਿਚ ਵਰਸਾ ਨੇ 8.78 ਹਾਸਿਲ ਕਰਕੇ ਪਹਿਲਾ ਸਥਾਨ , ਦੀਪਤੀ ਨੇ 8.26 ਹਾਸਿਲ ਕਰਕੇ ਦੂਸਰਾ ਸਥਾਨ, ਹਰਸਦੀਪ ਕੌਰ ਨੇ 8.22 ਹਾਸਿਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ, ਬੀ.ਕੌਮ.(ਐਚ.) ਤੀਸਰੇ ਸਮੈਸਟਰ ਵਿਚ ਚਰਨਜੀਤ ਸਿੰਘ ਅਤੇ ਸੋਨੂੰ ਨੇ 7.19 ਹਾਸਿਲ ਕਰਕੇ ਪਹਿਲਾ ਸਥਾਨ, ਹਰਦੀਪ ਕੌਰ ਨੇ 6.85 ਹਾਸਿਲ ਕਰਕੇ ਦੂਸਰਾ ਸਥਾਨ, ਅਨਮੋਲ ਕੌਰ ਨੇ 6.63 ਹਾਸਿਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ, ਬੀ.ਸੀ. ਏ ਪੰਜਵੇਂ ਸਮੈਸਟਰ ਵਿਚ ਨੇਹਾ ਨੇ 8.52 ਹਾਸਿਲ ਕਰਕੇ ਪਹਿਲਾ ਸਥਾਨ, ਅਕਵਿੰਦਰ ਕੌਰ ਨੇ 8.26 ਹਾਸਿਲ ਕਰਕੇ ਦੂਸਰਾ ਸਥਾਨ, ਕੋਮਲ ਅਤੇ ਪਰਵੀਨ ਕੌਰ ਨੇ 8.00 ਹਾਸਿਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ, ਬੀ. ਐਸ .ਸੀ.( ਆਈ. ਟੀ.) ਪੰਜਵੇਂ ਸਮੈਸਟਰ ਵਿਚ ਨਵਰਤ ਕੌਰ ਨੇ 8.96 ਹਾਸਿਲ ਕਰਕੇ ਪਹਿਲਾ ਸਥਾਨ, ਜਸਪ੍ਰੀਤ ਕੌਰ ਨੇ 8.87 ਹਾਸਿਲ ਕਰਕੇ ਦੂਸਰਾ ਸਥਾਨ, ਸ਼ਰਨਜੀਤ ਕੌਰ ਨੇ 8.35 ਹਾਸਿਲ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ, ਬੀ.ਕੌਮ.(ਐਚ.) ਪੰਜਵੇਂ ਸਮੈਸਟਰ ਵਿਚ ਸੁਨੈਨਾ ਨੇ 8.28 ਹਾਸਿਲ ਕਰਕੇ ਪਹਿਲਾ ਸਥਾਨ, ਰਮਨਪ੍ਰੀਤ ਕੌਰ ਨੇ 7.80 ਹਾਸਿਲ ਕਰਕੇ ਦੂਸਰਾ ਸਥਾਨ ਪ੍ਰਾਪਤ ਕੀਤਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੰਸਥਾ ਦੇ ਚੇਅਰਮੈਨ ਰੋਹਿਤ ਟੰਡਨ ਨੇ ਬੱਚਿਆਂ ਨੂੰ ਹੋਰ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ।




# ਨਵਜੋਤ ਕੌਰ ਕਾਰਜਕਾਰਨੀ ਮੈਂਬਰ ਨਿਯੁਕਤ

**ਫਿਲੌਰ, (ਨਿਰਮਲ)-** ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਪਵਾਰ ਨੇ ਦੱਸਿਆ ਕਿ ਵਿਧਾਨ ਸਭਾ ਆਦਮਪੁਰ ਦੇ ਪਿੰਡ ਪੰਡੋਰੀ ਨਿਜਰਾਂ ਦੀ ਮੈਡਮ ਨਵਜੋਤ ਕੌਰ ਵੱਲੋਂ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਜ਼ਿਲ੍ਹਾ ਜਲੰਧਰ ਦਿਹਾਤੀ ਦਾ ਕਾਰਜਕਾਰਨੀ ਮੈਂਬਰ ਨਿਯੁਕਤ ਕੀਤਾ ਹੈ। ਪਵਾਰ ਨੇ ਕਿਹਾ ਕਿ ਮਹਿਲਾਵਾਂ ਦਾ ਪਾਰਟੀ ਦੇ ਕੰਮਾਂ ਪ੍ਰਤੀ ਵੱਧ ਰਿਹਾ ਸਹਿਯੋਗ ਹੀ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਨੂੰ ਵਧਾ ਸਕਦਾ ਹੈ। ਇਸ ਮੌਕੇ ਮੈਡਮ ਨਵਜੋਤ ਕੌਰ ਨੇ ਕਿਹਾ ਕਿ ਮੈਨੂੰ ਪਾਰਟੀ ਵਿੱਚ ਬਣਦਾ ਸਤਿਕਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਅੱਗੇ ਤੋਂ ਵੀ ਪਾਰਟੀ ਲਈ ਪੂਰੀ ਤਨਦੇਹੀ ਨਾਲ ਸੇਵਾਵਾਂ ਨਿਭਾਉਣਗੇ।



# ਇਨੋਸੈਂਟ ਹਾਰਟਸ ਗਰੁੱਪ ਦੇ ਸਕੂਲ ਆਫ਼ ਇਨਫਰਮੇਸ਼ਨ ਟੈਕਨਾਲੋਜੀ ਵੱਲੋਂ ਫਾਇਰਬੇਸ ਵਿਸ਼ੇ 'ਤੇ ਸੈਸ਼ਨ

**ਜਲੰਧਰ (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸਕੂਲ ਆਫ਼ ਇਨਫਰਮੇਸ਼ਨ ਟੈਕਨਾਲੋਜੀ ਨੇ ਫਾਇਰਬੇਸ ਵਿਸ਼ੇ 'ਤੇ ਇੱਕ ਸੈਸ਼ਨ ਦਾ ਆਯੋਜਨ ਕੀਤਾ। ਸੈਸ਼ਨ ਦਾ ਸਰੋਤ ਵਿਅਕਤੀ ਕੈਂਪਸ ਦੀ ਮਾਹਿਰ ਅਲੂਮਨਾ ਮਿਸ ਲਵਲੀਨ ਕੌਰ (ਸਾਫਟਵੇਅਰ ਇੰਜੀਨੀਅਰ, ਐਸਟ੍ਰੋਟਾਲਕ, ਨੋਇਡਾ) ਸਨ। ਸੈਸ਼ਨ ਦੀ ਸ਼ੁਰੂਆਤ ਸਹਾਇਕ ਪ੍ਰੋ.ਪ੍ਰਿੰਸ ਕਾਤਰਲ ਵਲੋਂ ਸਵਾਗਤੀ ਭਾਸ਼ਣ ਨਾਲ ਹੋਈ। ਮਿਸ ਲਵਲੀਨ ਨੇ ਵਿਦਿਆਰਥੀਆਂ ਨੂੰ ਵੈੱਬ ਅਤੇ ਮੋਬਾਈਲ ਐਪਲੀਕੇਸ਼ ਡਿਵੈਲਪਮੈਂਟ ਵਿੱਚ ਰੀਅਲ-ਟਾਈਮ ਡੇਟਾਬੇਸ ਦੀ ਭੂਮਿਕਾ ਅਤੇ ਲੋੜਾਂ ਤੋਂ ਜਾਣੂ ਕਰਵਾਇਆ। ਉਸਨੇ ਗੇਮਿੰਗ ਅਤੇ ਹੋਰ ਐਪਲੀਕੇਸ਼ਨਾਂ ਨੂੰ ਵਿਕਸਤ ਕਰਨ, ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਮੋਬਾਈਲ ਐਪਲੀਕੇਸ਼ਨਾਂ ਦੇ ਵਿਕਾਸ ਦਾ ਵਿਸ਼ਲੇਸ਼ਣ ਕਰਨ ਵਿੱਚ ਫਾਇਰਬੇਸ ਦੀਆਂ ਬਹੁ-ਅਨੁਸ਼ਾਸਨੀ ਸੇਵਾਵਾਂ ਤੇ ਧਿਆਨ ਦਿੱਤਾ। ਮਿਸ ਲਵਲੀਨ ਨੇ ਫੋਇਰਬੇਸ ਵਿੱਚ ਰੀਅਲ ਟਾਈਮ ਡੇਟਾਬੇਸ ਬਣਾਉਣ ਅਤੇ ਸੰਭਾਲਣ ਦਾ ਪ੍ਰੈਕਟੀਕਲ ਸੈਸ਼ਨ ਦਿੱਤਾ ਸੈਸ਼ਨ ਅਸਲ ਵਿੱਚ ਇੰਟਰਐਕਟਿਵ ਸੀ ਅਤੇ ਵਿਦਿਆਰਥੀਆਂ ਨੇ ਮਾਹਿਰ ਤੋਂ ਆਪਣੇ ਸਵਾਲ ਵੀ ਪੁੱਛੇ।ਮਿਸ ਲਵਲੀਨ ਨੇ ਆਪਣੇ ਪੇਸ਼ੇਵਰ ਅਤੇ ਅਕਾਦਿਮਕ ਸਫ਼ਰ ਨੂੰ ਵਿਦਿਆਰਥੀਆਂ ਨਾਲ ਸਾਂਝਾ ਕਰਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਐਸਟ੍ਰੋਟਾਲਕ, ਨੋਇਡਾ ਵਿਖੇ ਸੌਫਟਵੇਅਰ ਇੰਜੀਨੀਅਰ ਦੀ ਨੌਕਰੀ ਦੀ ਭੂਮਿਕਾ ਦੇ ਨਾਲ, ਲਵਲੀਨ ਜੀ ਡੀ ਜੀ, ਚੰਡੀਗੜ ਦੀ ਕੋਰ ਟੀਮ ਮੈਂਬਰ ਅਤੇ ਐਂਡਰਾਇਡ ਐਜੂਕੇਟਰ ਕਿਮਊਨਿਟੀ ਇੰਡੀਆ ਵਿਖੇ ਐਂਡਰੌਇਡ ਐਜੂਕੇਟਰ ਵਜੋਂ ਵੀ ਨਿਯੁਕਤ ਹਨ। ਜਿਸ ਨੇ ਵਿਦਿਆਰਥੀਆਂ ਨੂੰ ਪਾਠਕ੍ਰਮ ਅਤੇ ਪਾਠਕ੍ਰਮ ਤੋਂ ਵਾਧੂ ਗਤੀਵਿਧੀਆਂ ਨੂੰ ਇਕੱਠੇ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਉਤਸ਼ਾਹਿਤ ਕੀਤਾ। ਡਾ. ਸ਼ੈਲੇਸ਼ ਤ੍ਰਿਪਾਠੀ (ਡਾਇਰੈਕਟਰ) ਨੇ ਆਪਣਾ ਕੀਮਤੀ ਗਿਆਨ ਅਤੇ ਸਮਾਂ ਵਿਦਿਆਰਥੀਆਂ ਨਾਲ ਸਾਂਝਾ ਕਰਨ ਲਈ ਮਾਨਮੱਤੇ ਅਲੂਮਨਾ ਵਿਦਿਆਰਥੀ ਮਿਸ ਲਵਲੀਨ ਦਾ ਧੰਨਵਾਦ ਕੀਤਾ।

